ਜੈਸ [illegible] ਬਿਲਲਕਤ [illegible] ਦੇਖ ਬੁਧਾਨ ਜੀ ਦੇਖੀ ਤਾ ਹਰੈ । [illegible]
[illegible] ਕੀ ਪ੍ਰਤਿਪਾਲ ਕਰੈ ਨਿਤ ਸੰਤ ਉਧਾਰ ਗਨੀਮਨ [illegible] ।

(ਗਉੜੀ [illegible])

ਐਸੇ ਗੁਰ (ਪੂਜਨੀਕ), (ਮੁਖਿ) ਮਿਹਮਣੀ ਵਾਹਗੁਰੂ ਨੇ ਆਪ ਹੀ ਮ੍ਰਯੰ ਅਵਤਾਰ ਧਾਰਕੇ ਅਨੇਕ ਰੰਗਾਂ ਦੀ ਲੀਲਾ ਕਰੀ ॥

ਗੁਰੂ ਗੋਬਿੰਦ ਔ ਗੋਬਿੰਦ ਗੁਰੂ ਏਕ ਮੇਕ
ਉਤਪੋਤਿ ਸੂਤ੍ਰ ਗਤਿ ਅੰਬਰ ਉਚਾਰਕੈ ॥੨੦॥੫੪॥

(ਗੋਬਿੰਦ) ਵਾਹਗੁਰੂ ਪੂਜਨੀਕ ਜਗਤ ਦਾ ਸਰੂਪ ਹੈ, ਅਤੇ ਜਗਤ [illegible] ਗੁਰੂ ਪੂਜਨੀਕ ਦਾ ਸਰੂਪ ਹੈ ਏਹ ਦੋਵੇਂ ਏਕ ਮੇਕ ਅਭੇਦ ਰੂਪ ਹਨ ਭਾਵ [illegible] ਗੁਰੂ ਸੰਸਾਰ ਵਿਚ (ਮੇਕ) ਮਿਲਿਆ ਹੋਇਆ ਹੈ ਅਤੇ ਸੰਸਾਰ ਵਾਹਿਗੁਰੂ [illegible] ਮਿਲਿਆ ਹੋਇਆ ਹੈ ਭਾਵ ਅਭੇਦ ਇਕ ਹੀ ਰੂਪ ਹੈ ਜੈਸੇ (ਓਤ ਪੋਤਿ) ਅੰਦਰ ਬਾਹਿਰ (ਸੂਤ੍ਰ) ਤਾਣੇ ਵਿਚ ਪੇਟਾ ਤੇ ਪੇਟੇ ਵਿਚ ਤਾਣਾ (ਗਤਿ) ਮਿਲਿਆ ਹੋਇਆ ਹੈ ਉਸਦਾ ਨਾਮ (ਅੰਬਰ) ਕਪੜਾ ਉਚਾਰਨ ਕਰੀਦਾ ਹੈ।

ਨੋਟ— ਇਹ ਸਾਰਾ ਅਰਥ ਕਿਤੋਂ ਲਿਖੀਦਾ ਹੈ ਅਗੇ ਅਰਥ [illegible] ਕਰਦੇ ਹੈਨ। ਆਪ ਆਖਦੇ ਹੈਨ ਕਿ ਅਸਾਂ ਨੇ ਜੋ ਵਾਹਿਗੁਰੂ ਪਿਛਲੇ [illegible] ਵਿਚ ਸਾਰੇ ਰਮਿਆ ਹੋਇਆ ਕਿਹਾ ਸੀ ਓਸੇ ਹੀ ਪ੍ਰਮਾਤਮਾਂ ਨੇ ਆਪਣੇ ਆਪ [illegible] ਆਪ ਗੁਰੂ ਨਾਨਕ ਰੂਪ ਸਾਜਣਾ ਕੀਤਾ ਹੈ ਭਾਵ ਓਹੋ ਹੀ ਵਾਹਿਗੁਰੂ ਗੁਰੂ [illegible] ਨਕ ਰੂਪ ਹੈ ਅਤੇ ਆਪ ਹੀ ਨਾਮ ਉਸਦਾ ਰਖਿਆ ਹੈ ਭਾਵ ਆਪ ਹੀ ਉਪਦੇਸ਼ [illegible] ਹੈ ਅਤੇ ਆਪ ਹੀ ਉਸ ਉਪਦੇਸ਼ ਦੀ ਵਿਚਾਰ ਕਰਦਾ ਹੈ [illegible] ਕਿ ਜੋ ਅਧਿਕਾਰੀ ਉਪਦੇਸ਼ ਦਾ ਹੋਵੇ ਉਸਨੂੰ ਉਪਦੇਸ਼ ਦੇਣ ਦੀ ਸੋਚ ਕਰਦਾ [illegible] (ਨਾਦਿ) ਪਹਲੇ ਜੋ ਵਾਹਿਗੁਰੂ ਸੀ ਓਹੋ ਹੀ ਦੂਜਾ ਨਾਮ ਆਪਣਾ ਗੁਰੂ ਨਾਨਕ [illegible] ਕਹਾਇਆ ਅਤੇ (ਏਕ ਮੇਕ) ਅਭੇਦ ਰੂਪ ਭਾਵ ਦੋਵੇਂ ਹੀ ਇਕ [illegible] ਹੋਕੇ ਮਿਲਗਏ। ਅਤੇ ਗੁਰੂ ਨਾਨਕ ਜੀ ਨੇ ਆਪ ਹੀ (ਅਕਾਰ) [illegible] ਧਾਰਨ ਕੀਤੇ (ਓਅੰਕਾਰ) ਸਰਗੁਨ ਰੂਪ (ਗੁਰਮੁਖਿ) ਗੁਰੂ ਨਾਨਕ ਜੋ ਹੈ ਆਪ (ਨਾਦਿ) ਸਬਦ, ਉਪਦੇਸ਼ ਅਧਿਕਾਰੀ ਨੂੰ (ਬੇਦ) ਜਾਣਦੇ ਹਨ ਭਾਵ ਕੀ [illegible] ਜਾਣਦੇ ਹੈਨ ਕਿ ਏਹ ਸਿਖ ਸਿਖਿਆ ਦੇ ਜੋਗ ਹੈ ਅਤੇ ਇਹ ਅਜੇ [illegible] ਸਿਖਾਂ ਦੀ ਰਸਤੇ ਨਾਮ ਦੇ ਪਾਈਏ ਇਹ ਭੇਦ ਸਭ ਗੁਰੂ ਨਾਨਕ ਜੀ ਜਾਣਦੇ ਹੈਨ ਅਤੇ ਇਹ ਜੋ ਗੁਰੂ ਨਾਨਕ ਜੀ ਨੇ ਭੀ ਅਵਤਾਰ ਧਾਰਕੇ ਦਾ ਦਸ ਅਵਤਾਰ [illegible] ਸਰੂਪ ਗੁਰਾਂ ਦੀ ਲੀਲਾ ਕੀਤੀ ਸੋ ਲੀਲਾ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ [illegible], ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਜਨਮ ਸਾਖੀ ਆਦਿਕ ਪੁਸਤਕਾਂ ਵਿਚ ਲਿਖੀ ਹੋਈ ਹੈ। ਗੁਰੂ ਨਾਨਕ ਜੀ ਵਾਹਿਗੁਰੂ ਦਾ ਰੂਪ ਹੈਨ ਅਤੇ ਵਾਹਿਗੁਰੂ ਗੁਰੂ ਨਾਨਕ ਜੀ ਦਾ ਸਰੂਪ ਹੈ (ਏਕ ਮੇਕ) ਅਭਿੰਨ [illegible] ਹੈ ਭਾਵ ਆਪੇ [illegible]

ਦੀ ਦੋਵੇਂ ਮਿਲੇ ਹੋਏ ਰੰਗ ਜੈਸੇ (ਇਸ ਪ੍ਰੀਤਿ) ਅੰਦਰ ਪਹਿਤ (ਗੁਰੂ) ਭਾਈ ਪੋਨ (ਗਤ) ਮਿਲਿਆ ਗਿਆਨ ਹੁੰਦਾ ਹੈ ਉਸਦਾ ਨਾਮ ਕਥਨਾ ਉਚਾਰਨ ਕਰਦੇ ਹਨ ਇਸ ਤਰ੍ਹਾਂ ਗੁਰੂ ਨਾਨਕ ਜੀ ਵਾਹਿਗੁਰੂ ਅਤੇ ਵਾਹਿਗੁਰੂ ਰੂਪ ਗੁਰੂ ਨਾਨਕ ਜੀ ਹੈ ॥ ੨੦ ॥ ੫੪ ॥

ਜੈਸੇ ਬੀਜ ਬੋਏ ਹੋਤ ਬਿਰਖ ਬਿਥਾਰ ਗੁਰੁ
ਪੂਰਨ ਬ੍ਰਹਮ ਨਿਰੰਕਾਰ ਏਕੰਕਾਰ ਹੈ।

ਅਬ ਆਪ ਆਖਦੇ ਹਨ ਕਿ ਗੁਰੂ ਨਾਨਕ ਜੀ ਨੂੰ ਤੁਸਾਂ ਵਾਹਿਗੁਰੂ ਰੂਪ ਕਿਸ ਤਰ੍ਹਾਂ ਕਰ ਦਿੱਤਾ ਜਿਸ ਪਰ ਦ੍ਰਿਸ਼ਟਾਂਤ ਦੇਂਦੇ ਹਨ। ਜੈਸੇ ਬੀਜ ਨੂੰ (ਬੋਏ) ਬੀਜੀਏ ਤਾਂ ਬਹੁਤ ਸਾਰੇ ਬ੍ਰਿਛਾਂ ਦਾ (ਬਿਥਾਰ) ਪੈਦਾਇਸ਼ ਫੈਲਾਉ ਹੋ ਜਾਂਦਾ ਹੈ ਭਾਵ ਇਕ ਬੀਜ ਬੀਜਣ ਨਾਲ ਬਹੁਤ ਬ੍ਰਿਛ ਹੋ ਜਾਂਦੇ ਹਨ ਜੈਸੇ (ਪੂਰਨ) ਵਾਹਿਗੁਰੂ ਜੀ ਅਤੇ ਪਾਰ ਅਸਗਾਹ ਰੂਪ ਬ੍ਰਿਛ ਗੁਰੂ ਨਾਨਕ ਜੀ ਹੋਏ ਭਾਵ (ਬੀਜ) ਵਾਹਿਗੁਰੂ ਅੰਦਰ (ਗੁਰੂ) ਗੁਰੂ ਨਾਨਕ ਜੀ ਹੋਏ। ਫਿਰ ਆਪ ਆਖਦੇ ਹਨ ਕਿ ਪੂਰਨ (ਬ੍ਰਹਮ) ਵਾਹਿਗੁਰੂ ਸਾਰੇ ਪੂਰਿਆ ਹੋਇਆ ਜੋ (ਨਿਰੰਕਾਰ) ਰੂਪ ਹੈ ਤਿਸੇ ਨੇ ਹੀ (ਏਕੰਕਾਰ) ਗੁਰੂ ਨਾਨਕ ਰੂਪ ਧਾਰਨ ਕੀਆ ਹੈ।

ਜੈਸੇ ਏਕ ਬਿਰਖ ਸੈਂ ਹੋਤ ਹੈਂ ਅਨੇਕ ਫਲ
ਤੈਸੇ ਗੁਰੁ ਸਿਖ ਸਾਧ ਸੰਗਤਿ ਅਕਾਰ ਹੈ।

ਅਬ ਆਪ ਆਖਦੇ ਹਨ ਕਿ ਜੋ ਤੁਸਾਂ ਨੇ ਬ੍ਰਿਛ ਬਣਾਇਆ ਅਤੇ ਬ੍ਰਿਛ ਦੀ ਨਿਆਈਂ ਗੁਰੂ ਨੇ ਰੂਪ ਧਾਰਨ ਕੀਤਾ ਤਾਂ ਤੇ ਬ੍ਰਿਛ ਦਾ ਫਲ ਵੀ ਚਾਹੀਏ ਤਿਸ ਪਰ [illegible] ਕਰਦੇ ਹਨ। "ਜੈਸੇ ਇਕ ਬ੍ਰਿਛ ਤੋਂ ਅਨੇਕਾਂ ਹੀ ਫਲ ਹੁੰਦੇ ਹਨ" ਇਸੀ ਤਰ੍ਹਾਂ ਜੋ ਗੁਰਾਂ ਦੀ ਸਿਖਿਆ ਲੈਣ ਵਾਲੀ ਸਾਧ ਸੰਗਤ ਹੈ ਇਹ ਇਕ (ਆਕਾਰ) ਫਲ ਹੈ ਭਾਵ (ਬੀਜ) ਵਾਹਗੁਰੂ ਹੈ (ਬ੍ਰਿਛ) ਗੁਰੂ ਨਾਨਕ ਹੈ (ਫਲ) ਸਾਧ ਸੰਗਤ ਹੈ ॥

ਦਰਸ ਧਿਆਨ ਗੁਰੁ ਸਬਦ ਗਿਆਨ ਗੁਰ
ਨਿਰਗੁਨ ਸਰਗੁਨ ਬ੍ਰਹਮ ਬੀਚਾਰ ਹੈ।

ਜੇਹੜਾ ਗੁਰਾਂ ਦਾ ਦਰਸ਼ਨ ਕਰਨਾ ਹੈ ਏਹ ਇਕ (ਸਰਗੁਨ) ਵਾਹਿਗੁਰੂ ਦਾ ਧਿਆਨ ਧਰਨਾ ਹੈ ਅਤੇ ਜੇਹੜਾ ਗੁਰਾਂ ਦੇ (ਸ਼ਬਦ) ਉਪਦੇਸ਼ ਦਾ ਗਿਆਨ ਹੈ ਇਹ ਇਕ ਬੀਚਾਰ (ਬ੍ਰਹਮ) ਵਿਆਪਕ ਮਿਲੇ ਹੋਏ (ਨਿਰਗੁਨ) ਵਾਹਿਗੁਰੂ ਦਾ ਹੈ ਭਾਵ ਜੋ ਗੁਰਾਂ ਦਾ ਦਰਸ਼ਨ ਕਰਨਾ ਅਤੇ ਉਪਦੇਸ਼ ਸੁਨਕਰ ਗਿਆਨ ਹੋਣਾ ਏਹ ਨਿਰਗੁਨ ਸਰਗੁਨ ਵਾਹਿਗੁਰੂ ਦਾ ਬੀਚਾਰ ਹੈ ॥

ਗਿਆਨ ਧਿਆਨ ਬ੍ਰਹਮ ਸਥਾਨ ਸਾਵਧਾਨ ਸਾਧ
ਸੰਗਤਿ ਪ੍ਰਸੰਗ ਪ੍ਰੇਮ ਭਗਤਿ ਉਧਾਰ ਹੈ॥੨॥੫੫॥

ਆਪ ਆਖਦੇ ਹਨ ਕਿ ਸਾਧ ਸੰਗਤ ਜੋ ਅਸਥਾਨ ਹੈ ਤਿਸ ਵਿਚ (ਬ੍ਰਹਮ) ਵਾਹਿਗੁਰੂ ਦੇ ਗਿਆਨ ਧਿਆਨ ਦਾ ਪ੍ਰਸੰਗ ਜੋ ਸਾਵਧਾਨ ਹੋਕੇ ਪ੍ਰੇਮ ਪੂਰਬਕ ਜੋ ਭਗਤ ਕਰਦੇ ਨੇ ਇਸੇ ਵਾਸਤੇ ਉਨ੍ਹਾਂ ਦਾ ਸਗਤ ਉਤੋਂ ਉਧਾਰ ਹੁੰਦਾ ਹੈ ਭਾਵ ਜੋ ਸਾਧ ਸੰਗਤ ਵਿਚ ਗੁਰਮੁਖ ਮਿਲਕੇ ਅਤੇ ਤਿਆਰ ਬਰ ਤਿਆਰ ਹੋਕੇ ਨਾਮ ਜਪਦੇ ਨੇ ਤਾਂਤੇ ਉਨ੍ਹਾਂ ਦਾ ਉਧਾਰ ਹੁੰਦਾ ਹੈ ॥੨॥ ੫੫॥

ਫਲ ਮੂਲ ਮੂਲ ਫਲ ਮੂਲ ਫਲ ਫਲ ਮੂਲ
ਆਦਿ ਪਰਮਾਦਿ ਅਰੁ ਅੰਤ ਕੈ ਅਨੰਤ ਹੈ।

ਆਪ ਆਖਦੇ ਹਨ ਕਿ ਬੀਜ ਦੀ ਅਤੇ ਬ੍ਰਿਛ ਦੀ ਅਭੇਦਤਾਈ ਆਪ ਨੇ ਪਿਛੇ ਸੁਣਾਈ ਅਤੇ ਸਾਧ ਸੰਗਤ ਜੋ ਫਲ ਹੈ ਤਿਸਦਾ ਪ੍ਰਸੰਗ ਕਹੋ ਸੋ ਤਿਸਪਰ ਆਖਦੇ ਹਨ ਅਬ ਤੁਸਾਨੂੰ ਅਸੀ ਫਲ ਤੇ ਮੁੱਢ ਦੀ ਅਭੇਦਤਾਈ ਦਸਦੇ ਹਾਂ ਭਾਵ ਕੀਤ ਕਿ ਫਲ ਨਾਲ ਮੁੱਢ ਨੂੰ ਅਤੇ ਮੁੱਢ ਨਾਲ ਫਲ ਨੂੰ ਅਭੇਦ ਕਰਦੇ ਹਾਂ ਸੋ ਤਿਸ ਪਰ ਆਪ ਵਰਨਨ ਕਰਦੇ ਹਨ ਕਿ (ਫਲ) ਗੁਰੂ ਨਾਨਕ ਜੀ ਹੈ ਸੋ ਤਾਂ (ਮੂਲ) ਮੁੱਢ ਅਕਾਲ ਪੁਰਖ ਹੈ ਅਤੇ (ਮੂਲ) ਮੁੱਢ ਦੀ ਨਿਆਈਂ ਜੋ ਅਕਾਲ ਪੁਰਖ ਹੈ ਸੋ ਬ੍ਰਿਛ ਦਾ (ਫਲ) ਗੁਰੂ ਨਾਨਕ ਹੈ ਅਤੇ ਅਗੇ ਜੋ (ਮੂਲ) ਮੁੱਢ ਗੁਰੂ ਨਾਨਕ ਜੀ ਹੈ ਸੋ (ਫਲ) ਸਾਧ ਸੰਗਤ ਰੂਪ ਹੈ ਅਤੇ (ਫਲ) ਸਾਧ ਸੰਗਤ (ਮੂਲ) ਮੁੱਢ ਗੁਰੂ ਨਾਨਕ ਜੀ ਦਾ ਰੂਪ ਹੈ। ਅਬ ਆਪ ਆਖਦੇ ਹਨ ਕਿ ਜਿਸ ਅਕਾਲ ਪੁਰਖ ਨਾਲ ਗੁਰੂ ਨਾਨਕ ਜੀ ਦੀ ਅਭੇਦਤਾਈ ਹੋਈ ਹੈ ਅਤੇ ਜਿਸ ਗੁਰੂ ਨਾਨਕ ਜੀ ਨਾਲ ਸਾਧ ਸੰਗਤ ਦੀ ਅਭੇਦਤਾਈ ਹੋਈ ਹੈ ਉਸ ਵਾਹਿਗੁਰੂ ਦਾ ਵਿਸ਼ੇਸ਼ਣ ਕਹੋ ਕਿ ਓਹ ਕਿਸਤਰਾਂ ਦਾ ਹੈ ਸੋ ਆਪ ਆਖਦੇ ਹਨ ਕਿ ਓਹ ਵਾਹਿਗੁਰੂ ਸਰਬ ਦਾ (ਆਦਿ) ਸਭ ਤੋਂ ਪਹਿਲੇ ਦਾ ਹੈ ਅਤੇ (ਪਰਮਾਦ) ਮਾਯਾ ਤੋਂ ਰਹਿਤ ਵਾ ਕਾਰਜਤਾਈ ਤੋਂ ਰਹਿਤ ਵਾ ਪਰਮ ਉਤ ਕ੍ਰਿਸ਼ਟ ਸਰਬ ਦੀ ਆਦੀ ਵਾ ਮਾਯਾ ਸੇ ਪਰੇ ਹੈ ਅਤੇ ਉਸਦਾ ਅੰਤ ਜੇਕਰ ਲਾਈਏ ਤਾਂ ਅੰਤ ਨਹੀਂ ਲਿਆ ਜਾਂਦਾ ਇਹ ਅਨੰਤ ਹੈ ਵਾ ਕਿਸੇ ਪਾਸੋਂ ਮਰਦਾ ਨਹੀਂ ਹੈ ਅਤੇ ਮਰਨੇ ਤੋਂ ਰਹਿਤ ਹੈ॥

ਪਿਤ ਸੁਤ ਸੁਤ ਪਿਤ ਸੁਤ ਪਿਤ ਪਿਤ ਸੁਤ
ਉਤਪਤਿ ਗਤਿ ਅੰਤ ਸੂਤ੍ਰ ਮੂਲ ਮੰਤ ਹੈ।

ਪਿਛਲੀ ਸੰਗਤੀ ਸੋ ਫਿਰ ਪ੍ਰਗਟ ਕਰਦੇ ਹਨ ਆਪ ਆਖਦੇ ਹਨ ਕਿ

(ਪਿਤ) ਅਕਾਲ ਪੁਰਖ ਜੋ ਹੈ ਸੋ ਭੀ (ਸੁਤ) ਗੁਰੂ ਨਾਨਕ ਜੀ ਹੈ। ਜਿਸ ਪਰ ਪ੍ਰਮਾਣ ਗੁਰੂ ਜੀ ਨੇ ਆਪਣੇ ਪ੍ਰਗਟ ਕਿਹਾ ਭੀ ਹੈ॥ ਗੁਰੂ ੧੦ ॥

ਜੋ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕੋ ਸਾਜਾ॥

ਅਤੇ (ਸੁਤ) ਗੁਰੂ ਨਾਨਕ ਜੀ (ਪਿਤ) ਅਕਾਲ ਪੁਰਖ ਦਾ ਰੂਪ ਹੈ ਅਥਵਾ ਫਿਰ ਸੁਣੋ ਜਿਸ ਗੁਰੂ ਨਾਨਕ ਦਾ ਰੂਪ ਜੋ ਸਾਧ ਸੰਗਤ ਪ੍ਰਭੂ ਹੈ ਓਹ (ਪਿਤੁ) ਗੁਰੂ ਨਾਨਕ ਜੀ ਦਾ ਰੂਪ ਹੈ ਅਤੇ (ਪਿਤਾ) ਜੋ ਗੁਰੂ ਨਾਨਕ ਜੀ ਹੈ ਓਹ (ਸੁਤ) ਸਾਧ ਸੰਗਤ ਹੈ ਐਸੇ ਅਭੇਦਤਾ ਸਾਧ ਸੰਗਤ ਦੀ ਗੁਰੂ ਕੇ ਸਾਥ ਹੋਣ ਕਰਕੇ ਗੁਰੂ ਜੀ ਨੇ ਕਥਨ ਕਿਹਾ ਭੀ ਹੈ ਕਿ ਸਾਧ ਸੰਗਤ ਮੇਰਾ ਰੂਪ ਹੈ ਜਿਸਨੇ ਮੈਨੂੰ ਲਭਣਾ ਹੋਵੇ ਓਹ ਸਾਧ ਸੰਗਤ ਵਿਚੋਂ ਲਭ ਸਕਦਾ ਹੈ ਜੈਸੇ ਸਾਧ ਸੰਗਤਿ ਮਹਿ ਬਸਹਿ ਗੁਪਾਲੁ॥ (ਉਤਪਤਿ) ਉਤਪੰਨ ਹੋਈ ਹੈ ਵ ਪ੍ਰਗਟ ਹੋ (ਗਤਿ) ਹੋਣੀ ਇਹ ਅਭੇਦ ਕਥਨੀ ਵੀ ਹੈ ਸਾਰੀ ਜਿਤਨੀ ਪਹਿਲੇ ਕਰ ਚੁਕੇ ਹਾਂ (ਸਾਰਿ) ਅਰਥ ਕਰਕੇ ਐਸੇ ਸਤਿਗੁਰਾਂ ਦੇ ਮੂਲ ਮੰਤ੍ਰ ਜੋ ਸਹਿਜ ਨਾਮ ਦਾ ਉਪਦੇਸ਼ ਹੈ ਅਭੇਦਤਾ ਦਾ ਉਸਦਾ ਸਾਰਾ (ਗੂੜ੍ਹ) ਗੁਹਜ ਛਪਿਆ ਹੋਇਆ ਹੈ ਭਾਵ ਉਸ ਦਾ ਕੋਈ ਅੰਤ ਨਹੀ ਲੈ ਸਕਦਾ ਹੈ॥

ਪਖਿਵ ਬਸੇਰਾਂ ਕੋ ਨਿਬੇਰਾ ਜੈਸੇ ਨਿਕਸ ਬੈਠ
ਇਤ ਉਤ ਵਾਰ ਪਾਰ ਸਰਿਤਾ ਸਿਧੰਤ ਹੈ।

ਅਬ ਆਪ ਅੰਤ ਦੀ ਪੰਗਤੀ ਵਿਚ ਅਭੇਦਤਾਈ ਦਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਜਿਸ ਤਰਾਂ (ਪਖਵ) ਪੰਛੀ ਬਿਛੀ ਵਿਚ (ਬਸੇਰਾ) ਨਿਵਾਸ ਕਰਦੇ ਭਾਵ ਬੈਠੇ ਵਿਚ ਰਹਿਕੇ ਅਤੇ ਬਾਹਰ ਨਿਕਲ ਬੈਠਦਾ ਹੈ ਭਾਵ ਨਦੀਓਂ ਪਾਰ ਹੋ ਜਾਂਦਾ ਹੈ (ਨਿਬੇਰਾ) ਨਿਬੇੜਕੇ ਨਦੀ ਜਦ ਕੋਈ ਉਸਨੂੰ ਪੁਛੇ ਉਰਲੇ ਬੰਨੇ ਦਾ ਤਾਂ ਓਹ ਆਖਦਾ ਹੈ ਮੈਂ ਪਾਰ ਜਾਣਾ ਹੈ ਅਤੇ ਜੇਕਰ ਕੋਈ ਉਸ ਬੰਨੇ ਵਾਲੇ ਨੂੰ ਪੁਛੇ ਤਾਂ ਓਹ ਆਖਦਾ ਹੈ ਮੈਂ ਪਾਰ ਜਾਣਾ ਹੈ ਭਾਵ ਕੀ ਕਿ ਐਧਰ ਵਾਲੇ ਦੇ ਵਾਸਤੇ ਓਧਰਲਾ ਬੰਨਾ ਪਾਰਦਾ ਹੈ ਅਤੇ ਪਾਰ ਦੇ ਬੰਨੇ ਵਾਲੇ ਵਾਸਤੇ ਉਰਾਰਲਾ ਬੰਨਾਂ ਪਾਰਦਾ ਹੈ ਐਧਰ ਦੇ ਮੁਸਾਫਰ ਆਖਦੇ ਹਨ ਅਸੀਂ ਉਰਾਰ ਖੜੋਤੇ ਹੋਏ ਹਾਂ ਅਸੀਂ ਵੀ ਪਾਰ ਜਾਣਾ ਹੈ ਅਤੇ ਉਧਰ ਦੇ ਭੀ ਆਖਦੇ ਹਨ ਅਸਾਂ ਵੀ ਉਰਾਰ ਖੜੋਤੇ ਹਾਂ ਅਸੀ ਭੀ ਪਾਰ ਜਾਣਾ ਹੈ ਇਸ ਵਾਸਤੇ ਓਹ ਪਾਰ ਉਸਦੇ ਵਾਸਤੇ ਤੇ ਓਹ ਪਾਰ ਉਸਦੇ ਵਾਸਤੇ ਐਸੇ ਹੀ ਮਹਿਮਾ ਨਦੀ ਦਾ (ਸਿਧੰਤ) ਸਿਧਾਂਤ ਵਿਚਾਰ ਕਿ ਆਪਣੇ ਆਪ ਨੂੰ ਇਤ ਦੇ ਵਾਸੀ ਆਪਣੇ ਆਪਨੂੰ ਪਾਰ ਜਾਣਾ ਮੰਨਿਦੇ ਹਨ ਅਤੇ ਉਤ ਦੇ ਵਾਸੀ ਆਪਣੇ ਆਪ ਨੂੰ ਪਾਰ ਹੋਇਆ ਹੋਇਆ ਮੰਨਦੇ ਹਨ ਸੋਈ ਇਹ ਨਦੀ ਆਪਦਾ ਜੋ ਜੋ ਉਰਲੇ ਬੰਨੇ ਹਾਂ ਜਿਗਿਆਸੂਆਂ ਦਾ ਮੰਨਣ ਕਿ ਅਕਾਲ ਪੁਰਖ ਤਾਂ ਗੁਰੂ ਹੈ ਇਹ ਨਦੀ ਦਾ (ਸਿਧੰਤ) ਅਰਥ ਹੈ॥

ਪੂਰਨ ਬ੍ਰਹਮ ਗੁਰੂ ਗੋਬਿੰਦ ਗੋਬਿੰਦ ਗੁਰੂ
ਅਬਿਗਤਿ ਗਤਿ ਸਿਮਰਤ ਸਿਖ ਨਿਤਹੈ ॥੨੨॥ ਪਦ॥

ਪੂਰਨ ਬ੍ਰਹਮ ਜੋ ਵਾਹਿਗੁਰੂ ਦੀ ਨਿਆਈ ਗੁਰੂ ਨਾਨਕ ਜੀ ਹਨ ਸੋਈ ਤਾਂ (ਗੋਬਿੰਦ) ਵਾਹਿਗੁਰੂ ਹੈ ਅਤੇ ਵਾਹਿਗੁਰੂ ਗੁਰੂ ਹੈ ਇਹ ਕੁਝ*(ਅਬਿਗਤ) ਅਸਚਰਜ ਹੀ (ਗਤ) ਰੀਤੀ ਹੈ॥

ਭਾਵ ਜਿਸ ਵਾਹਿਗੁਰੂ ਦੀ ਪਾਸ ਆਖੀ ਗਈ ਨਹੀ ਹੋ ਸਕਦੀ ਐਸਾ ਜੋ ਵਾਹਿਗੁਰੂ ਹੈ ਉਸ ਨੂੰ ਸਿਖ ਅਤੇ ਸਾਧ ਸੰਗਤ ਸਿਮਰਦੇ ਹਨ ਭਾਵ ਨਾਮ ਜਪਦੇ ਹਨ ਸਿਖ ਸਿਖਿਆ ਲੈਣ ਵਾਲੇ ਦਾ ਨਾਮ ਹੈ ਸੋ ਓਹ ਹੀ ਜੋ ਗੁਰੂ ਹੀ ਬਨ ਜਾਵੇ ਭਾਵ ਗੁਰੂ ਦੇ ਸਮਾਨ ॥ ੨੨ ॥ ਪਦ ॥

ਗੁਰਮੁਖ ਪੰਥ ਗਹੇ ਜਮ ਪੁਰ ਪੰਥ ਮੇਟੇ
ਗੁਰ ਸਿਖ ਸੰਗ ਪੰਚ ਦੂਤ ਸੰਗ ਤਜਾਗੇ ਹੈਂ ।

ਅਬ ਆਪ ਉਨਾਂ ਗੁਰ ਸਿਖਾਂ ਦਾ ਬ੍ਰਿਤਾਂਤ ਵਰਨਨ ਕਰਦੇ ਹਨ ਜੋ ਗੁਰੂ ਨਾਲ ਮਿਲਕੇ ਗੁਰੂ ਰੂਪ ਹੋ ਗਏ ਹਨ (ਗੁਰਮੁਖ) ਗੁਰੂ ਜੀ ਸਿਰੋਮਣੀ ਹੈ ਵ ਗੁਰਮੁਖ ਜੋ ਹੈ ਉਨਾਂ ਦਾ (ਪੰਥ) ਰਸਤਾ ਗਹੇ ਪਕੜਨ ਨਾਲ ਜਮਪੁਰੀ ਦਾ ਪੰਥ ਰਸਤਾ (ਮੇਟੇ) ਦੂਰ ਹੋ ਜਾਂਦਾ ਹੈ ਭਾਵ ਖਾਲਸਾ ਪੰਥ ਦੇ ਨਿਯਮ ਜੋ ਹਨ ਉਨਾਂ ਦੇ ਅਨੁਸਾਰ ਚਲਣੇ ਨਾਲ ਜਮ ਦੁਖ ਨਹੀ ਦੇ ਸਕਦਾ ਜੈਸੇ

"ਦੂਰਿ ਰਹੀ ਉਹ ਜਮ ਕੇ ਦੁਆਰ॥"

ਗੁਰਮੁਖ ਉਸ ਰਸਤੇ ਚਲ ਨਹੀ ਜਾਂਦੇ ਹਨ ਅਤੇ ਗੁਰੂ ਦੇ ਸਿਖਾਂ ਦਾ ਸੰਗ ਜੇਕਰ ਕਰੀਏ ਤਾਂ (ਪੰਚ ਦੂਤ) ਪੰਜ ਦੁਸ਼ਮਨ ਜੋ ਕਾਮ ਕ੍ਰੋਧ ਲੋਭ ਮੋਹ ਹੰਕਾਰ ਹੈ ਉਨਾਂ ਨੂੰ ਤਿਆਗਨਾ ਕਰ ਦੇਂਦਾ ਹੈ ਭਾਵ ਇਹਨਾਂ ਦੇ ਨਾਸ ਹੋ ਜਾਂਦੇ ਅਰਥਾਤ ਗੁਰੂ ਦੇ ਸਿਖਾਂ ਦੀ ਸੰਗਤ ਕਰਨੇ ਨਾਲ ਪੰਜ ਕਾਮਾਦੀ ਸੰਗ ਛਡ ਜਾਂਦੇ ਹਨ॥

ਚਰਨ ਸਰਨ ਗੁਰੁ ਕਰਮ ਭਰਮ ਖੋਏ
ਦਰਸ ਅਕਾਲ ਕਾਲ ਕੰਟਕ ਭੈ ਭਾਗੇ ਹੈਂ ।

ਅਤੇ ਜਦ ਗੁਰਾਂ ਦੇ ਚਰਨਾਂ ਦੀ ਸਰਨ ਨੂੰ ਪ੍ਰਾਪਤ ਹੋਏ ਤਾਂ ਕਰਮ ਜੋ (ਭਰਮ) ਸੁਭਾਉਕ ਹਾਨੀ ਹੈਨ ਇਹ (ਖੋਏ) ਦੂਰ ਹੋ ਗਏ ਅਤੇ ਜਦ ਅਕਾਲ

*ਅਬਿਗਤ ਜੋ ਗਤੀ ਅਰਥਾਤ ਵਾਹਿਗੁਰੂ ਦਾ ਜੋ ਕਿਸੇ ਪਾਸ ਆਖੀ ਨਹੀਂ ਜਾ ਸਕਦੀ ਹੈ ਜਾਣੀ ਜਦ ਗੁਰੂ ਵਾਹਿਗੁਰੂ ਹੈ ਦਾ ਅਬਿਗਤ ਦਾ ਅਰਥ ਇਉਂ ਭੀ ਹੈ ਜੋ ਅਸਚਰਜ ਕਰ ਲਿਆ ਹੈ ਉਸਦੀ ਗਤੀ ਜਾਣੀ ਨਹੀਂ ਜਾਂਦੀ ਹੈ॥

ਜੋ ਵਾਹਿਗੁਰੂ ਦਾ ਸਰੂਪ ਹੈ ਕੁਝ ਚਿਰ ਵਿਚ ਉਸ ਦਾ ਦਰਸ਼ਨ ਕਰਾਇਆ (ਦਰਕ) ਗੰਢਿ ਵਾਲੀ ਦੁਖਦਾਈ (ਕਾਲ) ਜਮ ਦਾ (ਭੈ) ਡਰ (ਭਾਗੇ) ਦੌੜ ਗਿਆ ਵਾ ਜਨਮ ਦੁਖਦਾਈ ਦਾ ਡਰ ਭੀ ਦੂਰ ਹੋ ਗਿਆ ਅਤੇ ਜਮਾਂ ਦਾ ਡਰ ਭੀ ਦੂਰ ਹੋ ਗਿਆ ॥

ਸਾਧਨ ਆਪ ਨੇ ਕੰਧੇ ਪਰ ਰੱਖਣਾ ਨਾ ਚਹੀ ਕਿ ਜਿਸ ਤਰ੍ਹਾਂ ਕਰਨੇ ਹੈਂ ਔਰ ਜੋ ਸਾਧਨਾਂ ਦੇ ਫਰਕ ਦੂਰ ਕਰਨੇ ਹਨ ਓਹ ਭੀ ਦੂਰ ਕਰੇ।

ਗੁਰ ਉਪਦੇਸ ਦੇਸ ਬੱਜਰ ਕਪਾਟ ਖੁਲੇ
ਸਬਦ ਸੁਰਤਿ ਮੂਰਛਤ ਮਨ ਜਾਗੇ ਹੈਂ।

ਅਤੇ ਜਦ ਗੁਰਾਂ ਦਾ ਉਪਦੇਸ ਸੁਣਕੇ ਗਿਆਨ ਕੀਤੀ ਵਾ ਧਾਰਨ ਕੀਤਾ ਤੇ ਸੂਰਤ ਪ੍ਰੀਤੀ ਕਰੀ ਤਾਂ (ਮੂਰਛਤ) ਅਵਿਦਿਆ ਸੇ ਮੂਰਛਾ ਗਤ ਹੋਇਆ ਹੋਇਆ ਜੋ ਮਨ ਸੀ ਓਹ (ਜਾਗੇ) ਜਾਗ ਪਿਆ ਭਾਵ ਉਸਨੂੰ ਹੋਸ਼ ਆ ਗਈ ਭਾਵ ਕੀ ਕਿ ਜਦ ਗੁਰਾਂ ਦੇ ਉਪਦੇਸ਼ ਵਿਚ (ਸੁਰਤ) ਪ੍ਰੀਤੀ ਕਰੀ ਤਾਂ ਮਨ ਨੂੰ ਹੋਸ਼ * ਆਈ ॥

ਚਿਤਵਤ ਕਟਾਛ ਕ੍ਰਿਪਾ ਸਰਬ ਨਿਧਾਨ ਪਾਏ
ਜੀਵਨ ਮੁਕਤਿ ਗੁਰ ਗਿਆਨ ਲਿਵ ਲਾਗੇ ਹੈਂ ॥੨੬॥੫੨

ਜਦ ਗੁਰਾਂ ਦਾ ਉਪਦੇਸ਼ ਸੁਣਕੇ ਹੋਸ਼ ਆਈ ਤਾਂ ਗੁਰਾਂ ਨੇ (ਚਿਤਵਤ) ਚਿਤਵਨੀ ਸਹਿਤ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਬਜਰ (ਕਪਾਟ) ਜੋ ਪੱਥਰ ਵਤ ਕਰੜੇ ਤਖਤੇ ਅਗਿਆਨ ਦਾ ਅਵਿਦਿਆ ਦੇ ਸੀ ਸੋ ਖੁਲ ਗਏ ਤਾਂ ਫਿਰ ਗੁਰਾਂ ਦੇ ਗਿਆਨ ਵਿਚ (ਲਿਵ) ਚਿਤ ਬ੍ਰਿਤੀ ਨੂੰ ਲਗਾਇਆ ਸਾਰੇ ਨਿਧਾਨ ਜਿਨ੍ਹਾਂ ਦੇ ਖਜਾਨੇ ਮਿਲਣੇ ਦਾ ਖਾਲਸਾ ਪਰ ਆਪ ਆਖਦੇ ਹਨ ਓਹ ਕੇਹੜੇ ਖਜਾਨੇ ਮਿਲੇ ਸੋ ਉਤਰ ਦੇਂਦੇ ਹਨ ਕਿ ਜੀਵਨ ਮੁਕਤੀ ਦੇ ਖਜਾਨੇ ਮਿਲੇ ਭਾਵ ਸੰਸਾਰ ਵਿਚ ਜੀਉਂਦੇ ਹੀ ਮੁਕਤਿ ਹੋਨ ਭਾਵ ਗੁਹਸਤ ਵਿਚ ਰਹਿਕੇ ਭੀ ਵਾਹਿਗੁਰੂ ਨੂੰ ਮਿਲੇ ਹੋਏ ਹਨ ਪਰ ਆਪ ਆਖਦੇ ਹਨ ਓਹ ਜੀਵਨ ਮੁਕਤੀ ਦੇ ਜੋ ਖਜ਼ਾਨੇ ਹਨ ਉਹਨਾਂ ਨੇ ਕੇਹੜਾ ਖਜਾਨਾ ਪਾਇਆ ਹੈ ਤਾਂ ਅੰਤ ਨੂੰ ਆਖਦੇ ਹਨ ਉਹਨਾਂ ਨੇ ਇਹ ਜੀਵਨ ਮੁਕਤੀ ਪਾਈ ਹੈ ਜੋ (ਸਬਦ) ਵਾਹਿਗੁਰੂ ਦਾ (ਰੂਪ) ਸਰੂਪ ਹੀ ਹੋ ਗਏ ਹਨ ॥ ੨੬ ॥ ੫੨ ॥

---

* ਭਾਈ ਜੋਧਾ ਸਿੰਘ ਆਗਲੀ ਪੰਗਤੀ ਨਾਲ ਸੰਬੰਧ ਰਖਦੇ ਹਨ ਭਾਵ ਅਨੂੰ ਪੂਰਨ ਉਤਰ ਨੂੰ ਅਤੇ ਲਗਾਇਆ ਜਾਵੇ ਤਾਂ ਪੰਗ ਪਿਛਲੇ ਪ੍ਰਸੰਗ ਦੇ ਅਨੁਸਾਰ ਹੀ ॥

ਪਿਛਲੀ ਪੰਗਤੀਆਂ ਦੇ ਅਰਥ ਅਨੂੰ ਦਸਕੇ ਲਗਾਵੇ ਪ੍ਰਸੰਗ ਅਨੁਸਾਰ ਸੁਖੈਨਾ ਹੀ

ਗੁਰਮੁਖਿ ਪੰਥ ਸੁਪ੍ਰਕਾਸ ਸਦਕ ਪੰਥ
ਸਕਲ ਧਰਮ ਗੁਰੂ ਧਰਮ ਅਧੀਨ ਹੈ ।

ਗੁਰਮੁਖਾਂ ਦਾ (ਪੰਥ) ਰਸਤਾ ਭਾਵ ਖਾਲਸਾ ਧਰਮ (ਸੁਪ੍ਰ) ਸ੍ਰੇਸ਼ਟ ਹੈ ਜਿਸਨੂੰ ਸਾਰੇ ਹੀ (ਪੰਥ) ਰਸਤਿਆਂ ਵਾਲੇ ਭਾਵ ਸਭਨਾਂ ਮਤਾਂ ਵਾਲੇ ਜੋਗੀ ਜੈਨੀ ਸੰਨਿਆਸ ਸਰੇਵੜੇ ਗਿਆਨੀ ਦਰਸਨਾਂ ਵਾਲੇ ਚਾਹੁੰਦੇ ਹਨ ਭਾਵ ਜੀ ਕਿ ... ਆਖਦੇ ਹਨ ਕਿ ਇਹ ਖਾਲਸਾ ਧਰਮ ਬਹੁਤ ਅੱਛਾ ਹੈ ਤਾਂ ਤੇ ਕਿਸੇ ਤਰਾਂ ਸਾਨੂੰ ਭੀ ਮਿਲ ਜਾਵੇ ਅਸੀਂ ਭੀ ਸਿਖ ਬਣ ਜਾਈਏ ਅਤੇ ਕੜਾਹ ਪ੍ਰਸ਼ਾਦ ਦੇ ਗੱਫੇ ਲਗਾਇਆ ਕਰੀਏ ਅਤੇ ਸਾਰੇ ਜਿੰਨੇ ਦਰਸਨ ਕਰਨੇ ਹਨ ਇਹ ਗੁਰਾਂ ਦੇ ਦਰ ਸਨ ਦੇ (ਅਧੀਨ) ਅੰਦਰ ਅੰਦਰ ਹੋਣ ਭਾਵ ਜੋ ਸੰਸਾਰ ਉਪਰ ਅਨੇਕਾਂ ਦਰਸ਼ਨਾਂ ਦਾ ਦਰਸਨ ਕਰਨਾ ਹੈ ਇਸ ਨਾਲੋਂ ਗੁਰਾਂ ਦਾ ਦਰਸਨ ਅੱਛਾ ਹੈ ਜੋ ਉਨ੍ਹਾਂ ਦੇ ਅਧੀਨ ਹੋ ਰਹਿਣਾ ਹੈ ਅਥਵਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਖਾਲਸਾ ਧਰਮ ਦਾ ਸ਼ਾਸਤ੍ਰ ਭਾਵ ਦਰਸ਼ਨ ਹੈ ਜਿਸਨੂੰ ਧਰਮ ਸ਼ਾਸਤ੍ਰ ਬੋਲਦੇ ਹੋਣ ਇਹ ਸਾਰਿਆਂ ਗੁਰਾਂ ਦਾ (ਧਰਮ) ਸਰੂਪ ਹੈ ਅਤੇ ਉਸਦੇ (ਅਧੀਨ) ਆਸਰੇ ਵਾ ਅੰਦਰ ਹੀ ਸਾਰੇ ਮੱਤਾਂ ਦੇ ਸ਼ਾਸਤ੍ਰ ਹੋਣ ਭਾਵ ਕੀ ਕਿ ਗੁਰੂ ਗ੍ਰੰਥ ਸਾਹਿਬ ਨਾਲੋਂ ਸਭ ਬੇਦ ਪੁਰਾਣ ਕਤੇਬ ਕੁਰਾਨ ਝੂਠੇ ਹੋਣ ॥

ਸੁਰ ਸੁਰਸਰਿ ਗੁਰ ਚਰਨ ਸਰਨ ਰਹੈ
ਬੇਦ ਬ੍ਰਹਮਾਦਿਕ ਸਬਦ ਲਿਵਲੀਨ ਹੈ ।

(ਸੁਰ) ਦੇਵਤੇ ਭੀ ਅਤੇ (ਸੁਰਸਰਿ) ਦੇਵਤਿਆਂ ਦੀ ਨਦੀ, ਗੰਗਾ ਇਤਯਾਦਿਕ ਸਾਰੇ ਗੁਰਾਂ ਦੇ ਚਰਨਾਂ ਦੀ ਸਰਨ (ਰਹੈ) ਚਾਹੁੰਦੇ ਹਨ ਅਤੇ ਬੇਦ ਅਤੇ ਬ੍ਰਹਮਾ ਤੋਂ ਆਦਿ ਲੈਕਰ ਜਿਤਨੇ ਦੇਵਤੇ ਹੈਂ ਓਹ ਸਭ ਗੁਰਾਂ ਦੇ ਸਬਦ ਉਪਦੇਸ਼ ਵਿਚ (ਲਿਵ) ਲਿਵ ਬ੍ਰਿਤੀ ਵ ਪ੍ਰੀਤੀ ਨੂੰ ਲਗਾਇਕੇ ਕਰ (ਲੀਨ) ਮਸਤ ਹੋਏ ਚਾਹਿੰਦੇ ਹੋਣ ਐਸੀ ਸ੍ਰੇਸ਼ਟਤਾ ਆਖਣੀ ਦੀ ਹੈ ॥

ਸ੍ਰੀ ਗੁਰੂ ਜੀ

ਰਿਧਿ ਸਿਧਿ ਹਉ ਦੇਖਿ ਸਾਧ ਬਹੁਤੇਰੇ ਡਿਠੇ ।
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ।
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ।
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ।
ਹਰਿਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ ਹਉ ਕਿਆ ਕਹਉ ।
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥ ੨੦ ॥

ਸਹਜ ਧਿਆਨ ਗੁਰ ਗਿਆਨ ਅਨੁਭਵਾਦਿਕ ॥

ਸਰਬ ਨਿਧਾਨ ਗੁਰ ਕ੍ਰਿਪਾ ਜਲ ਮੀਨ ਹੈ।

ਸਾਰੇ ਖਜ਼ਾਨਿਆਂ ਦੇ ਗਿਆਨ ਦੇ ਗਿਆਨ (ਅਵਗਾਹਨ) ਵਿਚਾਰਨ ਵਿਚ ਲਗੇ ਰਹਿੰਦੇ ਹੋਨ ਵਾ ਸਾਰੇ ਸਿਧਾਂ ਨੂੰ ਗਿਆਨ ਭਾਵ ਗਿਆਨੀ ਹਨ ਓਹ ਗੁਰਾਂ ਦੇ ਗਿਆਨ ਵਿਚਾਰਨ ਵਿਚ ਲਗੇ ਰਹਿੰਦੇ ਹੋਨ ਓਹ ਆਖਦੇ ਹਨ ਕਿ ਸਾਰਿਆਂ ਗਿਆਨਾਂ ਵਿਚੋਂ ਜੋ ਗੁਰਾਂ ਦਾ ਗਿਆਨ ਵਿਚਾਰਨਾ ਹੈ ਇਹੋ ਹੀ ਗਿਆਨ ਸਭ ਤੋਂ ਚੰਗਾ ਹੈ ਅਤੇ ਸਾਰੇ ਨਿਧਾਨੇ (ਨਿਧਾਨ) ਖਜ਼ਾਨੇ ਹਨ ਭਾਵ ਨਿਧੀਆਂ ਸਿਧੀਆਂ ਆਦਿ ਦੇ ਖਜ਼ਾਨੇ ਕੁਖਜਾਨੇ ਹਨ ਗੁਰਾਂ ਦਾ ਕਿਰਪਾ ਰੂਪੀ ਜੋ ਜਲ ਹੈ ਉਸਦੇ ਅੰਦਰ ਮਛੇ (ਮੀਨ) ਮੱਛ ਬਣੇ ਰਹਿੰਦੇ ਹਨ ਭਾਵ ਸਭ ਗਿਆਨੀਆਂ ਦੇ ਹਨ ਓਹ ਗੁਰਾਂ ਦੇ ਕਿਰਪਾ ਰੂਪੀ ਜਲ ਦੀਆਂ ਮਛੀਆਂ ਹਨ ॥

ਜੋਗੀ ਜੋਗ ਜੁਗਤਿ ਮੈਂ ਭੋਗੀ ਭੋਗ ਭੁਗਤਿ ਮੈਂ
ਗੁਰਮੁਖ ਨਿਜ ਪਦ ਕੁਲ ਅਕੁਲੀਨ ਹੈ॥੨੪॥੫੮

ਜੋਗੀ ਜੋਗ ਦੀ ਯੁਕਤੀ ਵਿਚ ਲਗੇ ਹੋਏ ਨੇ ਵਾ ਜੋਗ ਵਿਚ ਜੋਗੀ ਲਗ ਰਹੇ ਰਹਿੰਦੇ ਹਨ ਅਤੇ ਭੋਗੀ ਭੋਗਾਂ ਨੂੰ (ਭੁਗਤ) ਭੋਗਦੇ ਰਹਿੰਦੇ ਹਨ ਭਾਵ ਗ੍ਰਿਹਸਤੀ ਭੋਗਾਂ ਵਿਚ ਲਗੇ ਰਹਿੰਦੇ ਹਨ ਜੈਸੇ ਇਹ ਆਪੋ ਆਪਣੇ ਮਤ ਦੇ ਭੋਗ ਜੋਗ ਛਡ ਸਕਦੇ ਤਾਂ ਗੁਰਮੁਖ ਆਪਣੇ ਵਾਹਿਗੁਰੂ ਨੂੰ ਕੈਸੇ ਛੱਡਦੇ ਜੈਸੇ ਓਹ ਆਪੋ ਆਪਣੇ ਜੋਗਾਂ ਭੋਗਾਂ ਵਿਚ ਲਗੇ ਰਹਿੰਦੇ ਹੈਨ ਤੈਸੇ ਗੁਰਮੁਖ ਆਪਣੇ ਵਾਹਿਗੁਰੂ ਵਿਚ ਲਗੇ ਰਹਿੰਦੇ ਹੈਨ (ਨਿਜ ਪਦ) ਆਪਣੇ ਸਰੂਪ ਵਾਹਿਗੁਰੂ ਵਿਚ ਗੁਰਮੁਖ (ਅਕੁਲੀਨ) ਲੀਨ ਰਹਿੰਦੇ ਹਨ ਭਾਵ ਕੀ ਕਿ ਮਸਤ ਹੋਏ ਰਹਿੰਦੇ ਹਨ (ਕੁਲ) ਜਾਤਾਂ ਨੂੰ ਛਡਕੇ ਭਾਵ ਆਪਣੀ ਉਚੀ ਜਾਤੀ ਦਾ ਹੰਕਾਰ ਛਡ ਕੇ ਵਾਹਿਗੁਰੂ ਨੂੰ ਜਪਦੇ ਹਨ ॥੨੪॥੫॥

ਉਲਟ ਪਵਨ ਮਨ ਮੀਨ ਕੀ ਚਪਲ ਗਤਿ
ਸੁਖਮਨਾ ਸੰਗਮ ਕੈ ਬ੍ਰਹਮ ਸਥਾਨ ਹੈ।

ਹੁਣ ਪਿਛਲੇ ਨਿਜ ਪਦ ਦਾ ਵੀਚਾਰ ਕਰਦੇ ਹਨ ਕਿ ਉਸ ਨਿਜ ਪਦ ਵਿਚ ਗੁਰਮੁਖ ਕਿਸ ਤਰ੍ਹਾਂ ਗਏ ਅਤੇ ਜਿਨ੍ਹਾਂ ਫਿਰ ਉਸ ਨਿਜ ਪਦ ਵਾਹਿਗੁਰੂ ਵਿਚ ਸਮਾਧੀ ਲਾਂਦਾ ਛਡਦੇ ਹਨ ਉਹਨਾਂ ਫਿਰ ਤੇ ਅਨੰਦ ਆਪ ਲੈਂਦੇ ਹਨ ਪਰ ਜਦ ਉਸ ਸਮਾਧੀ ਤੇ ਉਪਰਾਮ ਹੁੰਦੇ (ਭਾਵ ਸਮਾਧੀ ਖੋਲਦੇ) ਹਨ ਤਾਂ ਕੁਝ ਉਪਕਾਰ ਭੀ ਕਰਦੇ ਹਨ ਕਿ ਨਹੀਂ ਇਸ ਪ੍ਰਸੰਗ ਉਪਰ ਆਪ ਕਥਨ ਕਰਦੇ ਹੈਨ "ਅਤੇ ਨਾਲ ਹੀ ਜਿਗਿਆਸੂ ਦਾ ਪ੍ਰਸੰਗ ਸੁਨਾਉਂਦੇ ਹਨ" ਉਲਟਾਯਾ, ਸੰਸਾਰ ਵਲੋਂ ਮਨ ਨੂੰ ਭੀ ਅਤੇ (ਪਵਨ) ਸੁਆਸਾਂ ਨੂੰ ਭੀ ਜਿਨ੍ਹਾਂ ਦੀ (ਮੀਨ) ਮਛੀ ਵਾਂਗੂੰ ਚੰਚਲ (ਗਤਿ) ਚਾਲ ਸੀ ਅਤੇ ਸੁਖਮਨਾ (ਨਾੜੀ) ਦੇ ਸੰਗਮ ਕਰਕੇ (ਬ੍ਰਹਮ

ਵਾਹਿਗੁਰੂ ਵਿਚ ਅਸਥਾਨ ਕੀਤਾ ਭਾਵ ਪਹੁੰਚੇ ਭਾਵ ਸੇਵਕ ਦੀ ਪਰਾਤਮਾ ਵਲੋਂ ਮਨ ਨੂੰ ਰੋਕਕੇ ਵਾਹਿਗੁਰੂ ਵਲ ਲਾਇਆ, ਗਗਨਾਦੀ ਇਨਦਰਾਂ ਦੀ ਅਤਕ ਕਰਦੇ ਹਨ ਕਿ ਪਿਆਰ ਵਲੋਂ ਮਨ ਦੇ (ਪਵਨ) ਫੁਰਨੇ ਨੂੰ ਉਲਟਾਇਆ ਜਿਸ ਮਨ ਦੇ ਫੁਰਨੇ ਦੀ ਚਾਲ ਉਤਲ ਮੱਛੀ ਵਾਂਗੂ ਸੀ ਅਤੇ ਸੁਖਮਨਾ ਬ੍ਰਹਮ ਵਿਚ ਜਾਂਦਾ ਸਾਖ ਕਰਕੇ ਸਰੂਪ ਵਿਚ ਪਹੁੰਚੇ ਹਨ ਕਿ ਸਹਜ ਸਮਾਧੀ ਦਾ ਪ੍ਰਸੰਗ ਪੁੱਛਿਆ ਗੁਰਮੁਖਾਂ ਦਾ ਜੋ ਇਹ ਹੈ ਜੋ ਪਿਛੇ ਵਰਨਨ ਕੀਤਾ ਹੈ। ਅਗੇ ਸਮਾਧੀ ਛਡਕੇ ਜੋ ਉਪਕਾਰ ਕਰਨ ਦਾ ਪ੍ਰਸੰਗ ਸੋ ਸੋ ਵਰਨਨ ਕਰਦੇ ਹਨ। ਦ੍ਰਿਸ਼ਟਾਂਤ -

ਸਾਗਰ ਸਲਿਲ ਗਹਿ ਗਗਨ ਘਟਾ ਘਮੰਡ
ਉਨਮਨ ਮਗਨ ਲਗਨ ਗੁਰ ਗਿਆਨ ਹੈ।

(ਸਾਗਰ) ਸਮੁੰਦਰ ਦੇ (ਸਲਿਲ) ਜਲ ਨੂੰ (ਗਹਿ) ਪਕੜਕੇ ਘਟਾ ਦਾ (ਘਮੰਡ) ਸਮੂਹ ਜੋ ਹੈ ਅਤੇ (ਗਗਨ) ਅਕਾਸ਼ ਵਿਚ ਜਾਕੇ ਬਰਸਾਤਾ ਹੈ ਭਾਵ ਸਮੁੰਦਰ ਦੇ ਜਲ ਨੂੰ ਬਦਲ ਪੀਕੇ ਅਤੇ ਅਕਾਸ਼ ਵਿਚ ਜਾਕੇ ਧਾਰਨ ਕਰਦੇ ਹਨ ਅਤੇ ਧਰਤੀ ਉਪਰ ਜਲ ਜਿਸ ਵਕਤ ਬਰਸਦਾ ਹੈ ਤਾਂ ਉਪਕਾਰ ਕਰਦਾ ਹੈ ਭਾਵ ਸਭ ਧਰਤੀ ਹਰੀ ਹੁੰਦੀ ਹੈ ਉਤਭੁਜ ਖਾਣੀ ਪ੍ਰਫੁਲਤ ਹੁੰਦੀ ਹੈ ਇਸੀ ਤਰਾਂ ਗੁਰਮੁਖ ਉਪਕਾਰ ਕਰਦੇ ਹਨ "ਦਾਰਸ਼ਟਾਂਤ" ਜੈਸੇ ਹੀ ਗੁਰਾਂ ਦਾ ਗਿਆਨ ਜੋ ਜਲ ਹੈ ਉਸ ਨੂੰ (ਲਗਨ) ਲੈ ਕੇ (ਉਨਮਨ) ਤੁਰੀਆ ਪਦ ਰੂਪ ਜੋ ਅਕਾਸ਼ ਹੈ ਉਸ ਵਿਚ (ਮਗਨ) ਮਸਤ ਇਸਥਿਤ ਰਹਿੰਦੇ ਹਨ ॥

ਉਪਕਾਰ ਵਰਨਨ ਕਰਦੇ ਹਨ ॥

ਜੋਤਿ ਮੈ ਜੋਤੀ ਸਰੂਪ ਦਾਮਿਨੀ ਚਮਤਕਾਰ
ਗਰਜਤ ਅਨਹਦ ਸਬਦ ਨੀਸਾਨ ਹੈ।

ਆਪ ਆਖਦੇ ਹਨ ਕਿ ਪਿਛੇ ਜੋ ਬਦਲਾਂ ਦੀ ਤਰਹ ਵਰਨਨ ਕੀਤੀ ਹੈ ਜਿਨ੍ਹਾਂ ਬਦਲਾਂ ਵਿਚ ਬਿਜਲੀ ਵੀ ਚਮਕਦੀ ਹੈ ਓਹ ਜੋ ਗੁਰਮੁਖ ਸੇਵਕ [illegible] ਧਾਰਨ ਕਰਦੇ ਹਨ ਅਤੇ ਉਪਕਾਰ ਕਰਦੇ ਹਨ ਓਹਨਾਂ ਵਿਚ ਕੇਹੜੀ ਬਿਜਲੀ ਹੈ ਸੋ ਤਿਸ ਪਰ ਕਥਨ ਕਰਦੇ ਹਨ ਕਿ ਜੋਤੀ ਸਰੂਪ ਦੀ ਜੋਤਿ ਪ੍ਰਕਾਸ਼ ਜੋ ਹੈ ਗੁਰਮੁਖਾਂ ਦੇ ਹਿਰਦੇ ਵਿਚ ਇਹੋ ਹੀ ਗੁਰਮੁਖਾਂ ਵਿਚ (ਦਾਮਨਿ) ਬਿਜਲੀ ਦਾ ਚਮਤਕਾਰ ਹੈ ਅਤੇ ਉਧਰ ਬੱਦਲ ਤਾਂ ਗਰਜਕੇ ਬੋਹਣ ਕਰਦਾ ਹੈ ਇਧਰ ਗੁਰਾਂ ਦੇ (ਸਬਦ) ਉਪਦੇਸ਼ ਦਾ (ਗਰਜਤ) ਗਾਜਕੇ ਤਿਆਰ ਬਰ ਤਿਆਰ ਹੋਕੇ ਜੋ ਉਪਦੇਸ਼ ਉਚਾਰਣ ਕਰਨਾ ਹੈ ਇਹੋ ਹੀ ਬਦਲਾਂ ਵਤ ਗੁਰਮੁਖਾਂ ਦਾ (ਨੀਸਾਨ) ਪ੍ਰਗਟ ਹੀ ਗਰਜਨਾ ਹੈ ॥

ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ

ਸੇਵਕ ਸਕਲ ਫਲ ਸਾਰਦ ਨਿਧਾਨਹਿ ਦੇ ਆਪਣੀ॥

ਜਿਵੇਂ [illegible] ਅੰਦਰ ਸਹੂਲਤਾਂ ਵਾਲੀ ਧਾਰਾ ਬਾਰਸ਼ ਦੇ ਜਲ ਦੀ ਬਰਸਾਂਦਾ ਹੈ ਅਤੇ [illegible] ਸਭ ਫਲ ਫੁਲਾਂ ਨੂੰ ਹਰਿਆਵਲ ਕਰਦਾ ਹੈ ਭਾਵ ਸਭ ਬਨਸਪਤੀ [illegible] ਕਰਕੇ ਹੀ ਤਾਂ ਬੂਟੇ ਸਭ ਹਰੇ ਹੁੰਦੇ ਹਨ ਪਰ ਇਹ ਗੁਰਮੁਖਾਂ ਨੇ ਕੇਹੜੀ [illegible] ਕਰੀ ਹੈ ਜਿਸ ਪਰ ਆਖਦੇ ਹਨ ਕਿ ਇਧਰ ਗੁਰਮੁਖ ਬ੍ਰਹਮਾਨੰਦ ਭਾਵ ਗੁਰਾਂ ਦੇ ਉਪਦੇਸ਼ ਤੇ ਵਾਹਿਗੁਰੂ ਨਾਮ ਦੀ ਵਡਿਆਈ ਜੋ ਸਭ ਨੂੰ ਦਸਦੇ ਹਨ ਅਤੇ ਅੰਮ੍ਰਿਤ ਨਾਮ ਜਲ ਦੀ ਬਾਰਸ਼ ਕਰਦੇ ਹਨ ਅਤੇ ਉਪਦੇਸ਼ ਦੇਂਦੇ ਹਨ ਅਤੇ ਸੇਵਕਾਂ ਨੂੰ ਸਾਰਿਆਂ (ਨਿਧਾਨ) ਖਜਾਨਿਆਂ ਦੀ ਪ੍ਰਾਪਤੀ ਕਰ ਦੇਂਦੇ ਹਨ ਉਧਰ [illegible] ਜਲ ਦੀ ਬਾਰਸ਼ ਕਰਕੇ ਬੂਟੇ ਹਰੇ ਕਰਦਾ ਹੈ ਏਧਰ ਗੁਰਮੁਖ ਨਾਮ ਦੀ [illegible] ਦੀ ਬਾਰਸ਼ ਕਰਕੇ ਸੇਵਕਾਂ ਨੂੰ ਨਿਹਾਲ ਕਰਦੇ ਹਨ ।੨੪।੫੪।

ਲੋਕਨ ਮੈ ਲੋਕਾਚਾਰ ਬੇਦਨ ਮੈ ਬੇਦਾਚਾਰ
ਲੋਕ ਬੇਦ ਬੀਸ, ਇਕੀ ਬੀਸ ਗੁਰ ਗਿਆਨ ਹੈ।

ਅਬ ਆਪ ਗੁਰਮੁਖਾਂ ਅਤੇ ਮਨਮੁਖਾਂ ਦਾ ਪ੍ਰਸੰਗ ਚਲਾਂਦੇ ਹਨ [illegible] ਇਸਦੇ ਦੋ ਅਰਥ ਕਰਦੇ ਹਨ ਪਹਿਲਾ ਅਰਥ ਇਉਂ ਹੈ ਕਿ ਗੁਰਮੁਖ ਲੋਕਾਂ ਵਿਚ ਰਹਿਕੇ ਲੋਕਾਂ ਵਾਲੇ ਕਰਮ ਕਰਦੇ ਹਨ ਅਤੇ ਵੇਦ ਦੇ ਪ੍ਰਕਰਣ ਵਿਚ ਵੇਦਾਂ ਦਾ ਵਿਚਾਰ ਕਰਦੇ ਹਨ ਭਾਵ ਜੀ ਕਿ ਜੇਹਾ ਸਮੇਂ ਦਾ ਵੇਦ ਹੋਵੇ ਉਸ ਸਮੇਂ ਨਾਲ ਉਸਦਾ ਵੀਚਾਰ ਕਰਦੇ ਹਨ ਪਰ ਦਿਲ ਵਿਚ ਇਹਨਾਂ ਲੋਕਾਂ ਵੇਦਾਂ ਦੇ [illegible] ਨੂੰ ਐਸੇ ਵਿਚਾਰਦੇ ਹਨ ਕਿ ਇਹ ਲੋਕ ਅਤੇ ਵੇਦ ਬੀਸ ਬਿਸਵੇ [illegible] ਹੀ ਕਰਨ ਵਾਲੇ ਹਨ ਭਾਵ ਜੀ ਕਿ ਇਨ੍ਹਾਂ ਲੋਕਾਂ ਵੇਦਾਂ ਦੇ ਕਰਮ [illegible] ਨਹੀਂ ਜਾਂਦੇ ਅਤੇ ਨਾ ਵਾਹਿਗੁਰੂ ਦੀ ਪ੍ਰਾਪਤੀ ਕਰਾਂਦੇ ਹਨ [illegible] [illegible] ਹੀ ਕਰਨ ਵਾਲੀਆਂ ਹਨ ॥

ਬੇਦ ਕਤੇਬ ਸੰਸਾਰ ਹਭਾਹੂ ਬਾਹਰਾ । ਨਾਨਕ ਕਾ ਪਾਤਿਸਾਹ ਦਿਸੈ ਜਾਹਰਾ ॥
ਪੁਨਾ [illegible] । ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥

(ਕਬੀਰ ਜੀ ਤਿਲੰਗ॥)

[illegible] ਇਸਦਾ ਅਰਥ [illegible] ਇਸ ਤਰਾਂ ਹੈ ਕਿ ਲੋਕਾਂ ਵਿਚ ਲੋਕਾਚਾਰ ਦੀ [illegible] ਹੁੰਦੀ ਹੈ ਅਤੇ ਵੇਦਾਂ ਵਿਚ ਵੇਦਾਂ ਦੇ ਅਨੁਸਾਰ ਕਰਮਾਂ ਦੀ [illegible] [illegible] ਹੁੰਦੀ ਹੈ ਪਰੰਤੂ ਲੋਕਕ ਅਤੇ ਵੈਦਕ ਕਰਮ ਬੀਸ ਬਿਸਵੇ [illegible] ਵਾਹਿਗੁਰੂ ਦਾ ਗਿਆਨ [illegible] ਉਪਦੇਸ਼ [illegible] [illegible] (ਇਸ [illegible]) [illegible] ਗੁਰਾਂ ਦਾ ਗਿਆਨ [illegible] [illegible] [illegible] [illegible] [illegible] [illegible] ਹੈ ਕਿ ਜੋ ਇਸ

ਵੀਸ ਵਾਹਿਗੁਰੂ ਦੀ ਪ੍ਰਾਪਤੀ ਹੈ ਸੋ ਗੁਰਾਂ ਦੇ ਗਿਆਨ ਕਰਕੇ ਹੀ ਹੈ । ੧੦ ।

ਜੋਗ ਮੈ ਨ ਜੋਗ ਭੋਗ ਭੋਗ ਮੈ ਨ ਧਿਆਨ ਧਾਨ

ਜੋਗ ਭੋਗ ਅਤੀਤ ਉਨਮਨ ਉਨਮਾਨ ਹੈ ।

ਜੋਗੀ ਜੋਗ ਵਿਚ ਲਗੇ ਰਹਿੰਦੇ ਹਨ ਉਨ੍ਹਾਂ ਨੂੰ ਭੋਗ ਨਹੀ ਅਛੇ ਲਗਦੇ ਅਤੇ ਭੋਗੀ ਭੋਗਾਂ ਵਿਚ ਲਗੇ ਰਹਿੰਦੇ ਹਨ ਉਨ੍ਹਾਂ ਨੂੰ ਜੋਗ ਨਹੀ ਅਛੇ ਲਗਦੇ ਜੋ ਐਸੀ ਜੋਗ ਵਿਚ ਭੋਗੀ ਭੋਗ ਵਿਚ ਲਗੇ ਰਹਿੰਦੇ ਹਨ (ਗਿਆਨੀਆਂ ਦਾ ਮਤ ਹੈ) ਗਿਆਨੀ ਆਖਦੇ ਹਨ ਕਿ ਜਦ ਗੁਰਮੁਖ ਜੋਗ ਵਿਚ ਆਵੇਸ਼ ਜੋਗ ਕਰਨ ਵਿਚ ਲਗਦੇ ਹਨ ਅਤੇ ਹੰਕਾਰ ਨਹੀ ਕਰਦੇ ਅਤੇ ਭੋਗਾਂ ਦੇ ਭੋਗਨ ਵਾਲੇ ਹੋ ਕੇ [illegible] ਵਿਚ ਲਗੇ ਰਹਿੰਦੇ ਹਨ ਤੇ ਹੰਕਾਰ ਨਹੀ ਕਰਦੇ ਜੈਸੇ ਰਾਜਨ ਮਹਿ ਰਾਜਾ ਕਹੀਅਹਿ ਪਰ ਹਿਤ ਵਿਚ ਇਹ ਸਮਝਦੇ ਹਨ ਕਿ ਜੋਗਾਂ ਭੋਗਾਂ ਤੋਂ ਰਹਿਤ ਹੋਵਾਂਗੇ ਤਾਂ (ਉਨਮਨ) ਤੁਰੀਆ ਪਦ ਵਾਹਿਗੁਰੂ ਦਾ (ਉਨਮਾਨ) ਖਿਆਲ ਆਵੇਗਾ ਤਾਂ ਗੁਰਮੁਖ ਜੋਗਾਂ ਭੋਗਾਂ ਤੋਂ (ਅਤੀਤ) ਰਹਿਤ ਹੋਕੇ (ਉਨਮਨ) ਵਾਹਿਗੁਰੂ ਦਾ (ਉਨਮਾਨ) ਵਿਚਾਰ ਕਰਦੇ ਹੋਏ ਭਾਵ ਨਾਮ ਜਪਦੇ ਹਨ ॥

ਦ੍ਰਿਸਟਿ ਦਰਸ ਧਿਆਨ ਸਬਦ ਸੁਰਤਿ ਗਿਆਨ

ਗਿਆਨ ਧਿਆਨ ਲਖ ਪ੍ਰੇਮ ਪਰਮ ਨਿਧਾਨ ਹੈ ।

ਅਤੇ ਲੋਕਾਂ ਦੀ ਜੇਹੜੀ ਦ੍ਰਿਸ਼ਟੀ ਹੈ ਸੋ ਚੰਗੇ ਚੰਗੇ ਤਮਾਸ਼ੇ ਰੂਪ ਰੰਗਾਂ ਦੇ ਦੇਖਨ ਵਿਚ ਧਿਆਨ ਕਰਕੇ ਲਗੀ ਰਹਿੰਦੀ ਹੈ ਅਤੇ (ਸੁਰਤ) ਕੰਨ ਲੋਕਾਂ ਦੇ (ਸਬਦ) ਖਿਆਲ ਹੀਰ ਆਦਿਕ ਦੇ ਟਪਿਆਂ ਦੇ (ਗਿਆਨ) ਜਾਨਣ (ਵ ਸੁਣਨ) ਵਿਚ ਲਗੇ ਰਹਿੰਦੇ ਹਨ ਅਤੇ ਗੁਰਮੁਖ ਗਿਆਨ ਧਿਆਨ ਨੂੰ (ਲਖ) ਵੇਖਕੇ ਅਰ ਪ੍ਰੇਮ ਕਰਕੇ ਅਛਾ (ਨਿਧਾਨ) ਖਜਾਨਾ ਪਾ ਬੈਠਦੇ ਹਨ ਜੋ ਗੁਰਮੁਖਾਂ ਦੀ ਦ੍ਰਿਸ਼ਟੀ ਗੁਰਾਂ ਦੇ ਦਰਸ਼ਨ ਵਿਚ ਲਗੀ ਰਹਿੰਦੀ ਹੈ ਅਤੇ ਕੰਨ ਸਬਦ ਕੀਰਤਨ ਵਿਚ ਲਗੇ ਰਹਿੰਦੇ ਹਨ ਪਰ ਜੇਹੜਾ ਐਸੇ ਅਛੇ ਕੰਮ ਵਿਚ ਲਗਾਇਆ ਹੈ ਉਸ ਨੂੰ ਕਿਆ ਮਿਲਦਾ ਹੈ ਤਾਂ ਤੇ ਆਖਦੇ ਹਨ ਕਿ ਜੋ ਗੁਰਮੁਖਾਂ ਦੇ ਅੰਗ ਗੁਰਾਂ ਵਲ ਲਗੇ ਹੋਏ ਹਨ ਇਸ ਵਾਸਤੇ ਉਹਨਾਂ ਨੂੰ ਲਖਾਂ ਦਾ (ਪਰਮ) ਚੰਗਾ ਨਿਧਾਨ ਖਜਾਨਾ ਰਿਧੀਆਂ ਸਿਧੀਆਂ ਦੇ ਮਿਲਦੇ ਹਨ ਤਾਂ ਗਿਆਨ ਧਿਆਨ ਪ੍ਰੇਮ ਕਰਨਾ ਉਹਨਾਂ ਸੰਸਾਰੀਆਂ ਨਾਲੋਂ ਇਨਾਂ ਦਾ ਵਖਰਾ ਹੈ ਇਸੀ ਵਾਸਤੇ ਇਨਾਂ ਨੂੰ ਅਛਾ

---

* ਪਹਿਲਾ ਵਿਸ਼੍ਰਾਮ ਇਥੇ ਦਾ ਸਭ ਤੋਂ ਅਖਰਾਂ ਤੇ ਹੈ ਕਿ ਜੋ ਪੰਥ ਦਰਬੀਚਾਰ ਦੇ ਪੰਜ ਅਛਰ ਹੈਨ ਸੋ ਚਾਰ ਚਾਹੀਏ ਸਨ ਪਰ ਇਹ ਪਾਠ ਸਾਰੀ ਜੀਲਾਂ ਹੀ ਹੈ ਜੋ ਲਘੂ ਨੂੰ ਗੁਰੂ ਕਰਕੇ ਪੜ੍ਹ ਲੈਂਦਾ ਅਤੇ ਗੁਰੂ ਨੂੰ ਲਘੂ ਕਰਕੇ ਪੜ੍ਹ ਲੈਂਦਾ ਅਤੇ ਕਈਆਂ ਪੁਸਤਕਾਂ ਵਿਚ ਏਹਾ ਚੀਰਾਦ੍ਹ ਹੀ ਪਾਠ ਹੈ ॥

ਖਜਾਨਾ ਨਾਮ ਮਿਲਿਆ ਹੈ।

ਮਨ ਬਚ ਕ੍ਰਮ ਭ੍ਰਮ ਸਾਧਨਾ ਧਰਮਾਤਮ ਕ੍ਰਮ
ਗੁਰਮੁਖ ਸੁਖ ਸਰਬੋਤਮ ਨਿਧਾਨ ਹੈ ॥੨੬॥੯੦।

ਸੰਸਾਰੀਆਂ ਲੋਕਾਂ ਦੇ ਜੋ ਮਨ ਬਾਣੀ (ਕਰਮ) ਸਰੀਰ ਹੈਨ ਓਹ (ਭ੍ਰਮ) ਭਰਮ ਪੈ ਚੁਕੇ ਹਨ ਭਾਵ ਰਹ ਚੁਕੇ ਹਨ (ਸਾਧਨਾ ਧਰਮਾਤਮ) ਨਿਰਧਾਮ ਕਰਮ ਕਰਕੇ ਭਾਵ ਸੰਸਾਰੀਆਂ ਦੇ ਮਨ ਬਾਣੀ ਕਰਮ ਪ੍ਰਵਿਰਤ ਵਾਲੇ ਕਰਮ ਕਰਕੇ ਖਰ ਹੋ ਗਏ ਹਨ ਅਤੇ ਗੁਰਮੁਖਾਂ ਦੇ ਜੋ ਮਨ ਬਾਣੀ ਸਰੀਰ ਹਨ ਉਨਹਾ ਨੇ ਏਹਨਾਂ ਨੂੰ ਧਰਮਾਤਮ ਨਿਸ਼ਕਾਮ ਕਰਮ (ਕ੍ਰਮ) ਧਰਮ ਦਾ ਹਠ (ਸਾਧਨਾ) ਸਾਧਨ ਕਰਕੇ ਜਿਤਿਆ ਭਾਵ ਗੁਰਮੁਖਾਂ ਨੇ ਨਾਮ ਜਪਕੇ ਸਰੀਰ ਆਦਕ ਨੂੰ ਵਸ ਕੀਤਾ ਅਤੇ ਫਿਰ ਵੀ ਨਿਸ਼ਕਾਮ ਕਰਮ ਕਰਦੇ ਰਹੇ ਭਾਵ ਦਾਨ ਪੁੰਨ ਨਾਮ ਜਪਕੇ ਫਲ ਨਾ ਮੰਗਣਾ ਅਤੇ ਨਾ ਕਿਸੇ ਨੂੰ ਦਸਣਾ ਇਸੀ ਵਾਸਤੇ ਗੁਰਮੁਖਾਂ ਨੂੰ (ਸਰਬੋਤਮ) ਸਾਰਿਆਂ ਨਾਲੋਂ ਉਤਮ (ਨਿਧਾਨ) ਖਜਾਨਾ ਬ੍ਰਹਮਾਨੰਦ, ਵਾਹਿਗੁਰੂ ਦਾ ਅਨੰਦ ਪ੍ਰਾਪਤ ਹੋਯਾ ਹੈ ਅਤੇ ਆਪ ਆਖਦੇ ਹਨ ਮਨਮੁਖਾਂ ਦਾ ਸੰਸਾਰੀਆਂ ਨੂੰ ਭੀ ਕੁਝ ਮਿਲਣਾ ਚਾਹੀ ਦਾ ਸੀ ਭਾਂਤ ਆਖਦੇ ਹਨ ਜੋ ਸਾਰਿਆਂ ਨਾਲੋਂ ਨਿਕਟ ਜੋ ਵਡਾ ਹੋਂਦਾ ਹੈ ਜਨਮ ਮਰਨ ਦਾ ਫੇਰ ਉਹਨਾਂ ਨੂੰ ਮਿਲਿਆ ॥

ਸਬਦ ਸੁਰਤ ਲਿਵ ਧਾਵਤ ਬਰਜ ਰਾਖੇ
ਨਿਹਚਲ ਮਤਿ ਮਨ ਉਨਮਨ ਭੀਨ ਹੈ।

ਗੁਰਮੁਖ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤ) ਗਯਾਤ ਕਰਕੇ (ਲਿਵ) ਪ੍ਰੀਤੀ ਕਰਦੇ ਹਨ ਅਤੇ (ਧਾਵਤ) ਦੌੜਦੇ ਮਨ ਨੂੰ ਰੋਕ ਕੇ ਰਖਦੇ ਹਨ ਭਾਵ ਇੰਦ੍ਰਿਆਂ ਨੂੰ ਰੋਕਿਆ ਹੈ ਵਿਸ਼ਿਆਂ ਵਲੋਂ ਇਸੀ ਵਾਸਤੇ ਗੁਰਮੁਖਾਂ ਦੀ (ਮਤਿ) ਬੁਧੀ ਅਚਲ ਹੋਗਈ ਹੈ ਅਤੇ ਮਨ (ਉਨਮਨ) ਤੁਰੀਆ ਪਦ ਵਾਹਿਗੁਰੂ ਵਿਚ (ਭੀਨ) ਭਿਜਾ ਦਾ ਟੁਬੀਆਂ ਲਗਾ ਰਹਿਆ ਹੈ ਪਰ ਆਪ ਆਖਦੇ ਹਨ ਜਿਸ ਵਿਚ ਭਿਜੇ ਹੋਏ ਸੀ ਯਾ ਟੁਬੀਆਂ ਲਾਉਂਦੇ ਸੀ ਉਥੋਂ ਕਿਆ ਮਿਲਿਆ ॥

ਸਾਗਰ ਲਹਰ ਗਤਿ ਆਤਮ ਤਰੰਗ ਰੰਗ
ਪਰਮਦ ਭੁਤ ਪਰਮਾਰਥ ਪ੍ਰਬੀਨ ਹੈ।

(ਸਾਗਰ) ਆਤਮਾ ਜੋ ਹੈ ਇਹੋ ਹੀ ਸਮੁੰਦ੍ਰ ਹੈ ਅਤੇ ਲਹਿਰਾਂ ਇਸ ਵਿਚ ਰੰਗਰਲੀਆਂ ਹੈਨ ਸਮੁੰਦ੍ਰ ਵਿਚ ਲਹਿਰਾਂ ਹੁੰਦੀਆਂ ਹਨ ਇਸ (ਸਾਗਰ) ਸਮੁੰਦ੍ਰ ਦੀ (ਗਤਿ) ਨਿਆਈਂ (ਆਤਮ) ਸਰੂਪ ਵਿਚ (ਤਰੰਗ) ਜੀਵਾਂ ਰੂਪੀ ਲਹਿਰਾਂ ਹਨ

ਰਹੀਆ ਹਨ ਭਾਵੀ ਰੰਗਾ ਰੰਗਾਂ ਦੀਆਂ ਦਾ ਜਿਸ ਤਰ੍ਹਾਂ ਸਮੁੰਦ੍ਰ ਵਿਚ ਲਹਿਰਾਂ ਉਠਦੀਆਂ ਹਨ ਏਸੇ ਤਰਾਂ ਗੁਰਮੁਖਾਂ ਦੇ (ਆਤਮ) ਮਨ ਵਿਚ ਵਾਹਿਗੁਰੂ ਦੇ ਨਾਮ ਦੇ ਤਰੰਗ ਲਹਿਰਾਂ ਦੇ ਰੰਗਾਂ ਰੰਗਾ ਦੇ ਉਠ ਰਹੇ ਹਨ ਭਾਵ ਨਾਮ ਜਪਦੇ ਰਹਿੰਦੇ ਹਨ ਇਹ ਅਗੇ ਪੰਗਤੀ ਵਿਚ ਲਾਵੇਗੀ ॥

ਗੁਰ ਉਪਦੇਸ਼ ਨਿਰਮੋਲਕ ਰਤਨ ਧਨ
ਪਰਮ ਨਿਧਾਨ ਗੁਰ ਗਿਆਨ ਲਿਵਲੀਣ ਹੈ ।

ਅਤੇ ਉੱਧਰ ਸਮੁੰਦ੍ਰ ਵਿਚ ਰਤਨ ਹੁੰਦੇ ਹਨ ਏਧਰ ਗੁਰਮੁਖ ਜੋ ਗੁਰਾਂ ਦਾ ਉਪਦੇਸ਼ ਸੁਣਦੇ ਹਨ ਇਹੋ ਹੀ ਨਿਰਮੋਲਕ ਰਤਨ ਧਨ ਹੈ ਅਤੇ (ਪਰਮ) ਅਛਾ (ਨਿਧਾਨ) ਖਜ਼ਾਨਾ ਕੇਹੜਾ ਹੈ ਜੋ ਨਾਮ ਜਪਕੇ ਹਿਰਦੇ ਵਿਚ ਗੁਣ ਧਾਰਨ ਕਰੇ ਹੋਏ ਹਨ ਅਤੇ ਪਾਣੀ ਕੇਹੜੀ ਹੈ ਜੋ ਗੁਰਾਂ ਦੇ ਗਿਆਨ ਵਿਚ (ਲਿਵ) ਪ੍ਰੀਤੀ ਦਾ ਚਿਤ ਬ੍ਰਿਤੀ (ਲੀਨ) ਲਗਾਈ ਰਖਦੇ ਹੈਨ (ਪਿਛਲੀ ਪੰਗਤੀ ਇਸ ਜਗਾ ਆਨ ਕਰ ਲਗਾਣ ਲਗੀ ਹੈ) ਇਸੀ ਵਾਸਤੇ ਓਹ (ਪਰਮਦ ਭੁਤ) ਅਤੇ ਅਸਚਰਜ ਵਾਹਿਗੁਰੂ ਦੇ (ਪਰਮਾਰਥ) ਸਿਧਾਂਤ ਜਾਨਣ ਵਿਚ (ਪ੍ਰਬੀਨ) ਚਤੁਰ ਹਨ ਵਾ ਗੁਰਮੁਖਾਂ ਦੇ ਮਨ ਅੰਦਰ ਜੋ ਗੁਰਾਂ ਦਾ ਉਪਦੇਸ਼ ਹੈ ਇਹੋ ਹੀ ਰਤਨ ਰੂਪ ਨ ਹੈ ਅਤੇ ਓਧਰ ਜੋ ਤੁਰੀਆ ਪਦ ਦੇ (ਅਵਿਤਰ) ਉਪਦੇਸ਼ ਹੈ ਇਹੋ ਹੀ ਧਨ ਹੈ ॥

ਸਬਦ ਸੁਰਤ ਲਿਵ ਗੁਰ ਸਿਖ ਸੰਧ ਮਿਲੇ
ਸੋਹੰ ਹੰਸੋ ਏਕ ਮੇਕ ਆਪਾ ਆਪ ਚੀਨਹੈ॥੨੭॥੬੧

ਜਿਨਾਂ ਗੁਰਮੁਖਾਂ ਨੇ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ (ਸੁਰਤ) ਬੇਨ ਲਾਕੇ ਵ ਗਿਆਤ ਕਰਕੇ (ਲਿਵ) ਪ੍ਰੀਤੀ ਕੀਤੀ ਅਤੇ ਗੁਰਸਿਖੀ ਦੀ (ਸੰਧ) ਮਿਲੌਣੀ ਨਾਲ ਮਿਲੇ ਓਹਨਾਂ ਨੂੰ ਹੀ, ਸੋ ਹੈ ਹੰਸੋ । ਓਹ ਮੈ, ਮੈ ਓਹ । ਇਹ ਭਾਵ ਜੀਵ ਈਸ਼ਰ ਦੀ (ਏਕ ਮੇਕ) ਅਭੇਦਤਾਈ ਦਾ ਗਿਆਨ ਹੋਯਾ ਹੈ ਭਾਵ ਜੀ ਕਿ ਆਪ ਹੰਕਾਰ ਨਾਲ ਆਖਦੇ ਹਨ ਕਿ ਅਸੀਂ ਹਰੀ ਦਾ ਰੂਪ ਹਾਂ ਅਤੇ ਹਰੀ ਸਾਡਾ ਹੈ ਭਾਵ (ਏਕ ਮੇਕ) ਮਿਲਿਆ ਹੋਯਾ ਸਾਰਿਆਂ ਵਿਚ ਵਾਹਿਗੁਰੂ ਨੂੰ ਜਾਣਿਆ ਅਤੇ ਉਹਨਾਂ ਗੁਰਮੁਖਾਂ ਨੇ ਹੀ ਆਪਣੇ ਆਪ ਨੂੰ (ਚੀਨ) ਜਾਣ ਲਿਆ ॥੬੧॥

ਸਬਦ ਸੁਰਤ ਅਵਗਾਹਨ ਬਿਮਲ ਮਤਿ
ਸਬਦ ਸੁਰਤ ਗੁਰ ਗਿਆਨ ਕੋ ਪ੍ਰਕਾਸ਼ ਹੈ ।

ਅਬ ਆਪ (ਸਬਦ) ਗੁਰਾਂ ਦੇ ਉਪਦੇਸ਼ ਦੀ ਗਿਆਤ ਦਾ ਮਹਾਤਮ ਵਰਨਨ ਕਰਦੇ ਹਨ ਅਤੇ ਇਸ ਕਬਿਤ ਦੇ ਅਨ੍ਹੇ ਅਖਰ ਲੌਣ ਦੀ ਲੋੜ ਜ਼ਰੂਰਤ ਨਹੀ ਹੈ ਆਪ ਆਖਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ (ਸਬਦ) ਉਪ

ਵੇਸ ਨੂੰ (ਜਵਰ) ਪੂਜਾ ਕਰਕੇ (ਅਵਗਾਹਨ) ਵਿਚਾਰਿਆ ਹੈ ਓਹਨਾਂ ਦੀ ਹੀ (ਬਿਬੇਕ) ਬੁੱਧਿ (ਮਧਿ) ਅਵਲ ਹੋਈ ਹੈ ਅਤੇ ਜਿਹਨਾਂ ਗੁਰਮੁਖਾਂ ਨੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕੀਤੀ ਹੈ ਓਹਨਾਂ ਨੂੰ ਹੀ (ਗੁਰ) ਵੱਡੇ ਗਿਆਨ ਦੀ ਪ੍ਰਾਪਤੀ ਹੋਈ ਹੈ ਭਾਵ ਕੀ ਕਿ ਬਹੁਤ ਗਿਆਨ ਹੋਯਾ ਹੈ ॥

ਸਬਦ ਸੁਰਤ ਸਮ ਦ੍ਰਿਸਟਿ ਕੈ ਦਿਬ੍ਯ ਜੋਤਿ
ਸਬਦ ਸੁਰਤ ਲਿਵ ਅਨਭੈ ਅਭ੍ਯਾਸ ਹੈ।

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤ) ਪ੍ਰੀਤੀ ਕੀਤੀ ਹੈ ਓਹ ਹੀ (ਸਮ) ਇਕੋ ਜੇਹੀ ਦ੍ਰਿਸ਼ਟਿ ਨਾਲ ਦੇਖਨ ਵਾਲੇ ਹੋਗਏ ਹਨ ਅਤੇ (ਦਿਬ) ਸੁਧ ਦੇਵਤਿਆਂ ਵਰਗੀ ਉਹਨਾਂ ਦੀ (ਜੋਤਿ) ਕ੍ਰਾਂਤੀ ਹੋ ਗਈ ਹੈ ਵਾ ਲੰਮੀ ਨਜ਼ਰ ਵਾਲੇ ਹੋ ਗਏ ਹਨ ਤ੍ਰਿਕਾਲ ਦਰਸੀ ਵ *ਸਮਦਰਸੀ ਓਹਨਾਂ ਨੂੰ ਗੁਰਾਂ ਨੇ ਕਰ ਦਿਤਾ ਔਰ ਓਹ (ਦਿਬ ਜੋਤ) ਕਮਾਲ ਵਾਲੇ ਹੋ ਗਏ ਫਿਰ ਜਿਨ੍ਹਾਂ ਨੇ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤ) ਧਿਆਨ ਨਾਲ ਦ੍ਰਿੜ ਲਾਕੇ (ਲਿਵ) ਪ੍ਰੀਤੀ ਕੀਤੀ ਹੈ ਓਹੋ ਹੀ (ਅਨਭੈ) ਡਰ ਤੋਂ ਬਿਨਾਂ ਜੋ ਵਾਹਿਗੁਰੂ ਹੈ ਉਸਦੇ ਦਿਨ ਰਾਤ ਅਭਿਆਸ ਕਰਨ ਵਾਲੇ ਅਭਿਆਸੀ ਹੋ ਗਏ ॥

ਸਬਦ ਸੁਰਤ ਪਰਮਾਰਥ ਪਰਮ ਪਦ
ਸਬਦ ਸੁਰਤ ਸੁਖ ਸਹਜ ਨਿਵਾਸ ਹੈ।

ਫਿਰ ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤ) ਲਗਾਕੇ ਪ੍ਰੀਤੀ ਕੀਤੀ ਹੈ ਓਹੋ ਹੀ (ਪਰਮਾਰਥ) ਸਿਧਾਂਤ ਪਰਮ ਪਦ ਜੋ ਵਾਹਿਗੁਰੂ ਹੈ ਉਸ ਦੇ ਅਨੰਦ ਲੈਣ ਵਾਲੇ ਹੋ ਗਏ ਫਿਰ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਵਿਚ ਸੁਰਤਿ ਪ੍ਰੀਤੀ ਕੀਤੀ ਹੈ ਓਹਨਾਂ ਦਾ ਹੀ (ਸਹਜ) ਅਚਲ ਸੁਖ ਵਿਚ ਨਿਵਾਸ ਹੋਇਆ ॥

ਸਬਦ ਸੁਰਤ ਲਿਵ ਪ੍ਰੇਮ ਰਸ ਰਸਿਕ ਹੈ
ਸਬਦ ਸੁਰਤ ਲਿਵ ਬ੍ਰਹਮ ਬਿਸ੍ਵਾਸ ਹੈ ॥੨੯॥੬੭੨॥

ਜਿਨ੍ਹਾਂ ਨੇ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤ) ਧਿਆਨ ਨਾਲ (ਲਿਵ) ਦ੍ਰਿੜ ਬ੍ਰਿਤੀ ਲਗਾਈ ਹੈ ਓਹੋ ਹੀ (ਪ੍ਰੇਮ ਰਸ) ਵਾਹਿਗੁਰੂ ਦੇ ਅਨੰਦ ਵਿਚ (ਰਸਕ) ਤਦਾਕਾਰ ਹੋਕੇ ਲਗੇ ਰਹਿੰਦੇ ਹਨ ਭਾਵ ਓਹੋ ਹੀ

---

* ਸਮਦ੍ਰਿਸਟੀ ਦੇ ਸ਼ਬਦ ਭੀ ਹੁੰਦੀ ਹੈ ਇਹ ਵਿਵਹਾਰ ਕੋ ਜਿਨੇ ਜੈਸਾ ਵਰਤਾਰ ਵਰਤਣਾ ਦੂਜੀ ਪਰਮਾਰਥ ਕੋ ਬ੍ਰਹਮ ਦੇਖ ਸੂਖਮ ਜਾਣਿਆ ਹੈ ।

ਨਾਮ ਅੰਮ੍ਰਿਤ ਦੇ ਰਸੀਏ ਹੋਏ ਹੋਏ ਅਤੇ ਸਿਮਰਨ ਦੇ (ਸਬਦ) ਉਪਦੇਸ਼ ਦੇ ਧਾਰਨ ਵਿਚ ਅਪਣੀ (ਸੁਰਤ) ਬਾਸਾਬ ਪੂਰਬਕ (ਲਿਵ) ਪ੍ਰੀਤੀ ਕੀਤੀ ਹੈ, ਓਹ ਹੀ (ਬਿਸਮ) ਅਸਚਰਜ (ਬਿਸ੍ਰਾਮੀ) ਭਰੋਸੇ ਵਾਲੇ ਹੁੰਦੇ ਹਨ ॥

ਦ੍ਰਿਸਟਿ ਦਰਸ ਲਿਵ ਗੁਰ ਸਿਖ ਸੰਧ ਮਿਲੇ
ਘਟਿ ਘਟਿ ਕਾਸ ਜਲ ਅੰਤਰ ਧਿਆਨ ਹੈ।

ਜੇਹੜੇ ਗੁਰ ਸਿਖਿਆ ਦੀ (ਸੰਧਿ) ਮਲੌਨੀ ਵਿਚ ਮਿਲੇ ਹਨ ਉਨ੍ਹਾਂ ਦੀ ਦ੍ਰਿਸਟੀ (ਲਿਵ) ਪ੍ਰੀਤੀ ਕਰਕੇ ਗੁਰਾਂ ਦੇ (ਦਰਸ) ਦਰਸਨ ਵਿਚ ਲਗੀ ਹੋਈ ਹੈ ਪਰ ਆਪ ਆਖਦੇ ਹਨ ਕਿ ਸਦਾ ਉਨਾਂ ਨੂੰ ਫਲ ਕੀ ਮਿਲਿਆ ਸੋ ਕਹਿੰਦੇ ਹਨ ਫਲ ਇਹ ਮਿਲਿਆ ਕਿ ਜੈਸੇ ਘੜਾਂ ਘੜਾਂ ਭਾਵ ਜਲ ਦੇ ਭਰੇ ਹੋਏ ਘੜਿਆਂ ਵਿਚ (ਕਾਸ) ਅਕਾਸ਼ ਇਕੋ ਹੀ ਧਿਆਨ (ਮੈਂ) ਆਉਂਦਾ ਹੈ ਵਾ ਦਿਖਾਈ ਦੇਂਦਾ ਹੈ ਭਾਵ ਸਾਰਿਆਂ ਘੜਿਆਂ ਦੇ ਜਲ ਵਿਚ ਇਕੋ ਜੇਹਾ ਇਕੋ ਹੀ ਅਕਾਸ਼ ਨਜ਼ਰ ਆਉਂਦਾ ਹੈ ਐਸੇ ਹੀ ਉਨਹਾਂ ਗੁਰਮੁਖਾਂ ਨੂੰ (ਘਟ ਘਟ) ਸ਼ਰੀਰਾਂ ਸਰੀਰਾਂ ਦੇ ਹਿਰਦਿਆਂ ਵਿਚ ਇਕੋ ਹੀ ਅਕਾਸ਼ ਦੀ ਨਿਆਈਂ ਜੋ ਵਾਹਿਗੁਰੂ ਹੈ ਓਹ ਬੇਅੰਤ ਲੀਲਾ ਵਾਲਾ ਦਿਖਾਈ ਦਿੰਦਾ ਹੈ ਤੇ ਉਸਦਾ ਹੀ ਧਿਆਨ ਕਰਦੇ ਹਨ ਭਾਵ ਕੀ ਕਿ ਸਭ ਨੂੰ ਵਾਹਿਗੁਰੂ ਦਾ ਰੂਪ ਦੇਖਦੇ ਹਨ ਐਸੀ ਸਮ ਦ੍ਰਿਸਟੀ ਹੋ ਜਾਈ ॥

ਸਬਦ ਸੁਰਤ ਲਿਵ ਗੁਰ ਸਿਖ ਸੰਧ ਮਿਲੇ
ਜੰਤ੍ਰ ਧੁਨਿ ਜੰਤ੍ਰੀ ਉਨਮਨ ਉਨਮਾਨ ਹੈ।

ਜਿਨਹਾਂ ਨੇ ਗੁਰ ਸਿਖਿਆਂ ਦੀ (ਸੰਧਿ) ਮਲੌਨੀ ਵਿਚ ਮਿਲਕੇ ਗੁਰਾਂ ਦੇ (ਸਬਦ) ਉਪਦੇਸ ਵਿਚ (ਸੁਰਤ) ਬਾਸਾਬ ਨਾਲ (ਲਿਵ) ਪ੍ਰੀਤੀ ਕੀਤੀ ਹੈ ਉਨ੍ਹਾਂ ਨੇ ਐਸੇ ਜਾਣ ਲਿਆ ਕਿ ਜੈਸੇ (ਜੰਤ੍ਰ) ਵਾਜੇ ਦੇ ਰਾਗ ਦੀ ਧੁਨਾਂ (ਜੰਤ੍ਰੀ) ਰਾਗੀ ਨਾਲ ਮਿਲੀ ਹੋਈ ਹੁੰਦੀ ਹੈ ਐਸੇ ਹੀ ਓਹ ਗੁਰਮੁਖ ਸਾਰਿਆਂ ਵਿਚ ਅੰਦਰ ਬਾਹਰ (ਉਨਮਨ) ਵਾਹਿਗੁਰੂ ਮਿਲਿਆ ਹੋਇਆ (ਉਨਮਾਨ) ਨਿਸਚਾ ਕਰਦੇ ਹਨ ॥

ਗੁਰਮੁਖਿ ਮਨ ਬਚ ਕ੍ਰਮ ਇਕਤ੍ਰ ਭਏ
ਤਨ ਤ੍ਰਿਭਵਨ ਗਤਿ ਸੰਮਤਾ ਗਿਆਨ ਹੈ।

ਜੇਹੜੇ ਗੁਰਮੁਖ ਗੁਰਾਂ ਪਾਸ ਆਏ ਹਨ ਉਹਨਾਂ ਦੇ ਭੀ ਮਨ ਬਾਣੀ ਸਰੀਰ ਤੇ ਆਦਿਕ ਇਕੋ ਹੀ ਇਕਾਗਰ ਹੋਏ ਹਨ ਤਿੰਨਾ ਭਵਨਾਂ ਵਿਚ ਜੋ ਵਾਹਿਗੁਰੂ ਵਿਆਪਕ ਹੈ ਉਸਦੀ (ਸੰਮਿਤਾ) ਪ੍ਰਾਪਤੀ ਦਾ ਗਿਆਨ ਇਨ੍ਹਾਂ ਗੁਰਮੁਖਾਂ ਨੂੰ (ਤਨ)

ਸਰੀਰ ਵਿਚ ਹੀ ਮਿਲ ਗਿਆ ਹੈ ਭਾਵ ਉਨ੍ਹਾਂ ਨੇ ਆਪਣੇ ਅੰਦਰੋਂ ਹੀ ਵਾਹਿਗੁਰੂ ਨੂੰ ਪਾ ਲਿਆ ਹੈ ॥

ਏਕ ਮੈ ਅਨੇਕ ਭੇਖ ਬ੍ਰਹਮ ਬਿਬੇਕ ਟੇਕ
ਸੋਤ੍ਰ ਸਰਿਤਾ ਸਮੁੰਦ੍ਰ ਆਤਮ ਸਮਾਨ ਹੈ ॥੨੯॥੬੩॥

ਪਰ ਆਪ ਆਖਦੇ ਹਨ ਉਹ ਗਿਆਨ ਕੇਹੜਾ ਹੈ ਸੋ ਉੱਤਰ ਦੇਂਦੇ ਹਨ ਕਿ ਜੋ ਅਨੇਕਾਂ ਵਿਚ ਇਕੋ ਹੀ ਬ੍ਰਹਮ ਵਾਹਿਗੁਰੂ (ਭੇਖ) ਮਿਲ ਰਹਿਆ ਹੈ ਪ੍ਰੇਮੀ ਉਹਨਾਂ ਨੇ ਬਿਬੇਕ ਵਿਚਾਰ ਕਰਕੇ (ਟੇਕ) ਓਟ ਲਈ ਹੈ ਪਰ ਬਿਬੇਕ ਕੀ ਵਸਤੂ ਹੈ ਸੋ ਉੱਤਰ ਦੇਂਦੇ ਹਨ। ਸੋਤ੍ਰ ਜੈਸੇ ਪ੍ਰਵਾਹ (ਸਰਿਤਾ) ਨਦੀਆਂ ਦੇ ਸਮੁੰਦਰ ਵਿਚ ਪੈਂਦੇ ਹਨ ਪਰ ਉਹ ਉਸਦਾ ਰੂਪ ਹੀ ਹੋ ਜਾਂਦੇ ਹਨ ਇਸੀ ਤਰ੍ਹਾਂ ਉਹਨਾਂ ਨੇ (ਆਤਮ) ਵਾਹਿਗੁਰੂ ਨੂੰ ਸਾਰਿਆਂ ਵਿਚ (ਸਮਾਨ) ਇਕੋ ਜੇਹਾ ਮਿਲਿਆ ਹੋਇਆ ਜਾਤਾ ਹੈ ਤੇ ਆਪਣੇ ਆਪ ਕੂਟਸਥ ਆਤਮਾ ਵਿਚ ਸਾਰੇ ਹੀ ਲੀਨ ਹਨ ॥੨੯॥੬੩॥

ਗੁਰਮੁਖ ਮਨ ਬਚ ਕ੍ਰਮ ਇਕਤ੍ਰ ਭਏ
ਪਰਮਦ ਭੂਤ ਗਤ ਅਲਖ ਲਖਾਏ ਹੈ।

ਜਿਨ੍ਹਾਂ ਗੁਰਮੁਖਾਂ ਦੇ ਮਨ ਬਾਣੀ ਸਰੀਰ ਆਦਿਕ ਇੱਕਠੇ ਹੋਏ ਹਨ ਉਨ੍ਹਾਂ ਗੁਰਮੁਖਾਂ ਨੂੰ ਹੀ (ਪਰਮਦ ਭੂਤ) ਅਚਰਜ ਵਾਹਿਗੁਰੂ (ਗਤ) ਮਿਲਿਆ ਤੇ ਅਚਰਜ ਗਤੀ ਵਾਲਾ ਅਲਖ ਜੋ ਹੈ ਉਹ ਵੇਖਣ ਵਿਚ ਆਇਆ ਭਾਵ ਜੀ ਕਿ ਉਹਨਾਂ ਨੂੰ ਵਾਹਿਗੁਰੂ ਮਿਲਿਆ ॥

ਅੰਤਰ ਧਿਆਨ ਦਿਬ੍ਯ ਜੋਤ ਕੋ ਉਦੋਤ ਭਯੋ
ਤ੍ਰਿਭਵਨ ਰੂਪ ਘਟ ਅੰਤਰ ਦਿਖਾਏ ਹੈ।

ਪਰ ਆਪ ਆਖਦੇ ਹਨ ਤੁਸਾਂ ਨੂੰ ਕਿਥੇ ਕਿਥੇ ਵੇਖਿਆ ਅਤੇ ਕਿਸ ਤਰ੍ਹਾਂ ਵੇਖਿਆ ਸੋ ਉੱਤਰ ਦੇਂਦੇ ਹਨ ਕਿ ਪਹਿਲੇ ਉਹ ਧਿਆਨ ਕਰਕੇ ਅੰਤਰ ਮੁਖੀ ਹੋਏ ਭਾਵ ਬਾਹਰ ਨੂੰ ਮਨ ਉਡਦਾ ਰੋਕ ਕੇ ਦ੍ਰਿਸ਼ਟੀ ਨੂੰ ਅੰਤਰ ਧਿਆਨ ਲਾਇਆ ਤਾਂ ਫਿਰ ਦਿਬ ਸ਼ੁਧ ਵਾਹਿਗੁਰੂ ਦੇ ਪ੍ਰਕਾਸ਼ ਦੀ ਜੋਤ ਹਿਰਦੇ ਹੀ ਵਿਚ (ਉਦੋਤ) ਪ੍ਰਗਟ ਹੋਈ, ਇਹ ਅਗੇ ਪੰਗਤੀ ਵਿਚ ਲਗੇਗੀ ॥

ਪਰਮ ਨਿਧਾਨ ਗੁਰ ਗਿਆਨ ਕੋ ਪ੍ਰਗਾਸ ਭਯੋ
ਗੰਮਤਾ ਤ੍ਰਿਕਾਲ ਗਤਿ [illegible] ਜਤਾਏ ਹੈ।

---

੧ (ਸੋਤ੍ਰ) ਸ਼ਬਦ ਨਦੀਆਂ ਦਾ [illegible] ਭੀ ਹੁੰਦਾ ਹੈ ॥

ਜਿਸ ਕਰਕੇ [illegible] ਰੱਖੀ ਸੀ, ਪਰਮ) [illegible] ਵਡਾ [illegible] (ਸਿਧਾਂਤ) ਖਜ਼ਾਨਾ ਜੋ ਗੁਰਾਂ ਦਾ ਗਿਆਨ ਹੈ ਉਸਦਾ ਪ੍ਰਕਾਸ਼ ਹੋਣਾ (ਉਦੋਂ [illegible] ਪਿਛਲੀਆਂ ਪੰਗਤੀਆਂ ਵਿਚ ਲਗਾਉਂਦੇ) ਉਹ ਗੁਰਾਂ ਦਾ ਗਿਆਨ ਜਾਂ [illegible] ਜਿਸ ਵਿਚ ਸਾਰੇ ਸੁਖ ਅਨੰਦ ਹੈਂ ਜਦ ਉਸਦਾ ਪ੍ਰਕਾਸ਼ ਹੋਇਆ ਤਾਂ ਤਿਨਾਂ ਭਗਤਾਂ ਵਿਚ ਜੋ ਵਾਹਿਗੁਰੂ ਵਿਆਪਕ ਹੈ ਉਸਦਾ ਰੂਪ ਘਟ ਘਟ ਵਿਚ ਦੇਖਿਆ ਭਾਵ ਸਭ ਜੜ ਚੇਤਨ ਵਿਚ ਵਾਹਿਗੁਰੂ ਨਜ਼ਰ ਆਇਆ ਤਾਂ ਤਿੰਨਾਂ ਭਗਤਾਂ ਦੀ [illegible] ਗੰਭੀਰੀ (ਮਰਯਾਦਾ, ਅੰਤਰਯਾਮਤਾ) ਜੋ ਹੈ ਉਸਦੀ ਪਹਿਲਾਂ ਨੂੰ (ਗੰਭੀਰਤਾ) ਸਭ [illegible] ਭਾਵ ਤ੍ਰਿਕਾਲਦਰਸ਼ੀ ਹੋ ਗਏ ਜੋ ਅਗੇ ਪਿਛੇ ਹੁਣ ਦਾ [illegible] ਹੁੰਦਾ ਹੈ ਉਹ ਸਭ ਉਨ੍ਹਾਂ ਨੂੰ ਮਾਲੂਮ ਹੋ ਆਇਆ ਹੈ ਪਰ ਫਿਰ ਵੀ [illegible] ਹੈ ਸਗੋਂ ਹੋਰਨਾਂ ਨੂੰ ਐਸੇ (ਜਤਨ) ਸਾਧਨ (ਜਤਾਏ ਦਸਦੇ ਹਨ ਕਿ ਤੁਸੀਂ ਭੀ ਵਾਹਿਗੁਰੂ ਦੇ ਮਿਲਨ ਦਾ ਉਦਮ ਕਰੋ ॥

ਆਤਮ ਤਰੰਗ ਪ੍ਰੇਮ ਰਸ ਮਧ ਪਾਨ ਮਤ

ਅਕਥਕਥਾ ਬਿਨੋਦ ਹੇਰਤ ਹਿਰਾਣੇ ਹੈ॥੨੦॥੬੪॥

(ਆਤਮ) ਆਪਣਾ ਆਪ ਜੋ ਕੂਟਸਥ ਆਤਮਾ ਵਾਹਿਗੁਰੂ ਹੈ (ਤਰੰਗ) ਬਹੁਤ ਤਰਾਂ ਦੇ ਕੌਤਕ ਕਰਨ ਵਾਲਾ ਉਸਦਾ ਪ੍ਰੇਮ ਰਸ ਜੋ (ਮਧ) ਅੰਮ੍ਰਿਤ ਹੈ ਉਸਨੂੰ (ਪਾਨ ਪੀਕੇ ਉਹਨਾਂ ਦੀ (ਮਤ) ਬੁਧੀ ਮਸਤ ਹੋਈ ਵਾ ਉਹ ਆਪ ਹੀ ਮਸਤ ਹੋ ਗਏ ਪਰ ਉਸ ਮਸਤੀ ਦਾ ਅਨੰਦ ਕਹਿ ਭਾਂਤਿ ਆਖਦੇ ਹਨ ਕਿ ਉਸ ਮਸਤੀ ਦੇ (ਬਿਨੋਦ) ਅਨੰਦ ਦੀ ਅਕਥ ਕਥਾ ਹੈ ਜਿਸ ਵਾਹਿਗੁਰੂ ਨੂੰ ਉਹ ਵੇਖਕੇ ਹੈਰਾਨ ਹੋਏ ਨੇ ਵਾ ਲੋਕ ਐਸੇ ਉਹਨਾਂ ਨੂੰ ਵੇਖਕੇ (ਹੇਰਤ) ਵੇਖਕੇ (ਹਿਰਾਣੇ) ਹੈਰਾਨ ਹੁੰਦੇ ਹਨ ਕਿ ਏਹਨਾਂ ਨੂੰ ਕਿਆ ਹੋਗਿਆ ਹੈ ॥ [illegible]

ਬਿਨਰਸ ਰਸਨਾ ਬਕਤ ਹੀ ਬਹੁਤ ਬਾਤੈ

ਪ੍ਰੇਮ ਰਸ ਬਸ ਭਏ ਮੋਨਿ ਬ੍ਰਤ ਲੀਨ ਹੈ।

ਓਹ ਜਗਤ ਦੇ ਲੋਕੀ ਇਸ ਗੁਰਮੁਖਾਂ ਦੇ ਰਸ ਨੂੰ ਵੇਖਕੇ ਬਿਨਾਂ ਰਸ ਤੋਂ ਰਸਨਾ ਕਰਕੇ ਬਹੁਤ ਉਚੀਆਂ ਨੀਵੀਆਂ ਬਾਤਾਂ (ਬਕਤ) ਬੋਲਦੇ ਹਨ ਇਹ ਭੀ ਆਖਦੇ ਨੇ ਕਿ ਇਹ ਨਵੇਂ ਪ੍ਰੇਮੀ [illegible] ਹਨ ਜੇਹੜੇ [illegible] ਵਾਹਿਗੁਰੂ ਹੀ ਕਰਦੇ ਰਹਿੰਦੇ ਹਨ ਭਾਵ ਐਸੀਆਂ ਗਲਾਂ ਉਹ ਮਨਮੁਖ ਆਖਦੇ ਬਿਨਾ ਰਸ ਤੋਂ ਹੁੰਦੇ ਹਨ ਭਾਵ ਉਹਨਾਂ ਨੂੰ ਵਾਹਿਗੁਰੂ ਦਾ ਵਾ ਉਹ ਅਨੰਦ [illegible] ਗੁਰਮੁਖਾਂ ਨੂੰ ਸੀ ਉਸਤੋਂ ਬਿਨਾ ਹੁੰਦੇ ਹਨ ਵਾ ਉਹਨਾਂ ਨੂੰ ਵੇਖਕੇ ਗੁਰਮੁਖ ਕਿ [illegible] ਮਨਮੁਖ ਸਾਡੀ ਨਿੰਦਿਆ ਕਰਦੇ ਹੈਨ ਭਾਵੇ ਆਪ ਦੁਖ ਨਹੀਂ ਪਾਉਂਦੇ [illegible] ਜਿਨਾਂ ਰਸ ਦੇ ਬਾਝੋਂ ਬਕ ਬਕ [illegible] ਹਨ॥

[illegible] ਕਿ ਜਿਨਾਂ ਰਸ ਤੋਂ ਜੀਭ ਸੁਰਤ ਵਾਲਾਂ [illegible] ਹੈ ਪਰ ਜਿਸ [illegible] (ਪ੍ਰੇਮ ਰਸ) ਵਾਹਿਗੁਰੂ ਦੇ ਅਨੰਦ ਦੇ ਵੱਸ ਹੋ ਜਾਂਦੀ ਹੈ ਤਾਂ (ਮੋਨਿ ਬ੍ਰਤ) ਚੁਪ ਕਰ ਜਾਂਦੀ ਹੈ ਪਹਲੇ ਅਰਥ ਨਾਲ ਪਰ ਓਹ ਗੁਰਮੁਖ (ਪ੍ਰੇਮ ਰਸ) ਵਾਹਿਗੁਰੂ ਦੇ ਅਨੰਦ ਦੇ ਰਸ ਵਿਚ ਵਸਦੇ ਹਨ ਅਤੇ ਚੁਪ ਕਰਕੇ (ਲੀਨ) ਮਸਤ ਹੋ ਰਹਿੰਦੇ ਹਨ ॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੋਨ
ਅੰਤਰ ਧਿਆਨ ਦ੍ਰਿਗ ਦੁਤੀਆ ਨ ਚੀਨ ਹੈ ।

ਪ੍ਰੇਮ ਰਸ ਅੰਮ੍ਰਿਤ ਜੋ (ਨਿਧਾਨ) ਸੁਖ ਦਾ ਖਜਾਨਾ ਵ ਭੰਡਾਰ [illegible] ਹੈ, ਇਸਨੂੰ (ਪਾਨ ਕੈ) ਪੀ ਕਰਕੇ (ਮਦੋਨ) ਮਸਤ ਹੋਇ ਹਨ ਪਰ (ਦ੍ਰਿਗ) ਨੇਤ੍ਰ (ਅੰਤਰ) ਵਿਚ ਕਿਸੇ ਹੋਰ ਦੂਜੇ ਦਾ ਧਯਾਨ ਨਹੀਂ (ਚੀਨ) ਜਾਣਦੇ ਭਾਵ ਨੇਤ੍ਰ ਕਿਸੇ ਦੂਜੇ ਵਲ ਨਹੀਂ ਲਗਾਉਂਦੇ ਹਨ ਕੋਈ ਹੋਰ ਓਹਨਾਂ ਨੂੰ ਅਛਾ ਹੀ ਨਹੀਂ ਲਗਦਾ ਹੈ ॥

ਪ੍ਰੇਮ ਨੇਮ ਸਹਜ ਸਮਾਧ ਅਨਹਦ ਲਿਵ
ਦੁਤੀਆ ਸਬਦ ਸ੍ਰਵਨੰਤਰ ਨ ਕੀਨ ਹੈ ।

ਪ੍ਰੇਮ ਨੇਮ ਕਰਕੇ (ਸਹਜ) ਅਫੁਰ ਵਾਹਿਗੁਰੂ ਵਿਚ ਸਮਾਧੀ (ਅਨਹਦ) ਇਕ ਰਸ [illegible] (ਲਿਵ) ਪ੍ਰੀਤੀ ਵ ਚਿਤ ਬ੍ਰਿਤੀ ਨੂੰ ਲਗਾਈ ਰਖਦੇ ਹੈਨ ਓ ਦੂਜੇ ਬਾਹਰ ਦੇ (ਸਬਦ) ਕਹੇ ਪਿਲੇ (ਸ੍ਰਵਨੰਤਰ) ਕੰਨਾਂ ਵਿਚ ਕਰਦੇ ਹੀ ਨਹੀਂ ਹਨ ਭਾਵ ਜੀ ਜੇ ਕੰਨ ਵਿਚ ਅਵਾਜ ਪੈਣ ਵੇਲ ਤਾਂ ਬਾਹਰ ਮਨ ਜਾਵੇ ਨਾ। ਓਹ ਤਾਂ ਕੰਨ ਹੀ ਨਹੀਂ ਓਧਰ ਧਰਦੇ ॥

ਬਿਸਮ ਬਿਦੇਹ ਜਗ ਜੀਵਨ ਮੁਕਤ ਭਏ
ਤ੍ਰਿਭਵਨ ਔ ਤ੍ਰਿਕਾਲ ਗੰਮਿਤਾ ਪ੍ਰਬੀਨ ਹੈਂ॥੬੭੪॥

ਅਤੇ ਜਗਤ ਨੂੰ ਓਹਨਾਂ ਨੇ (ਬਿਸਮ) ਮਿਥਿਆ, ਝੂਠਾ ਜਾਣਿਆ ਹੈ ਅਤੇ (ਬਿਦੇਹ) ਦੇਹ ਹੰਗਤਾ ਤੋਂ ਰਹਿਤ ਹੋਏ ਹਨ ਇਸ ਵਾਸਤੇ ਜੀਵਨ ਮੁਕਤੀ ਦਾ ਅਨੰਦ ਲੈਂਦੇ ਹਨ ਵਾ ਜਗਤ ਵਿਚ (ਬਿਸਮ) ਅਸਚਰਜ ਜੀਵਨ ਮੁਕਤੀ ਦਾ ਅਨੰਦ ਲੈਣ ਵਾਲੇ ਹੋਏ ਹਨ (ਬਿਦੇਹ) ਆਪਣੀ ਦੇਹ ਦੀ ਕੋਈ ਖਬਰ ਨਾ ਰਹਣੀ, ਐਸਾ ਨਹੀਂ ਕਿ ਅਕਲ ਹੀ ਮਾਰੀ ਜਾਂਦੀ ਹੈ ਭਾਵ ਐਸੇ ਕਿ ਵਾਹਿਗੁਰੂ ਵਿਚ ਮਗਨ ਹੋਏ ਰਹਿੰਦੇ ਹਨ ਵ ਅਸਚਰਜ ਵਾਹਿਗੁਰੂ ਵਿਚ ਜੋ (ਬਿਦੇਹ) ਦੇਹ ਹੰਗਤਾ ਨੂੰ [illegible] ਲਗੇ ਹਨ ਏਹੋ ਹੀ ਜੀਵਨ ਮੁਕਤੀ ਨੂੰ ਪ੍ਰਾਪਤ ਹੋਗਏ ਹਨ ਜਿਨਾਂ ਤ੍ਰਿਭਵਣਾਂ ਅਤੇ ਤਿੰਨਾਂ ਕਾਲਾਂ ਦੀ (ਗੰਮਿਤਾ)

ਕਵਲ ਸੋਭਦਾ, ਜਿਨ੍ਹੇ ਕਰਕੇ (ਪ੍ਰਬੀਨ) ਦਾ ਸਿਆਣੇ ਹੋਏ ਹਨ ॥ ੫੭ ॥ ੫੮ ॥

ਸਕਲ ਸੁਗੰਧਤਾ ਮਿਲਤ ਅਰਗਜਾ ਹੋਤ

ਕੋਟਿ ਅਰਗਜਾ ਮਿਲ ਬਿਸਮ ਸੁ ਬਾਸ ਕੈ ।

ਅਬ ਆਪ ਗੁਰਾਂ ਦੇ ਚਰਨਾਂ ਦੀ ਮਹਿਮਾ ਕਥਨ ਕਰਦੇ ਹੋਨ ਆਪ ਆਖਦੇ ਹਨ ਜੋ ਗੁਰਾਂ ਦੇ ਵਿਚ ਇਕ ਇਕ ਗੁਣ ਹੈਨ ਓਹਨਾਂ ਦੀ ਮਹਿਮਾ ਬੇਅੰਤ ਹੈ ਅਤੇ ਗੁਰਾਂ ਦੇ ਚਰਨਾਂ ਦੀ ਸਮਤਾ ਕੌਣ ਪਾ ਸਕਦਾ ਹੈ ਜਿਸ ਪ੍ਰਸੰਗ ਨੂੰ ਕਥਨ ਕਰਦੇ ਹੈਨ ਆਪ ਆਖਦੇ ਹਨ ਕਿ ਸਾਰੀਆਂ ਸੁਗੰਧੀਆਂ ਮਿਲਨ ਤਾਂ ਇਕ ਅਰਗਜਾ ਹੁੰਦਾ ਹੈ ਭਾਵ ਕੀ ਕਿ ਬਹੁਤ ਸਾਰੀਆਂ ਸੁਗੰਧੀਆਂ ਫੁਲੇਲ ਆਦਿਕ ਕਠੀਆਂ ਕਰੀਏ ਤਾਂ ਉਸਦਾ ਨਾਮ ਇਕ ਅਰਗਜਾ ਆਖਦੇ ਹਨ ਪਰ ਓਹ ਅਰਗਜੇ ਕਰੋੜ ਹਾਂ ਹੀ ਮਿਲਨਾ ਕਰਨ ਤਾਂ ਗੁਰਾਂ ਦੇ ਚਰਨ ਕਮਲਾਂ ਵਿਚ ਜੋ (ਸੁਬਾਸ) ਸੁਗੰਧੀ ਭਗਤੀ ਨਿਵਾਸ ਕਰਦੀ ਹੈ ਉਸ ਨੂੰ ਵੇਖਕੇ ਓਹ ਕ੍ਰੋੜਾਂ ਅਰਗਜਿਆਂ ਦੀਆਂ ਸੁਗੰਧੀਆਂ (ਬਿਸਮ) ਅਸਚਰਜ ਹੈਰਾਨ ਹੋ ਜਾਂਦੀਆਂ ਹੈਨ ਭਾਵ ਗੁਰਾਂ ਦੇ ਚਰਨ ਕਮਲਾਂ ਵਿਚ ਜੋ ਸਿਖ ਭਗਤੀ ਕਰਦੇ ਹਨ ਜੋ ਅਨੰਦ ਓਹਨਾਂ ਨੂੰ ਹੈ ਓਹ ਅਨੰਦ ਐਸੇ ਰਾਜ ਭਾਗ ਦੇ ਪ੍ਰਾਪਤ ਹੋਣ ਨਾਲ ਅਤੇ ਫੁਲੇਲ ਆਦਕ ਦੇ ਲਾਉਣ ਨਾਲ ਸੁਖ ਨਹੀਂ ਹੈ ॥

ਸਕਲ ਅਨੂਪ ਰੂਪ ਕਮਲ ਬਿਖੈ ਸਮਾਤ

ਹੇਰਤ ਹਿਰਾਤ ਕੋਟਿ ਕਮਲਾ ਪ੍ਰਗਾਸ ਕੈ ।

ਸਾਰੇ ਸੁੰਦਰ ਸਰੂਪ (ਕਮਲ) ਲਛਮੀ ਮਾਇਆ ਵਿਚ (ਸਮਾਤ) ਸਮਾਏ ਹੋਏ ਹਨ ਭਾਵ ਮਾਯਾ ਨਾਲੋਂ ਕੋਈ ਵੀ ਚੰਗਾ ਨਹੀਂ ਹੈ ਪਰ ਆਪ ਆਖਦੇ ਹਨ ਕਿ ਇਕ ਲਾਛਮੀ ਕੀ (ਕੋਟ) ਕਰੋੜਹਾਂ ਹੀ ਜੋ (*ਕਮਲਾ) ਲੱਛਮੀਆਂ ਪ੍ਰਕਾਸ਼ (ਕੈ) ਕਰਨ ਵਾਲੀਆਂ ਹੈਨ ਸੋ ਗੁਰਾਂ ਦੇ ਸੁੰਦਰ ਸਰੂਪ ਨੂੰ (ਹੇਰਤ) ਦੇਖਕੇ (ਹਿਰਾਤ) ਹੈਰਾਨ ਕਮਲੀਆਂ ਹੋਈਆਂ ਰਹਿੰਦੀਆਂ ਹਨ ॥

ਸਰਬ ਨਿਧਾਨ ਮਿਲ ਪਰਮ ਨਿਧਾਨ ਭਏ

ਕੋਟਿਕ ਨਿਧਾਨ ਹ੍ਵੈ ਚਕਿਤ ਸੁ ਬਿਲਾਸ ਕੈ ।

ਸਾਰੇ (ਨਿਧਾਨ) ਖਜ਼ਾਨੇ ਮਿਲਨ ਤਾਂ ਇਕੁ (ਪਰਮ) ਉਤਕ੍ਰਿਸ਼ਟ ਭਾਵ ਉੱਤਮ, ਨੌਂਆਂ ਨਿਧਾਨ ਖਜ਼ਾਨਾ ਹੁੰਦਾ ਹੈ ਭਾਵ ਕੀ ਕਿ ਬਹੁਤ ਚੂੰ ਦੀਆਂ ਰਿਧੀਆਂ

---

*ਅਗਾਹੂੰ ਦੇ (ਕਮਲ) ਲਛਮੀ ਦਾ ਦੂਸਰਾ ਪਦ ਭੀ ਹੈ ਜਿਸ ਦੇ ਅਰਥ ਕੇ ਪਾਨ ਵਾਸਤੇ ਫੈਲਾ ਨਹੀਂ ਹੈ ਪਰ ਸਿੰਗਾਲ ਆਖਦਾ ਹੈ ਰੂਪ ਗੁਣ ਕਰ ਲਾਪ੍ਰ ਹੋਤ ॥

ਕਾ (ਪਰਮ) ਉਤਕ੍ਰਿਸ਼ਟ ਬੜਾ ਵਡੇ (ਨਿਧਾਨ) ਖਜ਼ਾਨੇ ਦੇ ਤੁਲ ਜੋ ਸਮੁੰਦ੍ਰ ਰੂਪ ਹਨ ਹੈ) ਪਰੀਚਣਾ ਕੀਤੇ।

ਗੁਰ ਸਿਖ ਸੰਧ ਮਿਲੇ ਸੰਗਮ ਸਮਾਗਮ ਕੈ
ਮਾਇਆ ਮੈ ਉਦਾਸ ਭਵ ਤਰਤ ਸੰਸਾਰ ਹੈ ॥੨੩॥੬੭

ਜੋ ਸਿਖ ਗੁਰਾਂ ਦੀ ਸਿਖਿਆ ਦੀ (ਸੰਧ) ਸਿਰਨੌਂ ਵਿਚ ਮਿਲੇ ਹਨ ਅਤੇ (ਸੰਗਮ) ਸੰਤਾਂ ਦੇ ਸਤਸੰਗਾਂ ਦਾ ਸਮਾਗਮ (ਵੇ) ਕੀਤਾ ਹੈ ਭਾਵ ਜੋ ਸਤ ਸੰਗ ਵਿਚ ਮਿਲੇ ਹਨ ਓਹ (ਮਾਇਆ) ਸੰਸਾਰ ਵਿਚ ਰਹਿਕੇ ਹੀ ਗ੍ਰਿਹਸਤੀ ਉਦਾਸੀਨ ਹਨ ਵਾ ਸਰੀਰ ਕਰਕੇ ਮਾਯਾ ਵਿਚ ਹਨ ਅਤੇ ਚਿਤ ਕਰਕੇ ਉਦਾਸੀਨ ਹੁੰਦੇ ਹਨ ਇਸ ਵਾਸਤੇ ਓਹ (ਭਵ) ਸੰਸਾਰ ਤੋਂ ਤਰ ਜਾਣਗੇ ਵਾ ਤਰ ਜਾਂਦੇ ਹਨ ॥ ੨੩ ॥ ੬੭ ॥

ਚਰਨ ਕਮਲ ਮਕਰੰਦ ਰਸ ਲੁਭਤ ਹ੍ਵੈ
ਨਿਜ ਘਰ ਸਹਜ ਸਮਾਧ ਲਿਵਲਾਗੀ ਹੈ।

ਉਨ੍ਹਾਂ ਗੁਰਮੁਖਾਂ ਦੀ ਉਪਮਤਾ ਕਰਦੇ ਹਨ। ਆਪ ਆਖਦੇ ਹਨ ਜਿ ਜੋਹੜੇ ਗੁਰ ਸਿਖ ਗੁਰਾਂ ਦੇ ਚਰਨ ਕਮਲਾਂ ਦੀ ਮਕਰੰਦ (ਰਸ) ਫੁਲਾਂ ਦੀ ਧੂੜੀ ਵਾ ਖੁਸ਼ੀ ਦਾ ਪ੍ਰੇਮਾਭਗਤੀ ਮੈਂ ਲੁਭਾਇਮਾਨ ਹੋਏ ਹਨ, ਭਾਵ ਲੋਭੀ ਹਨ ਉਨ੍ਹਾਂ ਦੀ (ਨਿਜ ਘਰ) ਸ੍ਵੈ ਸਰੂਪ ਵਾਹਿਗੁਰੂ ਮੇਂ (ਸਹਜ) ਅਡੋਲ ਵਾ ਅਹਿਲੇ ਦਾ ਸਮਾਧੀ ਲਾਕੇ (ਲਿਵ) ਚਿਤ ਬ੍ਰਿਤੀ ਲਗਾਈ ਰਖਦੇ ਹੈਨ ਭਾਵ ਪ੍ਰੀਤੀ ਵਾਹਿਗੁਰੂ ਨਾਲ ਉਨ੍ਹਾਂ ਦੀ ਲੱਗੀ ਰਹਿੰਦੀ ਹੈ।

ਚਰਨ ਕਮਲ ਮਕਰੰਦ ਰਸ ਲੁਭਤ ਹ੍ਵੈ
ਗੁਰਮਤਿ ਰਿਦੈ ਜਗਮਗ ਜੋਤਿ ਜਾਗੀ ਹੈ।

ਜੋਹੜੇ ਗੁਰਾਂ ਦੇ ਚਰਨ ਕਮਲਾਂ ਦੀ ਮਕਰੰਦ ਰਸ ਫੁਲਾਂ ਦੀ ਖੁਸ਼ੀ ਪ੍ਰੇਮਭਗਤੀ ਵਿਚ ਲਗੇ ਹਨ ਉਨ੍ਹਾਂ ਦੇ ਹਿਰਦੇ ਵਿਚ (ਗੁਰਮਤਿ) ਵਰਗੀ ਮਨ ਨਾਲ ਜਾਗੀ ਅਤੇ ਉਨਹਾਂ ਨੂੰ (ਜਗਮਗ) ਇਕ ਰਸ ਪ੍ਰਕਾਸ਼ ਵਾਲੀ ਜੋਤ ਜਾਗੀ।

ਚਰਨ ਕਮਲ ਮਕਰੰਦ ਰਸ ਲੁਭਤ ਹ੍ਵੈ
ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ।

ਜੋਹੜੇ ਗੁਰਾਂ ਦੇ ਚਰਨ ਕਮਲਾਂ ਦੀ ਮਕਰੰਦ (ਰਸ) ਫੁਲਾਂ ਦੀ ਖੁਸ਼ੀ ਦਾ ਪ੍ਰੇਮਭਗਤੀ ਰੂਪ ਲਟੋਂ ਲਏ ਜਿਨ੍ਹਾਂ ਨੇ ਹੀ ਅੰਮ੍ਰਿਤ ਦਾ (ਨਿਧਾਨ) ਸਮੁੰਦ੍ਰ ਜਿਸ ... ਪੀਤਾ ਹੈ ... ਉਨ੍ਹਾਂ ਨੂੰ ਦੇ ਨਾਮ ਦੀ ਪ੍ਰੇਮਾਭਗਤੀ ... ਅਤੇ

ਬੁਲ੍ਹਾਂ ਦਾ [illegible] ਅੰਮ੍ਰਿਤ [illegible] ਰਸ ਚੱਖ ਰਹੇ ਹੈਂ ॥

ਤੈਸੇ ਕਲਿਮਲ ਮਕਰੰਦ ਰਸ ਲੁਭਿਤ ਹ੍ਵੈ
ਮਾਯਾ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ ॥੪੯॥

ਏਹਨਾਂ ਗੁਰ੍ਹਾਂ ਦੇ ਚਰਨ ਕਮਲਾਂ ਦੀ (ਮਕਰੰਦ ਰਸ) ਧੂੜੀ [illegible] ਰਸ ਦਾ ਨੀ ਦੇ ਪ੍ਰੇਮਾ ਭਗਤੀ ਵਿਚ ਲਗ ਰਹ ਉਹ (ਮਾਇਆ) [illegible] ਹੀ ਰਹਿੰਦੇ ਉਦਾਸੀਨ ਰਹਿੰਦਿਹਨ ਜਾਂ ਮਾਇਆਂ ਵਿਚ ਉਦਾਸੀਆਂ [illegible] ਹਨ ਤਾਂ ਐਸਾ ਵਿਰਲਾ ਕੋਈ ਸਮਾਨ ਕੋਈ ਵਿਰਲਾ ਹੀ ਵਿਰਾਗੀ ਹੁੰਦਾ ਹੈ [illegible] [illegible] ਦੇ ਲੱਛਨ ਹੈ ॥ ੩੪ ॥ ੪੯ ॥

ਜੈਸੇ ਨਾਉ ਬੂਡਤ ਮੈ ਜੋਈ ਚਢੈ ਸੋਈ ਬੂਡੈ
ਬੂਡ ਜਾਇ ਪਾਛੈ ਪਛੁਤਾਏ ਰਹਿਜਾਤ ਹੈ ।

ਇਸ ਤਰਾਂ ਦਾ ਭਾਈ ਜੀ ਦਾ ਕਥਨ ਸੁਣਕੇ ਸੰਗਤ [illegible] [illegible] ਸਾਡਾ ਹੁਣ ਕੁਝ ਨਹੀ ਸਰਦਾ ਕਿਉਂ ਕਿ ਅਸੀ ਹੁਣ ਬੁਢੇ ਹੋ ਗਏ ਹਾਂ [illegible] ਜੇਕਰ ਅਸਾਂ ਨਾਮ ਵੀ ਜਪਿਆ ਤਾਂ ਕੇਹੜਾ ਸਾਡਾ ਭਲਾ ਹੋਣ ਲਗਾ ਹੈ [illegible] ਜੀ ਕਿ ਅਸੀ ਹੁਣ ਬਿਰਧ ਹੋ ਗਏ ਹਾਂ ਸਾਡਾ ਹੁਣ ਕੁਝ ਨਹੀ [illegible] ਅਸਾਂ ਏਹਾ ਵਸ ਪਵਾਂਗੇ ਤਾਂ ਭਾਣਾ ਸਾ ਆਖਣ ਲਗੇ

ਯਥਾ ਗੁਰੂ ਵਾਕ

ਜਬ ਲਗੁ ਜਰਾ ਰੋਗੁ ਨਹੀ ਆਇਆ। ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ। ਜਬ ਲਗੁ ਬਿਕਲ ਭਈ ਨਹੀ ਬਾਨੀ। ਭਜਿ ਲੇਹਿ ਰੇ ਮਨ ਸਾਰਿਗਪਾਨੀ।

"ਦ੍ਰਿਸ਼ਟਾਂਤ"

[illegible] ਬੇੜੀ ਡੁਬਦੀ ਵਿਚ ਜੋ ਕੁਝ ਚੜੇ ਸੰਈਓ ਹੀ ਡੁਬਦਾ ਹੈ [illegible] [illegible] ਡੁਬਣ ਲਗੇ ਤਾ ਜੋ ਕੁਝ ਸੰਭਾਲ ਲਈਏ ਸੋਈਓ [illegible] ਹੁੰਦਾ ਹੈ ਜਦ ਬੇੜੀ ਡੁਬ ਜਾਵੇ ਤਾਂ ਪਿਛੋ ਪਛਤਾਪ ਰਹਿ ਜਾਂਦਾ ਹੈ ਕਿ [illegible] [illegible] ਅਸਾਂ ਪਕੜ ਨ ਲਈ ਤੈਸੇ ਹੀ ਜੋ ਕੁਝ ਇਸ ਸਰੀਰ ਪਾਸੋਂ [illegible] [illegible] ਜਾਂਦਾ ਹੈ ਸੋਈਓ ਹੀ ਅੱਛਾ ਹੈ ਓਨੇ ਹੀ ਸਵਾਸ ਰਹੇ ਹੋਏ [illegible] [illegible] ਜਦ ਸਾਂ ਨੇ ਪਕੜ ਲਿਆ ਹੀ ਪਛਤਾਪ ਰਹਿ ਜਾਵੇਗਾ।

ਜੈਸੇ ਘਰ ਲਾਗੀ ਆਗ ਜੋਈ ਕਾਢੈ ਸੋਈ ਕਾਢੈ
[illegible] ਬਾਕੀ ਨ ਬਚਾਤ ਹੈ ।

[illegible]
[illegible]

ਮਰ ਜਲਕੇ ਛਾਰ ਹੋਇ ਜਾਵੇ ਤਾਂ ਕੁਛ (ਅਤੁ ਨ [illegible]) ਹੁੰਦਾ ਨਹੀਂ [illegible] ਹੈ ॥

ਜੈਸੇ ਚੋਰ ਲਾਗੀ ਜਾਗੈ ਸੋਈ ਰਹੈ ਸੋਈ ਭਲੋ
ਸੋਇ ਗਏ ਰੀਤੋ ਘਰ ਦੇਖੈ ਉਠ ਪ੍ਰਾਤ ਹੈ ।

ਜੈਸੇ ਜਦ ਚੋਰ ਚੋਰੀ ਕਰਨ ਘਰ ਵਿਚ ਲਗੇ ਤਾਂ ਉਸ ਵਕਤ ਜਾਗ ਪਵੇ ਆਲਸ ਨਾ ਕਰੇ ਤਾਂ ਜੋ ਕੁਛ ਰਹਿ ਜਾਵੇ ਸੋਈ ਭਲਾ ਹੋ ਜਾਵੇ ਅਪਨਾ ਹੋ ਜਾਂਦਾ ਹੈ ਅਤੇ ਉਸ ਵਕਤ ਆਲਸ ਕਰਕੇ ਸੌਂ ਜਾਵੇਗਾ ਤਾਂ ਸੁਬਹ ਉਠ ਜਾਵੇਗਾ ਤਾਂ ਘਰ (ਰੀਤੇ) ਖਾਲੀ ਦੇਖੇਗਾ, ਇਹ ਦ੍ਰਿਸ਼ਟਾਂਤ ਹੈ ਸਾਰਾ ॥

ਤੈਸੇ ਅੰਤ ਕਾਲ ਗੁਰ ਚਰਨ ਸਰਨ ਜਾਇ
ਪਾਵੈ ਮੋਖ ਪਦਵੀ ਨਤਰ ਬਿਲਲਾਤ ਹੈ ॥੬੪॥੯੬॥

ਅਬ ਦਾਰਸ਼ਟਾਂਤ ਵਰਨਨ ਕਰਦੇ ਹੈਨ ਤੈਸੇ ਹੀ ਮਰਨ ਦੇ ਵਕਤ ਜੋ ਜੀਵ ਗੁਰਾਂ ਦੇ ਚਰਨਾਂ ਦੀ ਸ਼ਰਨ ਨੂੰ ਆਵੇ ਤਾਂ ਮੋਖ ਪਦਵੀ ਨੂੰ ਪਾਉਂਦਾ ਹੈ ਭਾਵ ਵਾਹਿਗੁਰੂ ਨਾਲ ਮਿਲ ਜਾਂਦਾ ਹੈ (ਨਤਰ) ਨਹੀਂ ਤਾਂ ਕਰਮਾਂ ਨੂੰ (ਬਿਲਲਾਤ) ਰੋਂਦਾ ਰਹਿੰਦਾ ਹੈ ॥ ੬੪॥੯੬ ॥

ਅੰਤਕਾਲ ਏਕ ਘਰੀ ਨਿਗ੍ਰਹ ਕੈ ਸਤੀ ਹੋਇ
ਧੰਨਜ ਧੰਨਜ ਕਹਤ ਹੈ ਸਕਲ ਸੰਸਾਰ ਜੀ ।

ਅਬ ਆਪ ਕਥਨ ਕਰਤੇ ਹੈਂ ਕਿ ਗੁਰਾਂ ਦੇ ਚਰਨਾਂ ਦੀ ਸ਼ਰਨ ਤਾਂ ਜੀਵ ਆ ਗਿਆ ਪਰ ਜਿੰਨਾਂ ਚਿਰ ਮਨ ਨਾ ਇਕਾਗਰ ਕਰੇ ਉਤਨਾਂ ਚਿਰ ਕਦੇ ਮੁਕਤੀ ਨਹੀਂ ਹੋ ਸਕਦਾ ਇਕ ਘੜੀ ਦੇ ਮਨ ਇਕਾਗਰ ਪਰ ਕਥਨ ਕਰਦੇ ਹੈਨ (ਅੰਤ) ਚੋਂ ਮਰਨ ਦੇ ਵਕਤ ਪਰ ਜੇਕਰ (ਨਿਗ੍ਰਹ ਕੈ) ਹੋਣ ਕਰਕੇ ਸਤੀ ਪਤੀ ਦੀ ਚਿਖਾ ਉਪਰ ਚੜ੍ਹ ਜਾਵੇ ਅਤੇ ਸੜਕੇ ਸਤੀ ਹੋ ਜਾਵੇ ਤਾਂ ਸਾਰਾ ਸੰਸਾਰ ਧੰਨ ਧੰਨ ਕਹਿੰਦਾ ਹੈ ।

ਅੰਤਕਾਲ ਏਕ ਘਰੀ ਨਿਗ੍ਰਹ ਕੈ ਜੋਧਾ ਜੂਝੈ
ਇਤ ਉਤ ਜਤ ਕਤ ਹੋਤ ਹੈ ਜੈਕਾਰ ਜੀ ।

ਅੰਤ ਦੇ ਸਮੇਂ ਇਕ ਘੜੀ (ਨਿਗ੍ਰਹ ਕੈ) ਹਠ ਕਰਕੇ ਰਣ ਵਿਚ ਸੂਰਮਾ ਲੜ ਕੇ ਮਰ ਜਾਵੇ ਤਾਂ (ਇਤ) ਇਸ ਲੋਕ ਵਿਚ ਅਤੇ (ਉਤ) ਪਰਲੋਕ ਸੁਰਗ ਵਿਚ ਜਸ ਹੁੰਦਾ ਹੈ ਅਤੇ ਜਿਥੇ ਕਿਥੇ ਜੈ ਜੈ ਕਾਰ ਹੁੰਦਾ ਹੈ ॥

ਅੰਤਕਾਲ ਏਕ ਘਰੀ ਨਿਗ੍ਰਹ ਕੈ ਚੋਰ ਮਰੈ
ਫਾਸੀ ਕੈ ਸੂਰੀ ਚਢਾਇ ਜਗ ਮੈ ਧਿਕਾਰ ਜੀ।

ਪਰ (ਅੰਤਿ) ਓੜਕ ਦੇ ਸਮੇ ਇਕ ਘੜੀ (ਨਿਗ੍ਰਹ ਕੈ) ਹਠ ਕਰਕੇ ਚੋਰ ਮਰ ਜਾਂਦਾ ਹੈ ਭਾਵ ਇਕ ਘੜੀ ਹਠਕਰਕੇ ਚੋਰ ਚੋਰੀ ਕਰਦਾ ਹੈ ਅਰ ਉਸ ਦਾ ਅੰਤ ਕਾਲ ਆ ਜਾਂਦਾ ਹੈ ਪਿਛਲਿਆਂ ਨੇ ਦੇਖ ਅੱਛੇ ਦਾ ਅੱਛਾ ਫਲ ਲਿਆ ਅਤੇ ਚੋਰ ਨੇ ਇਸ ਮਾੜੇ ਹਠ ਦਾ ਐਸਾ ਫਲ ਲੈ ਲਿਆ ਉਸ ਚੋਰ ਨੂੰ ਫਾਂਸੀ ਦੇ ਕੇ (ਕੈ ਵਾ ਸੂਰੀ) ਸੂਲੀ ਚੜ੍ਹਾਇਕੇ ਮਾਰ ਦੇਂਦੇ ਹਨ ਅਤੇ ਸਾਰਾ ਜਗਤ ਉਸ ਨੂੰ ਧ੍ਰਿਕਾਰ ਧ੍ਰਿਕਾਰ ਕਰਦਾ ਹੈ॥

ਤੈਸੇ ਦੁਰਮਤ ਗੁਰਮਤ ਹੈ ਅਸਾਧ ਸਾਧ
ਸੰਗਤ ਸੁਭਾਵ ਗਤਿ ਮਾਨਸ ਔਤਾਰ ਜੀ॥੨੦॥੨੦॥

ਤੈਸੇ ਹੀ ਅਸਾਧਾਂ ਦੀ ਸੰਗਤ (ਕੈ) ਕਰਕੇ (ਦੁਰਮਤਿ) ਖੋਟੀ ਬੁਧ ਪ੍ਰਾਪਤੀ ਮਿਥਿਆ ਆਦੀ ਭਾਵ ਕੀ ਕਿ ਖੋਟਿਆਂ ਪੁਰਸ਼ਾਂ ਦੀ ਸੰਗਤ ਦਾ ਖੋਟਾ ਫਲ ਹੈ ਜੈਸੇ ਕਿ ਚੋਰ ਨੇ ਚੋਰ ਨਾਲ ਬੈਠਕੇ ਚੋਰੀ ਸਿਖੀ ਅਤੇ ਫਾਂਸੀ ਚੜ੍ਹਕੇ ਮਰ ਗਿਆ ਅਤੇ (ਸਾਧ) ਸੰਤਾਂ ਦੀ ਸੰਗਤ ਕਰਕੇ (ਗੁਰਮਤਿ) ਚੰਗੀ ਬੁਧ ਪ੍ਰਾਪਤੀ ਇਹ ਸੰਗਤ ਦਾ ਸੁਭਾਉ (ਗਤਿ) 'ਪ੍ਰਾਪਤ' ਮਿਲਦਾ ਹੈ, ਜੈਸੀ ਸੰਗਤ ਕਰੇ ਤੈਸਾ ਹੀ ਫਲ ਮਿਲਦਾ ਹੈ ਤਿਸ ਪਰ ਭਾਈ ਜੀ ਅਫ਼ਸੋਸ ਕਰਦੇ ਹੈਨ ਕਿ ਮਾਨੁਸ਼ ਜਨਮ ਉਤਮ ਸਰਬ ਜੂਨੀਆਂ ਵਿਚੋਂ ਇਸ ਜੀਵ ਨੂੰ ਮਿਲਿਆ ਸੀ (ਅਵਤਾਰਾਂ ਵਾਲਾ) ਪਰ ਇਸਨੇ ਖੋਟਿਆਂ ਦੀ ਸੰਗਤ ਕਰਕੇ ਐਵੇਂ ਨਿਸਫਲ ਖੋ ਲਿਆ ਅਤੇ ਗੁਰਮੁਖਾਂ ਨੇ ਮਨੁਸ਼ ਅਵਤਾਰ ਅਪਨਾ ਸੰਗਤ ਕਰਕੇ ਸਫਲਾ ਕਰ ਲਿਆ॥ ੨੦ ॥੨੦॥

ਆਦਿ ਕੈ ਅਨਾਦਿ ਅਰ ਅੰਤ ਕੈ ਅਨੰਤ ਅਤਿ
ਪਾਰ ਕੈ ਅਪਾਰ ਨ ਅਥਾਹ ਥਾਹ ਪਾਈ ਹੈ।

ਅਬ ਆਪ ਇਸ ਪਰ ਕਥਨ ਕਰਦੇ ਹੈਨ ਕਿ ਜਿਨ੍ਹਾਂ ਗੁਰਮੁਖਾਂ ਦੀ ਸਤਿ ਸੰਗਤ ਵਿਚ ਮਿਲਕੇ ਗੁਰਮਤ ਪ੍ਰਾਪਤ ਹੋਈ ਹੈ, ਓਹ ਗੁਰੂ ਕੈਸੇ ਹੈਨ ਭਾਵ ਜਿਨ੍ਹਾਂ ਗੁਰਾਂ ਦੀ ਗੁਰਮਤ ਦਾ ਐਸਾ ਪ੍ਰਤਾਪ ਹੈ ਓਹ ਗੁਰੂ ਆਪ ਕਿਸਤਰਾਂ ਦੇ ਹਨ ਪਰ ਅਕਾਲ ਪੁਰਖ ਦਾ ਵਿਸ਼ੇਸ਼ਨ ਲੈ ਲੈਣਾ ਹੈ ਕਿ ਓਹ ਵਾਹਿਗੁਰੂ ਕੈਸਾ ਹੈ ਗੁਣਾਤੀਤ ਦਾ ਕਥਨ ਕਿਸਤਰਾਂ ਹੋ ਸਕੇ (ਆਦਿ ਕੈ) ਓਹ ਵਾਹਿਗੁਰੂ ਪਹਿਲੇ ਦਾ ਹੋਣਾ ਹੈ ਮੂਲ, ਉਸਦਾ (ਅਨਾਦਿ) ਉਤਪਤੀ ਤੇ ਹਿਲਨਾ ਤੇ ਰਹਿਤ ਹੈ ਅਰ ਉਸਦਾ ਅੰਤ (ਕੈ) ਕੋਈ ਕਰੀਏ ਤਾਂ ਓਹ ਅਨੰਤ ਹੈ (ਅਤਿ) ਅਤਸੈ ਕਰਕੇ

ਅਤੇ ਉਸ ਵਾਹਿਗੁਰੂ ਦਾ ਪਾਰਾਵਾਰ ਪਾਈਏ ਤਾਂ ਅਪਾਰ ਹੈ ਅਰ ਉਸ ਅਗਾਧ ਦੀ (ਥਾਹ) ਥਾਹ ਭੀ ਨਹੀਂ ਪਾਈ ਜਾਂਦੀ। ਸਾਧਾਰਨ ਅਰਥ—ਗੁਰ ਦੀ ਵਡਿਆਈ ਐਸੀ ਹੈ ਅਤੇ ਓਹ ਗੁਰੂ ਕੈਸੇ ਹੈਂ ਕਿ ਸਭ ਦਾ ਆਦਿ ਹੈਂ ਫਿਰ (ਅਨਾਦਿ) ਉਤਪਤੀ ਜਨਮ ਮਰਨ ਤੋਂ ਰਹਿਤ ਹੈਂ ਵ ਪਹਿਲੇ ਦੇ ਜੋ ਹੈਂ ਤਿਨ੍ਹਾਂ ਦੇ ਵੀ ਪਹਿਲੇ ਦੇ ਹੈਂ ਅਤੇ ਅੰਤ ਲੈਣਾ ਕਰੀਏ ਤਾਂ ਉਨ੍ਹਾਂ ਦਾ ਅੰਤ ਨਹੀਂ ਲਿਆ ਜਾਂਦਾ ਪਾਰਾਵਾਰ ਪਾਉਣਾ ਚਾਹੀਏ ਤਾਂ ਅਪਾਰ ਹੈ ਅਰ ਓਹਨਾਂ ਦੀ ਥਾਹ ਲੈਣੀ ਚਾਹੀਏ ਤਾਂ ਗੁਰੂ ਅਥਾਹ ਹੈਂ ਕਿਸੇ ਨੇ ਵੀ ਉਨ੍ਹਾਂ ਦੀ ਮਹਿਮਾ ਦਾ ਥਾਹ ਨਹੀਂ ਪਾਈ ਹੈ॥

ਮਿਤਿ ਕੈ ਅਮਿਤਿ ਅਰ ਸੰਖ ਕੈ ਅਸੰਖ ਪੁਨ
ਲੇਖ ਕੈ ਅਲੇਖ ਨਹੀਂ ਤੋਲ ਕੈ ਤੁਲਾਈ ਹੈ।

(ਮਿਤ) ਮਰਯਾਦਾ ਤੇ (ਅਮਿਤ) ਰਹਿਤ ਹੈ ਵ ਵਡਾ ਹੈ ਅਰ (ਸੰਖ) ਗਿਣਤੀ ਤੇ (ਅਸੰਖ) ਅਣਗਿਣਤ ਹੈ ਅਤੇ ਉਸਦੀ ਵਡਿਆਈ ਵਾ ਮਹਿਮਾ ਦਾ ਲੇਖ (ਕੈ) ਕਰਨਾ ਚਾਹੀਏ ਤਾਂ (ਅਲੇਖ) ਲਿਖਣ ਤੋਂ ਰਹਿਤ ਹੈ ਅਤੇ ਉਸਦੀ ਮਹਿਮਾ (ਤੋਲ) ਤਕੜੀ (ਕੈ) ਕਰਕੇ ਤੁਲੀ ਨਹੀਂ ਜਾਂਦੀ॥

ਨੋਟ—ਗੁਰੂ ਤੇ ਈਸ਼ਰ ਦੇ ਵਿਸ਼ੇਸ਼ਣ ਹੈਂ॥

ਅਰਧ ਉਰਧ ਪਰ ਜੰਤ ਕੈ ਅਪਾਰ ਜੰਤ
ਅਗਮ ਅਗੋਚਰ ਨ ਮੋਲ ਕੈ ਮੁਲਾਈ ਹੈ।

(ਅਰਧ) ਜ਼ਮੀਨ (ਉਰਧ) ਅਕਾਸ਼ (ਪਰਜੰਤ) ਤਾਈਂ (ਕੈ) ਦੇਖਣਾ ਬਣਾਈਏ ਤਾਂ ਉਸਦੇ (ਜੰਤ) ਜੀਵ ਅਗਮ ਬਿਅੰਤ ਹੀ ਹੁੰਦੇ ਹੋਏ ਹਨ ਵ ਜੋ ਨੀਚੇ ਉਤੇ ਜੀਵ ਹੈਂ ਉਹਨਾਂ ਕਰਕੇ ਉਸ ਨੂੰ ਵੇਖਣਾ ਕਰੀਏ ਤਾਂ ਵੇਖਿਆ ਨਹੀਂ ਜਾਂਦਾ ਵ ਜੋ ਨੀਚੇ ਉਤੇ ਜ਼ਿਮੀਂ ਅਸਮਾਨ ਦੇ ਜੀਵ ਹੈਂ ਓਹ ਉਸ ਵਾਹਿਗੁਰੂ ਨੂੰ ਦੇਖ ਨਹੀਂ ਸਕਦੇ ਅਤੇ ਉਸਦੀ ਮਹਿਮਾ ਦਾ ਮੁੱਲ ਕਰੀਏ ਤਾਂ ਕਰਿਆ ਨਹੀਂ ਜਾਂਦਾ ਪਰ ਆਪ ਓਹ ਕੈਸਾ ਹੈ (ਅਪਾਰ) ਬੇਅੰਤ ਹੈ ਅਤੇ (ਅਗੋਚਰ) ਮਨ ਬਾਣੀ ਆਦਿਕ ਇੰਦ੍ਰਿਆਂ ਤੋਂ ਪਰੇ ਹੈ ਭਾਵ ਵੇਖਿਆ ਨਹੀਂ ਜਾਂਦਾ। ਈਸ਼ਰ ਵ ਗੁਰੂ ਦੇ ਵਿਸ਼ੇਸ਼ਣ ਹੈ॥

ਪਰਮਦ ਭੂਤ ਅਸਚਰਜ ਬਿਸਮ ਅਤਿ
ਅਬਿਗਤਿ ਗਤਿ ਸਤਿ ਗੁਰ ਕੀ ਬਡਾਈ ਹੈ॥੩੭॥

ਪਿਛੇ ਜੋ ਓਹ ਅਦਭੁਤ ਹੈਗਾ ਸੋ ਅਬ ਭੀ ਓਹ ਅਸਚਰਜ ਹੈ ਅਗੇ ਭੀ ਓਹ (ਬਿਸਮ) ਅਸਚਰਜ ਦੇਖਣਾ ਅਤੀ ਕਰਕੇ ਅਤੇ ਫਿਰ ਕੈਸਾ ਹੈ (ਅ)ਬਿ(ਗਤਿ) ਜਿਸ ਪਾਸ ਜਾਣੀ ਜਾਈ ਨਾ ਹੋਵੇ (ਭ ਗਤਿ) ਅਸਥਗਤਿ ਜਿਸਦੀ ਮਰਯਾਦਾ

ਹੈ ਉਸ ਦੀ ਓਹ ਸੋਭਾ ਕੋ ਪ੍ਰਾਪਤ ਭਯਾ ਸਰਤ ਸਕਤੀ ਸਫਲ ਹੋ ਜਿਸ ਦੀ ਐਸੀ ਮਹਿਮਾ ਦਾ ਵਡਿਆਈ ਹੈ ਓਹ ਸਤਗੁਰੂ ਹੀ ਹੈ, ਜਿਨ੍ਹਾਂ ਗੁਰਮੁਖਾਂ ਦੀ ਸੰਗਤ ਕਰਕੇ ਐਸੀ ਗੁਰਮਤ ਮਿਲੀ ਸੀ ਓਹ ਗੁਰਮਤ ਵਾਲੇ ਹਰੀ ਐਸੇ ਆ ਰੂਪ ਆਪ ਸਤਗੁਰੂ ਨਾਨਕ *ਜੀ ਹੈ। ਵ੨॥ ੭੧॥

ਚਰਨ ਸਰਨ ਗੁਰ ਤੀਰਥ ਪੁਰਬ ਕੋਟਿ
ਦੇਵੀ ਦੇਵ ਸੇਵ ਗੁਰ ਚਰਨ ਸਰਨ ਹੈ।

ਜੋ ਸਾਰੇ ਭਾਈ ਦੂਰਗਾ ਪ੍ਰਗਟ ਕਰਨ ਪਰ ਝਗੜਦੇ ਹੋਨ ਉਨਾਂ ਨੂੰ ਇਨਾਮ ਮਿਲਦਾ ਹੈ ਪਰ ਭਾਈ ਜੀ ਗੁਰਾਂ ਦੇ ਚਰਨ ਕਮਲਾਂ ਦੀ ਸਰਨ ਆਉਣ ਦੀ ਮਹਿਮਾ ਵਰਨਨ ਕਰਦੇ ਹਨ ਆਪ ਕੋ ਆਖਦੇ ਹਨ ਕਿ ਗੁਰਾਂ ਦੇ ਚਰਨਾਂ ਦੀ ਸਰਨ ਵਿਚ ਕਰੋੜਾਂ ਹੀ ਤੀਰਥਾਂ ਦੇ ਪੁਰਬਾਂ ਦਾ ਸਹਾਰਮ ਹੈ ਵ ਕ੍ਰੋੜਾਂ ਹੀ ਤੀਰਥ ਪੁਰਬਾਂ ਵਾਲੇ ਗੁਰਾਂ ਦੇ ਚਰਨਾਂ ਦੀ ਸਰਨ ਵਿਚ ਪਏ ਰਹਿੰਦੇ ਹਨ ਭਾਵ ਕਿ ਕੀ ਨਾ ਆਦਰ ਤੀਰਥ ਪੁਰਬਾਂ ਵਾਲੇ ਆਖਦੇ ਹਨ ਕਿ ਅਸਾਨੂੰ ਪਾਪੀਆਂ ਨੇ ਅਪ ਵਿਤ੍ਰ ਕੀਤਾ ਹੈ ਤੁਸੀ ਕਿਰਪਾ ਕਰਕੇ ਸਾਡੇ ਪਾਪ ਦੂਰ ਕਰੋ ਇਸ ਪ੍ਰਕਾਰ ਤੀਰਥਾਂ ਦੇ ਪੁਰਬ ਤੀਰਥਾਂ ਸਮੇਤ ਗੁਰਾਂ ਦੇ ਚਰਨਾਂ ਦੀ ਸਰਨ ਵਿਚ ਪਏ ਰਹਿੰਦੇ ਹੈਨ ਅਤੇ ਦੇਵੀ ਦੇਵਤੇ ਗੁਰਾਂ ਦੇ ਚਰਨਾਂ ਦੀ ਸਰਨ ਕੋ (ਸੇਵ) ਸੇਵਾ ਕਰਨ ਵਾਲੇ ਸੇਵਕ ਹੀ ਬਣੇ ਹੋਏ ਹਨ॥

ਚਰਨ ਸਰਨ ਗੁਰ ਕਾਮਨਾ ਸਫਲ ਫਲ
ਰਿਧਿ ਸਿਧਿ ਨਿਧਿ ਅਵਤਾਰ ਅਮਰਨ ਹੈ।

ਜੇਹੜੇ ਸੰਸਾਰ ਦੇ ਫਲ ਹੈਨ ਵਾ ਧਰਮ ਅਰਥ ਕਾਮ ਮੋਖ ਜੋ ਹੈ ਓਹ ਵੀ ਗੁਰਾਂ ਦੇ ਚਰਨਾਂ ਦੀ ਸਰਨ ਦੀ (ਕਾਮਨਾ) ਇਛਾ ਕਰਕੇ ਸਫਲ ਹੁੰਦੇ ਹੈਨ ਭਾਵ ਓਹ ਚਾਹੁੰਦੇ ਨੇ ਕਿ ਸਾਨੂੰ ਵੀ ਗੁਰਾਂ ਦੀ ਚਰਨ ਸਰਨ ਮਿਲੇ ਅਤੇ ਅਸੀ ਵੀ ਗੁਰਾਂ ਦੀ ਚਰਨ ਸਰਨ ਲੈਕੇ ਸਫਲੇ ਹੋਈਏ ਅਤੇ ਰਿਧੀਆਂ ਸਿਧੀਆਂ ਨਿਧੀਆਂ ਅਤੇ ਅਵਤਾਰ ਵੀ ਸਾਰੇ (ਅਮਰਨ) ਗੁਰਾਂ ਦੇ ਹੁਕਮ ਵਿਚ ਹੈ ਵ ਇਤਨਾ ਵਡ ਸਾਰੇ (ਅਮਰਨ) ਮਰਨ ਸੋਂ ਰਹਿਤ ਹੋਏ ਹੈਨ ਪਰ ਗੁਰਾਂ ਦੇ ਚਰ ਨਾਂ ਦੀ ਸਰਨ ਕਰਕੇ।

ਚਰਨ ਸਰਨ ਗੁਰੂ ਨਾਮ ਨਿਹਕਾਮ ਧਾਮੁ

---

*ਹੁਣ ਸੰਦੇਸ਼ ਸਭ ਗਿਆਨੀਆਂ ਦਾ ਹੈ ਪਰ ਜੇਕਰ ਸਿਧਾ ਅਰਥ ਕਰਨਾ ਹੋਵੇ ਤਾਂ ਅੰਤ ਦੇ ਇਤਨੇ ਅੱਖਰ ਪਕੜ ਲੈਣੇ ਕਿ "ਸਤਗੁਰ ਨਾਨਕ ਜੀ ਹੈ" ਪਿਛਲਾਂ ਅਖਰਾਂ ਦਾ ਸਾਰਾ ਪਿਛਲਾ ਵਿਸਤਾਰ ਹੈ।

ਭਗਤ ਜੁਗਤਿ ਜਗ ਤਾਰਨ ਤਰਨ ਹੈ।

ਗੁਰੂ ਦੇ ਚਰਨਾਂ ਦੀ ਸ਼ਰਨ ਜੋ ਹੈ ਇਹ ਨਿਸ਼ਕਾਮਤਾ ਦਾ ਅਤੇ ਵਾਹਿਗੁਰੂ ਦੇ ਨਾਮ ਦਾ (ਧਾਮ) ਘਰ ਹੈ ਐਸੇ ਗੁਰਾਂ ਦੀ ਭਗਤੀ ਵਿਚ ਜਿਨ੍ਹਾਂ ਨੇ (ਜੁਗਤ) ਜੁੜਨਾਂ ਕਰਿਆ ਹੈ ਭਾਵ ਜੋ ਲਗੇ ਹੋਏ ਹਨ ਉਹ ਹੋਰਨਾਂ ਪਾਪੀਆਂ ਦੇ ਤਾਰਨੇ ਨੂੰ ਸੰਸਾਰ ਸਮੁੰਦ੍ਰ ਵਿਚ (ਤਾਰਨ) ਜਹਾਜ਼ ਬਣੇ ਹੋਏ ਹਨ ਵਾ ਨਿਸ਼ਕਾਮਤਾ ਜੋ ਕਿਸੇ ਪੁੰਨ ਦਾ ਫਲ ਨਾ ਚਾਹੁਣਾ ਅਤੇ ਨਾਮ ਇਤਯਾਦਿਕ ਗੁਣਾਂ ਦਾ ਘਰ ਜੋ ਗੁਰੂ ਹਨ ਐਸੇ ਗੁਰਾਂ ਨੂੰ ਸਮਝਕੇ ਓਹਨਾਂ ਦੀ ਚਰਨ ਸ਼ਰਨ ਵਿਚ ਜੁੜੇ ਹੋਏ ਆਪ ਸੰਸਾਰ ਉਪਰੋਂ ਤਰਨ (ਜਹਾਜ਼) ਵਾਂਗੂੰ ਸਭ ਨੂੰ ਤਾਰਕੇ ਤਰ ਜਾਂਦੇ ਹਨ॥

ਚਰਨ ਸਰਨ ਗੁਰ ਮਹਿਮਾ ਅਗਾਧ ਬੋਧ
ਹਰਨ ਭਰਨ ਗਤਿ ਕਾਰਨ ਕਰਨ ਹੈ ॥ ੭੨

ਇਸ ਵਾਸਤੇ ਭਾਈ ਜੀ ਆਖਦੇ ਹਨ ਕਿ ਗੁਰਾਂ ਦੇ ਚਰਨਾਂ ਦੀ ਸ਼ਰਨ ਦੀ ਜੋ ਮਹਿਮਾ ਹੈ ਉਸਦਾ (ਬੋਧ) ਜਾਨਣਾ ਅਗਾਧ ਮੁਸ਼ਕਲ ਹੈ ਭਾਵ ਅੰਤ ਨਹੀਂ ਪਾਇਆ ਜਾਂਦਾ ਅਤੇ ਓਹ ਗੁਰੂ (ਹਰਨ) ਜਗਤ ਦੀ ਨਸ਼ਟਤਾ ਨੂੰ ਸ਼ਿਵ ਰੂਪ ਹੈਂ ਅਤੇ (ਭਰਨ) ਪਾਲਨ ਨੂੰ ਵਿਸ਼ਨ ਰੂਪ ਹੈਂ ਅਤੇ (ਉਤਪਤੀ) ਉਪਜਾਉਣ ਜੋ ਉਤਪਤੀ ਨੂੰ ਬ੍ਰਹਮਾ ਰੂਪ ਹਨ ਐਸੀ (ਗਤਿ) ਰੀਤੀ ਮਿਰਯਾਦਾ ਦੇ ਧਾਰਨੇ ਨੂੰ (ਕਾਰਨ ਕਰਨ) ਤਕੜੇ ਹਨ ਅਥਵਾ ਆਪਣੇ ਸਿਖਾਂ ਦੇ ਹਿਰਦਿਆਂ ਵਿਚੋਂ ਕਾਮ ਕ੍ਰੋਧ ਆਦਕ ਦੇ ਨਾਸ ਕਰਨੇ ਨੂੰ ਅਤੇ ਸਭ ਸੰਤੋਖਾਦਿ ਗੁਣਾਂ ਦੇ ਭਰਨੇ ਨੂੰ ਸਮਰਥ (ਗਤਿ) ਮੁਕਤੀ ਦੇ ਦੇਣ ਨੂੰ ਵਾ ਐਸੇ ਹਰਨ ਭਰਨ ਨੂੰ ਤਕੜੇ ਹੈਨ।

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰ ਡਾਰੇ।
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥ ੨੯ ॥ ੧੨॥
(ਬਿਹਾਗੜਾ ਗੁਰੂ ੯)

ਗੁਰ ਸਿਖ ਏਕ ਮੇਕ ਰੋਮ ਮਹਿਮਾ ਅਨੰਤ
ਅਗਮ ਅਪਾਰ ਗੁਰ ਮਹਿਮਾ ਨਿਧਾਨ ਹੈ।

ਅਬ ਭਾਈ ਜੀ ਇਸ ਪ੍ਰਸੰਗ ਪਰ ਵਰਨਨ ਕਰਦੇ ਹਨ ਕਿ ਜੋ ਗੁਰ ਸਿਖ ਗੁਰਾਂ ਨਾਲ ਮਿਲੇ ਹਨ ਉਹਨਾਂ ਦੇ ਇਕ ਰੋਮ ਰੋਮ ਦੀ ਮਹਿਮਾ ਮੇਰੇ ਪਾਸੋਂ ਕਹੀ ਨਹੀਂ ਜਾਂਦੀ ਤੇ ਜੋ ਗੁਰੂ ਐਸੇ ਸਮਰਥ ਸਰਬ ਸ਼ਕਤੀਮਾਨ ਹੈਨ ਉਹਨਾਂ ਦੀ ਮੈਂ ਮਹਿਮਾਂ ਕੈਸੇ ਕਹਿ ਸਕਦਾ ਹਾਂ ਆਪ ਵਰਨਨ ਕਰਦੇ ਹਨ ਕਿ ਜੋ ਗੁਰ ਸਿਖ ਗੁਰਾਂ ਨਾਲ (ਏਕ ਮੇਕ) ਅਭੇਦ ਮਿਲੇ ਹਨ ਓਹਨਾਂ ਦੇ ਇਕ ਇਕ ਰੋਮ ਦੀ ਮਹਿਮਾ (ਅਨੰਤ) ਬੇਅੰਤ ਹੈ ਪਰ ਜੋ ਗੁਰੂ (ਅਗਮ) ਜਿਨ੍ਹਾਂ ਨੂੰ ਕੋਈ ਪਹੁੰਚ ਨਾ ਸਕੇ ਵ ਸ਼ਾਸਤ੍ਰਾਂ ਦਾ ਪਰਾ ਅਤੇ (ਅਪਾਰ) ਬੇਅੰਤ ਹੈਂ ਓਹ ਆਪ ਤਾਂ ਮਹਿ

ਸੋ ਦਾ (ਨਿਧਾਨ) ਖਜ਼ਾਨਾ ਬਾ ਸਮੁੰਦਰ ਜੀ ਹੈ ॥

ਗੁਰ ਸਿਖ ਏਕ ਮੇਕ ਬੋਲ ਕੈ ਨ ਤੋਲ ਮੋਲ
ਸ੍ਰੀ ਗੁਰ ਸਬਦ ਅਗਮਿਤਿ ਗਿਆਨ ਧਿਆਨ ਹੈ ।

ਜੋ ਸਿਖ ਗੁਰਾਂ ਨਾਲ (ਏਕ ਮੇਕ) ਅਭੇਦ ਮਿਲੇ ਹਨ ਉਨ੍ਹਾਂ ਦੇ ਬੋਲ ਦਾ ਜੋ (ਤੋਲ) ਬਿਚਾਰ ਹੈ ਉਸਦਾ ਕੋਈ (ਮੋਲ) ਮੁਲ ਹੀ ਨਹੀਂ ਹੈ ਭਾਵ ਜੋ ਸਿਖ ਗੁਰਾਂ ਨਾਲ ਮਿਲੇ ਹਨ ਉਹਨਾਂ ਦਾ ਜੋ ਸਚ ਬੋਲਣਾ ਹੈ ਉਸਦਾ ਹੀ ਮੋਦ ਮੁਲ ਨਹੀਂ ਪਾਇਆ ਜਾਂਦਾ ਹੈ ਪਰ ਜੋ (ਸ੍ਰੀ) ਸੁਭਾਇਮਾਨ ਗੁਰੂ ਜੀ ਉਹਨਾਂ ਦਾ (ਸਬਦ) ਉਪਦੇਸ਼ ਜੋ ਵਾਹਿਗੁਰੂ ਦੀ ਪ੍ਰਾਪਤੀ ਕਰਨ ਵਾਲਾ ਹੈ ਉਸ ਦਾ ਜੋ ਗਿਆਨ ਧਿਆਨ ਕਰਨਾ ਹੈ ਓਹ (ਅਗਮਿਤ) ਮਰਯਾਦਾ ਨਾਲੋਂ ਪਰੇ ਹੈ ਭਾਵ ਗੁਰਾਂ ਦੇ ਉਪਦੇਸ਼ ਦਾ ਗਿਆਨ ਧਿਆਨ ਜੋ ਹੈ ਉਸ ਦਾ ਮੈਂ ਅੰਤ ਨਹੀਂ ਪਾ ਸਕਦਾ ਹਾਂ ॥

ਗੁਰ ਸਿਖ ਏਕ ਮੇਕ ਦ੍ਰਿਸ਼ਟਿ ਦ੍ਰਿਸ਼ਟਿ ਤਾਕੈ
ਸ੍ਰੀ ਗੁਰ ਕਟਾਛ੍ਯ ਕ੍ਰਿਪਾ ਕੈ ਨ ਪਰਮਾਨ ਹੈ ।

ਜੋ ਸਿਖ ਗੁਰਾਂ ਨਾਲ (ਏਕ ਮੇਕ) ਅਭੇਦ ਮਿਲੇ ਹਨ ਓਹ ਸਾਰੇ ਸੰਸਾਰ ਨੂੰ (ਦ੍ਰਿਸ਼ਟਿ ਦ੍ਰਿਸ਼ਟਿ) ਕਿਰਪਾ ਦ੍ਰਿਸ਼ਟੀ ਨਾਲ ਵੇਖਕੇ ਭਾਵ ਦੇ ਦ੍ਰਿਸ਼ਟੀ ਦਿਖਾਕੇ ਤਾਰ ਦੇਂਦੇ ਹਨ ਜਿਧਰ ਨਜ਼ਰ ਕਰਦੇ ਹਨ ਉਧਰ ਹੀ ਨਿਹਾਲ ਕਰ ਦੇਂਦੇ ਹਨ ਈਸ਼੍ਵਰ ਦੀ ਪ੍ਰਾਪਤੀ ਕਰ ਦੇਂਦੇ ਹਨ ਸੰਸਾਰ ਨੂੰ ਨਾਮ ਜਪਣ ਦਾ ਸਿਧਾ ਰਸਤਾ ਦਸ ਦੇਂਦੇ ਹਨ ਪਰ ਸਿਖਾਂ ਦੀ ਕਿਰਪਾ ਦ੍ਰਿਸ਼ਟੀ ਤਾਂ ਐਸੀ ਹੈ ਕਿ ਜੈਸੇ ਪਿਛੇ ਅਰਥ ਕੀਤਾ ਹੈ ਪਰ ਜੋ ਸ੍ਰੀ ਗੁਰੂ ਸੁਭਾਇਮਾਨ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੈ ਉਸ ਕਿਰਪਾ ਦ੍ਰਿਸ਼ਟੀ ਦਾ ਤੇ ਕੋਈ (ਪਰਮਾਨ) ਪ੍ਰਮਾਣ ਹੀ ਨਹੀਂ ਹੈ ॥

ਗੁਰ ਸਿਖ ਏਕ ਮੇਕ ਪਲ ਸੰਗ ਰੰਗ ਰਸ
ਅਬਿਗਤਿ ਗਤਿ ਸਤਿਗੁਰ ਨਿਰਬਾਨ ਹੈ ॥੨੯॥੭੩॥

ਜੋ ਗੁਰ ਸਿਖ ਗੁਰਾਂ ਨਾਲ (ਏਕ ਮੇਕ) ਅਭੇਦ ਹੋਏ ਨੇ ਉਨ੍ਹਾਂ ਦਾ ਜਿਸਨੇ (ਪਲ) ਛਿਨ ਭਰ (ਰਸ) ਪ੍ਰੇਮ ਕਰਕੇ (ਸੰਗ) ਸਾਥ ਕੀਤਾ ਹੈ ਓਹ (ਰੰਗ) ਅਭੇਦ ਰੂਪ ਹੋ ਗਏ ਭਾਵ ਜੇਹੜੇ ਸਿਖ ਗੁਰਾਂ ਨਾਲ ਮਿਲੇ ਸਨ ਉਹਨਾਂ ਸਿਖਾਂ ਨਾਲ ਜੋ ਸਿਖ ਮਿਲੇ ਓਹ ਭੀ ਸਾਰੇ ਤਰ ਗਏ ਪਰ ਜਿਨ੍ਹਾਂ ਸਤਿਗੁਰਾਂ ਦੀ (ਅਬਿਗਤ) ਅਸਚਰਜ ਦ ਜਿਸ ਪਾਸ ਗਤੀ ਨਾ ਹੋ ਸਕੇ ਭਾਵ ਜਿਨ੍ਹਾਂ ਦੀ ਅਬਗਤ (ਗਤ) ਮਰਯਾਦਾ ਦਾ ਕੀਤੀ ਹੈ ਦ ਪ੍ਰਾਪਤ ਹੋਈ ਦ ਹੈ

ਸਿਸਨੂੰ ਐਸੀ ਗਤਿ ਓਹ ਸਤਿਗੁਰੂ ਆਦੀ ਜੀ (ਨਿਰਬਾਨ) ਨਿਰਵਿਰ [illegible] ਦੇ ਸ਼ੁਧ ਹੋਨ ਕਿ ਜਿਨ੍ਹਾਂ ਵਿਚ ਕੋਈ ਮਾਤ੍ਰੀ (ਭਾਵ) ਥੋੜੀ ਨਾ ਹੋਵੇ ਐਸੇ ਜੋ ਗੁਰੂ ਹੋਨ ਓਨ੍ਹਾਂ ਦੀ ਮਹਿਮਾ ਕਿਆ ਕਰੀਐ ॥ ੩੪ ॥੨੩॥

ਬਰਨ ਬਰਨ ਬਹੁ ਬਰਨ ਘਟਾ ਘਮੰਡ

ਬਸੁਧਾ ਬਿਰਾਜਮਾਨ ਬਰਖਾ ਅਨੰਦ ਕੈ ।

ਐਸੇ ਜੋ ਪਿਛੇ ਗੁਰੂ ਨਿਰਬੰਧ ਕਥਨ ਕਰੇ ਹਨ ਅਤੇ ਸਿਖ ਭੀ ਐਸੇ ਕਥਨ ਕਰੇ ਹਨ ਕਿ ਜਿਨ੍ਹਾਂ ਦਾ ਅੰਤ ਨਹੀਂ ਪਾਇਆ ਜਾਂਦਾ ਪਰ ਜਿਨ੍ਹਾਂ ਚਿਰ ਓਹ ਸਿਖ ਗੁਰਾਂ ਦੇ ਚਰਨ ਕਮਲਾਂ ਦੀ ਸ਼ਰਨੀ ਵਿਚ ਨਹੀਂ ਮਿਲਨਾ ਕਰਦੇ ਓਨਾ ਚਿਰ ਓਹ ਸਫਲ ਨਹੀਂ ਹੁੰਦੇ ਅਤੇ ਜੋ ਓਹ [illegible] ਕਰਦੇ ਹਨ ਓਹ ਪਰਉਪਕਾਰ ਭੀ ਓਨ੍ਹਾਂ ਦਾ ਸਫਲ ਨਹੀਂ ਹੁੰਦਾ ਤੇ [illegible] ਆਪ [illegible] ਉਪਕਾਰ ਅਤੇ ਸਫਲਤਾ ਪਰ ਵਰਨਨ ਕਰਦੇ ਹਨ ਪਰ ਓਹ [illegible] ਲਗ ਜਾਵੇਗਾ ਆਪ ਆਖਦੇ ਹਨ ਕਿ (ਬਰਨ ਬਰਨ) ਰੰਗਾਂ ਰੰਗਾਂ ਦਾ ਘਟਾਂ ਦਾ (ਘਮੰਡ) ਸਮੂਹ (ਅਗੰਠ) ਬਹੁਤ ਹੀ (ਬਰ [illegible] ਕਰਦਾ ਹੈ ਫਿਰ ਓਹ ਘਟਾਂ ਦਾ ਇਕੱਠ ਸਮੁੰਦਰ ਵਿਚੋਂ ਜਲ ਪਾ ਕੇ ਆਕਾਸ਼ ਵਿਚ ਉਡ ਜਾਂਦਾ ਹੈ ਅਤੇ (ਬਸੁਧਾ) ਧਰਤੀ ਉਪਰ ਬਿਰਾਜਮਾਨ ਹੋਇਆ ਹੈ [illegible] ਬਾਰਸ਼ ਕਰਦਾ ਹੈ ਪਰ ਬਾਰਸ਼ ਕਰਕੇ (ਅਨੰਦ ਕੈ) ਕਰ ਦੇਂਦਾ ਹੈ [illegible] ਸਭ ਜੀਵ ਜੰਤ ਪਸੂ ਆਦਿਕ ਖੁਸ਼ ਹੋ ਜਾਂਦੇ ਹਨ ਪਰ ਓਹ ਅਨੰਦ [illegible] ਹੈ ਜੋ ਆਪ ਵਰਨਨ ਕਰਦੇ ਹਨ ॥

ਬਰਨ ਬਰਨ ਹ੍ਵੈ ਪ੍ਰਫੁਲਤ ਬਨਾਸਪਤੀ

ਬਰਨ ਬਰਨ ਫਲ ਫੂਲ ਮੂਲ ਕੰਦ ਕੈ ।

ਕਿ (ਬਰਨ ਬਰਨ) ਰੰਗਾਂ ਰੰਗਾਂ ਦੀ (ਬਨਾਸਪਤੀ) ਸਾਰੀ ਸਬਜ਼ੀ ਫੁਲਦੀ ਤੇ ਹਰੀ ਹੁੰਦੀ ਹੈ ਫਿਰ ਉਸੇ ਹੀ ਬਾਰਸ਼ ਨੇ (ਬਰਨਨੇ) ਰੰਗਾਂ ਦੇ ਫਲ ਫੁਲ ਕੰਦ ਮੂਲ (ਕੈ) ਭਾਂਤੀ ਪ੍ਰਗਟ ਕਰਿਆ ॥

ਬਰਨ ਬਰਨ ਖਗ ਬਿਬਿਧ ਭਾਖਾ ਪ੍ਰਗਾਸ

ਕੁਸਮ ਸੁਗੰਧ ਪੌਨ ਗੌਨ ਸੀਤ ਮੰਦ ਕੈ ।

ਅਤੇ ਉਸੇ ਹੀ ਬਾਰਸ਼ ਦੇ ਹੋਣ ਕਰਕੇ (ਬਰਨ ਦੇ) ਰੰਗਾਂ ਰੰਗਾਂ ਦੇ (ਖਗ) ਪੰਛੀ ਕੋਇਲ ਮੋਰ ਚਾਤ੍ਰਕ ਆਦਿਕ ਜੋ ਹੈਂ ਓਹ (ਬਿਬਿਧ) ਕਈ ਤਰਾਂ ਦੀ (ਭਾਖਾ) ਬੋਲੀ ਬਾਣੀ ਨੂੰ ਪ੍ਰਕਾਸ਼ (ਬੋਲਨਾ) ਕਰਦੇ ਹਨ ਇਹ ਬੋਲੀ ਤਾਂ ਪ੍ਰਿਪਰੀਪਨ ਹੈ ਬਿਰਹੀਆਂ ਵਾਸਤੇ ਦੁਖਦਾਈ ਅਤੇ ਪ੍ਰੇਮੀਆਂ ਵਾਸਤੇ ਸੁਖਦਾਈ ਹੈ ਪਰ

ਇਸ ਜਗਾ ਸੁਖਦਾਈ ਦਾ ਹੀ ਭਾਵ ਵਰਨਨ ਹੈ (ਸੁਗਮ) ਫੁਲਾਂ ਦੀ ਸੁਗੰਧੀ ਹੋਂਦੀ ਹੈ ਪੌਣ ਦੇ ਹੌਲੀ ਹੌਲੀ (ਗਵਨ) ਚਲਣ ਨਾਲ ਭਾਵ ਸਹਿਜੇ ਸਹਿਜੇ ਮੰਦ ਮੰਦ ਪੌਣ ਔਂਦੀ ਹੋਂਦੀ ਹੈ (ਸੀਤ) ਸੀਤਲ ਠੰਢੀ ਠੰਢੀ ਅਤੇ (ਮੰਦ ਕੈ) ਸਹਿਜੇ ਸਹਿਜੇ ਕੇ ਚਲਨਾ (ਕੈ) ਕਰਦੀ ਹੈ ਪਰ ਆਪ ਆਖਦੇ ਹਨ ਕਿ ਜੇਕਰ ਉਹ ਪਵਨ ਨਾਲ ਚਲੀ ਤਾਂ ਹੀ ਤਾਂ ਬਾਗ਼ ਦਾ ਹੋਣਾ ਸਫਲ ਹੋਯਾ ਨਹੀਂ ਤਾਂ ਸਾਰੇ ਜਗਤ ਨੂੰ ਦੁਖਦਾਈ ਕਾਰਨ ਹੋਂਦੀ ਹੈ ਭਾਵ ਸਾਰੇ ਜੀਵ ਜੰਤ ਤ੍ਰਿਣ ਪ੍ਰਿਥੀ ਧਨ ਪਸ਼ੀਨੋਂ ਦੁਰਗੰਧ ਆਦਿਕ ਦੇ ਦੁਖ ਨਾਲ ਅਤੇ ਸਾਰਿਆਂ ਦੀ ਕਰਤਾ ਦੇ ਹੋਣ ਵਾਲੀ ਖ਼ੁਸ਼ੀ ਦੂਰ ਹੋ ਜਾਂਦੀ ਹੈ॥

ਪਵਨ ਗਵਨ ਜਲ ਥਲ ਤ੍ਰਿਨ ਸੋਭਾ ਨਿਧਿ

ਸਫਲ ਹ੍ਵੈ ਚਰਨ ਕਮਲ ਮਕਰੰਦ ਕੈ ॥੪੦॥੭੪॥

---

੧ ਦ੍ਰਿਸ਼ਟਾਂਤ ਦੇ ਵਿਚੋਂ ਹੀ ਦਾਰਸ਼ਟਾਂਤ ਨਿਕਲਦਾ ਹੈ ਬਹੁਤ ਰੰਗਾਂ ਰੰਗਾਂ ਦਾ ਬਯਾਨ ਕਰੀਦਾ ਹੈ ਜੋ ਘਣਾ ਦਾ ਘਮੰਡ ਗੁਰ ਸਿਖਾਂ ਦਾ ਸਤਿਸੰਗ ਅਨੇਕਾਰ ਦਾ ਭਾਵ ਗੁਰੂ ਸਮੁੰਦਰ ਅਤੇ ਸੰਤ ਬਦਲ ਤੇ ਵਾਹਿਗੁਰੂ ਦਾ ਨਾਮ ਜਲ ਅਤੇ ਸੰਪਦਾ ਯਾ ਮਨੁਖਾ ਦੇਹ ਧਰਤੀ ਭਾਵ ਗੁਰੂ ਸਮੁੰਦਰ ਵਿਚੋਂ ਸਿਖ ਨਾਮ ਜਲ ਨੂੰ ਲੈਕੇ ਮਨੁਖ ਦੇਹ ਵਿਚ ਬਿਰਾਜਮਾਨ ਇਸਥਿਤ ਕਰਾਉਂਦੇ ਹਨ ਤੇ ਉਹ ਵਾਹਿਗੁਰੂ ਦੇ ਨਾਮ ਦੀ ਬਰਖਾ ਅਨੰਦ (ਕੈ) ਕਰ ਦੇਂਦੀ ਹੈ ਉਹਨਾਂ ਗੁਰ ਸਿਖਾਂ ਦੇ ਹਿਰਦੇ ਰਿਦੇ ਵਿਚ ਜੋ ਬਨਾਸਪਤੀ ਹੈ ਰੰਗਾਂ ਰੰਗਾਂ ਦੀ ਉਹ ਹਰੀ ਹੋ ਜਾਂਦੀ ਹੈ ਭਾਵ ਰੋਮ ਰੋਮ ਹਰਿਆ ਹੋ ਜਾਂਦਾ ਹੈ ਅਤੇ ਉਨਹਾਂ ਨੂੰ ਬੜੀ ਖੁਸ਼ੀ ਹੋਂਦੀ ਹੈ ਤੇ ਅੰਤਰ ਕਰਨ ਵਿਚ ਅਨੰਦ ਪ੍ਰਾਪਤ ਹੋਂਦਾ ਹੈ ਅਤੇ ਰੰਗਾਂ ਰੰਗਾਂ ਦੇ ਗੁਨ ਜੋ (ਫਲ) ਗਯਾਨ (ਫੂਲ) ਧਰਮ (ਮੂਲ) ਵਿਚਾਰ (ਕੰਦ) ਸਰਵਨ ਮਨਨ ਨਿਦਿਧਿਆਸਨ ਨੂੰ ਪ੍ਰਗਟ ਕਰ ਦਿੰਦੇ ਹਨ ਅਤੇ ਰੰਗਾਂ ਰੰਗਾਂ ਦੇ ਜੋ (ਖਗ) ਪੰਛੀ ਹਨ ਭਾਵ ਬਹੁਤ ਤਰਾਂ ਦੀ ਇਛਾ ਕਰਨ ਵਾਲੇ ਕੋਈ ਕੁਝ ਆਖਦੇ ਹੈਂ ਅਖਾਂ ਕੁਝ ਆਖਦੀਆਂ ਹੈਂ ਇਸੇ ਵਾਸਤੇ ਰੰਗਾਂ ਰੰਗਾਂ ਦੇ ਉਨ੍ਹਾਂ ਨੂੰ ਕਿਹਾ ਗਿਆ ਹੈ ਉਹ ਬਹੁਤ ਤਰਾਂ ਦੀ ਬੋਲੀ ਬੋਲਦੇ ਹਨ ਭਾਵ ਚੰਗੀਆਂ ਚੰਗੀਆਂ ਇਛਾਂ ਕਰਦੇ ਹਨ ਅਤੇ ਮਾੜੇ ਕੰਮਾਂ ਦਾ ਖਿਆਲ ਦੂਰ ਕਰਦੇ ਹਨ ਅਤੇ (ਕੁਸਮ) ਸਤ ਸੰਤੋਖਾਦੀ ਗੁਨ ਵੀ ਫੈਲਦੇ ਹਨ ਅਤੇ (ਸੁਗੰਧੀ) ਸੁਗਤੀ ਵੀ ਫੈਲਦੀ ਹੈ ਅਤੇ ਸੀਤਲਤਾਈ ਨੂੰ ਧਾਰਨ ਕਰਦੇ ਹਨ ਅਤੇ (ਮੰਦ) ਧੀਰਜਤਾਈ ਕਰਦੇ ਹਨ ਪਰ ਜਦ ਰੰਗਾਂ ਇਛਾ ਪੌਣ ਜਾਂਦੀ ਵਾਹਿਗੁਰੂ ਦੀ ਤਾਂ ਏਹ ਕੰਮ ਸਾਧ ਹੋਏ (ਜਲ) ਨਿਸ਼ਕਾਮੀ, ਪ੍ਰੇਮੀ ਅਤੇ (ਥਲ) ਸਕਾਮੀ ਸਭ ਜੀਵ (ਤ੍ਰਿਨ) ਗੁਣਾਂ ਕਰਕੇ ਸੋਭਨੀਕ ਹੋਗਏ ਐਸਾ ਗੁਰਾਂ ਦੇ ਚਰਨਾਂ ਦੀ ਕਰਾਮਤੀ ਦਾ ਪ੍ਰਤਾਪ ਹੈ॥

ਭਾਵੇਂ ਆਪ ਵਰਨਨ ਕਰਦੇ ਹਨ ਕਿ (ਤਰਵਰ ਗਵਨ) ਸੌਣ ਚੜ੍ਹਾਈ ਤੋਂ ਸਾਰੇ ਪ੍ਰਿਥਵੀ ਦੇ ਜਲ ਥਲ ਤ੍ਰਿਣ ਆਦਿਕ ਜੀਆਂ ਦੀ ਰਿਧੀ ਕਿਆ ਹੁਲਾਇ ਮਾਨ ਹੋਜਾਏ ਫਿਰ ਆਪ ਆਖਦੇ ਹਨ ਕਿ ਇਹ ਸਾਰੇ ਕ੍ਰਮ ਪੌਣਦੇ ਚੁਲਣਨਾਲ ਪ੍ਰਫੁਲਤ ਹੋਏ ਪਰ ਉਸ ਪੌਣ ਨੂੰ ਕੌਣ ਚਲਾਉਂਦਾ ਹੈ "ਵਾਹਿਗੁਰੂ" ਭਾਵੇਂ ਵਾ ਹਿਗੁਰੂ ਦਾ ਰੂਪ ਜੋ ਗੁਰੂ ਨਾਨਕ ਜੀ ਹੈਨ ਓਹਨਾਂ ਦੇ ਚਰਨ ਕਮਲਾਂ ਦੀ ਸਿਖ ਭੌਰਾ (ਮਕਰੰਦ) ਫੁਲਾਂ ਦੀ ਧੂੜੀ ਕਿਆ ਪ੍ਰੇਮਾਭਗਤੀ ਨੂੰ ਗ੍ਰਹਨ (ਕੈ) ਕਰੇ ਤਾਂ ਸਫਲ ਹੋਂਦਾ ਹੈ ਅਤੇ ਉਸਦੇ ਉਪਕਾਰ ਵੀ ਸਾਰੇ ਕੀਤੇ ਸਫਲ ਹੁੰਦੇ ਹਨ।

ਦੂਜਾ ਭਾਵ- ਗੁਰਾਂ ਦੇ ਚਰਨਾਂ ਦੀ ਭਗਤੀ ਕਰਕੇ ਜੋ ਕੁਝ ਇਛਾ ਕਰ ਆ ਵਨੀ ਹੈ ਇਹੋ ਹੀ ਪਵਨ ਹੈ ਇਸਤੇ ਬਿਨਾਂ ਜੋ ਪਰ ਉਪਕਾਰ ਵੀ ਕਰਨਾ ਹੈ ਸੋ ਓਹ ਭੀ ਬਿਅਫਲ ਹੈ ॥ ੪੦੧ । ੨੪ ॥

ਚੀਟੀ ਕੈ ਉਦਰ ਬਿਖੈ ਹਸਤੀ ਸਮਾਇ ਕੈਸੇ
ਮਤ੍ਰਲ ਅਪਾਰ ਭਾਰ ਭ੍ਰਿੰਗੀ ਨਾ ਉਠਾਵਈ ।

ਆਪ ਆਖਦੇ ਹਨ ਕਿ ਸਫਲਤਾਈ ਦਾ ਪਸੰਗ ਸਮਾਪਤ ਹੋਯਾ ਪਰ ਓਹ ਸਫਲਤਾਈ ਖੁਦ ਹੀ ਹਿਰਦੇ ਵਿਚ ਸਮਾਣਾ ਕਰਦਾ ਹੈ ਜੇਕਰ ਅਧਕਾਰੀ ਬਣੇ ਤਾਂ ਨਹੀਂ ਤਾਂ ਨਹੀਂ ਸਮਾਉਂਦੀ ਭਾਵ ਹੰਕਾਰ ਹੋਜਾਂਦਾ ਹੈ ਭਾਵ ਅਰਥ ਗੁਰਾਂ ਦਾ ਕਹਿਆ ਮੰਨੇ ਅਤੇ ਗੁਰਾਂ ਦੀ ਬਰਾਬਰੀ ਨਾ ਕਰੇ, ਆਪ ਆਖਦੇ ਹੈ ਕਿ ਕੈਸੇ ਨਾਹ ਸਫਲਤਾ ਸਮਾਈ ਕਰਦੀ ਕਿ (ਚੀਟੀ) ਕੀੜੀ ਦੇ (ਉਦਰ) ਪੇਟ ਵਿਚ ਹਾਥੀ ਕਿਸ ਤ੍ਰਾਂ ਸਮਾ ਸਕਦਾ ਹੈ ਅਤੇ ਬਹੁਤਾ ਭਾਰ ਪਹਾੜ ਦਾ (ਭ੍ਰਿੰਗੀ) (ਜੇਹੜਾ ਕਾਲਾ ਕੀੜਾ ਨਾਲ ਮਿਟੀ ਦਾ ਘਰ ਬਣਾਉਂਦਾ ਹੈ) ਉਸ ਦਾ ਨਾਮ ਘੁਰਾਇਣ ਭੀ ਆਖਦੇ ਹਨ ਓਹ ਕਿਸਤ੍ਰਾਂ ਉਠਾ ਸਕਦਾ ਹੈ ਭਾਵ ਓਹ ਪਹਾੜ ਨੂੰ ਨਹੀਂ ਚੁਕ ਸਕਦਾ ॥

ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ
ਮਕਰੀ ਨ ਚੀਤੇ ਜੀਤਿ ਸਰ ਨਾ ਪੁਜਾਵਈ ।

ਅਤੇ ਸੌਣ ਭਾਵਦੇ ਦੇ ਮਛਰ ਦੇ ਡੰਗ ਨਾਲ (ਬਾਸਕ ਨਾਗ) (ਜਿਸ ਪਰ ਵਿਸ਼ਨੂੰ ਸੈਨ ਕਰਦਾ ਹੈ ਓਹ) ਸਰਪ ਨਹੀਂ ਮਰ ਸਕਦਾ ਅਤੇ (ਮਕਰੀ) ਮਕੜੀ "ਬਰਵਿਹਾ" ਜੁਲਾਹਾ ਜੋ ਹੈ ਓਹ ਕਹੇ ਕਿ ਮੈਂ ਜੰਗਲ ਦੇ ਰਹਣੇ ਵਾਲੇ ਚਿਤੇ ਨੂੰ ਜਿਤਲਵਾਂ ਅਤੇ ਉਸ ਦੀ (ਸਰ) ਬਰਾਬਰੀ ਕਰਾਂ ਤਾਂ ਉਸਦੀ ਬਰਾਬਰ ਨਹੀਂ ਪੁਜ ਸਕਦਾ ॥

ਚਮਚਰ ਉਡਤ ਨ ਪਹੂਚੈ ਅਕਾਸ਼ ਭਾਸ

ਮੂਸਾ ਤੈਸੇ ਨ ਪੈਰਤ ਸਮੁੰਦ੍ਰ ਪਾਰ ਪਾਵਹੀ।

(ਤੈਸਰਤ) ਕੁਕਰ ਅਕਾਸ਼ ਦੇ (ਥਾਸ. ਵਸਨ ਵਾਲੇ ਜੋ ਹੈਨ ਥਨ ਓਨਾਂ ਦੇ ਅਰਾਵਰੀ ਉਤਰੀ ਨਹੀਂ ਕਹ ਸਕਦਾ ਤਾਂ ਕੁਕਰ ਅਕਾਸ਼ ਵਿਚ ਤਿਰਕੇ ਨਹੀਂ ਪਹੁੰਚ ਸਕਦਾ ਪਰ ਇਹ ਅਰਥ ਠੀਕ ਨਹੀਂ ਹੈ ਓਹ ਪਿਛੇ ਦਾ ਕੀਤਾ ਹੈ ਜੋ ਉਪਮਿਕ ਲੁਪਤਾ ਹੈ (ਮੂਸਾ) ਚੂਹਾ (ਪੈਰਤ) ਤਰਕੇ ਐਸੇ ਕਹੇ ਕਿ ਮੈਂ ਸਮੁੰਦ੍ਰ ਦੇ ਪਾਰ ਹੋ ਜਾਵਾਂ ਤਾਂ ਓਹ ਸਮੁੰਦ੍ਰ ਦਾ ਪਾਰਾਵਾਰ ਕੈਸੇ ਪਾ ਸਕਦਾ ਹੈ ਭਾਵ ਨਹੀਂ।

ਤੈਸੇ ਪ੍ਰਿਅ ਪ੍ਰੇਮ ਨੇਮ ਅਗਮ ਅਗਾਧ ਬੋਧ ਗੁਰਮੁਖ ਸਾਗਰ ਜਨੋ ਬੂੰਦ ਹ੍ਵੈ ਸਮਾਵਹੀ॥੪੧॥੭੫॥

ਤੈਸੇ ਹੀ (ਪ੍ਰਿਅ) ਜੋ ਵਾਹਿਗੁਰੂ ਹੈ ਓਨ੍ਹਾਂ ਦਾ ਰੂਪ ਗੁਰੂ ਨਾਨਕ ਜੀ ਜੋ ਅਗਮ ਬੇਅੰਤ (ਸਾਗਰ) ਸਮੁੰਦ੍ਰ ਵਤ ਗੰਭੀਰ ਉਸ ਗੁਰੂ ਨਾਨਕ ਐਸੇ ਨੂੰ ਜੋ ਕਰ (ਨੇਮ) ਕੇਵਲ ਦੇ ਨਿਯਮ ਦਾ ਪ੍ਰੇਮ ਕਰਕੇ (ਬੋਧ) ਜਾਣਿਆ ਚਾਹੇ ਤਾਂ (ਅਗਾਧ) ਮੁਸ਼ਕਲ ਹੈ ਭਾਵ ਇਹ ਕਹੇ ਕਿ ਮੈਂ ਹੋਸ ਓਹਨਾ ਦੇ ਪਾਸ ਜਾਕੇ ਓਹਨਾਂ ਦਾ ਭੇਤ ਲੈ ਲਵਾਂ ਅਤੇ ਉਹਨਾਂ ਪਾਸੋਂ ਕਰਾਮਾਤ ਲਵਾਂ ਅਤੇ ਉਨ੍ਹਾਂਦਾ ਅੰਤ ਲਵਾਂ ਤਾਂ ਨਹੀਂ ਲੈ ਸਕਦਾ ਭਾਵ ਜੀ ਕਿ ਓਨ੍ਹਾਂ ਦਾ ਕਹਿਣਾ ਮੰਨੇ ਤਾਂ ਓਹ ਜੋ ਸਾਗਰ ਹੈ ਤਾਂ ਉਨ੍ਹਾਂ ਦੇ ਵਿਚ ਸਮਾ ਸਕਦਾ ਹੈ ਮੂਰਖ ਉਨ੍ਹਾਂ ਦਾ [illegible] ਲੈਣ ਜਾਣ ਕੀੜੀਆਂ ਹਾਥੀ ਦੇ ਪੇਟ ਵਿਚ ਹੀ ਪੈ ਕੇ ਮਰ ਜਾਣ ਭਾਵ ਕੀੜੀ ਹਾਥੀ ਨੂੰ ਪੇਟ ਵਿਚ ਨਹੀਂ ਪਾ ਸਕਦੀ ਅਤੇ ਹਾਥੀ ਦੇ ਪੇਟ ਵਿਚ ਕਈ ਕੀੜੀਆਂ ਪੈ ਸਕਦੀਆਂ ਹੈਨ ਇਸੀ ਤਰਾਂ ਮੂਰਖ ਨੂੰ ਜਾਣੋ, ਅਤੇ ਗੁਰਮੁਖ ਗੁਰਾਂ ਦਾ ਅੰਤ ਨਹੀਂ ਲੈਂਦੇ ਪਰ ਓਨ੍ਹਾਂ ਦੇ ਪਾਸ ਰਹਕੇ ਓਨਾਂ ਦਾ ਕਹਿਣਾ ਕਰਦੇ ਹਨ॥

ਗੁਰ ਕਹਿਆ ਸਾ ਕਾਰ ਕਮਾਵਹੁ।
ਗੁਰ ਕੀ ਕਰਣੀ ਕਾਹੇ ਧਾਵਹੁ।

ਇਸੀ ਵਾਸਤੇ ਗੁਰਮੁਖ ਗੁਰਾਂ ਵਿਚ ਸਮਾਈ ਭਾਵ ਅਭੇਦ ਹੋਂਦੇ ਜੈਸੇ (ਸਾਗਰ) ਸਮੁੰਦ੍ਰ ਨਾਲ (ਬੂੰਦ) ਜਲ ਦਾ ਤੁਪਕਾ ਜਾ ਸਮਾਂਦਾ ਹੈ॥

ਦੂਜਾ ਅਰਥ—(ਕੀੜੀ) ਛੋਟੇ ਆਦਮੀ ਦੇ ਹਿਰਦੇ ਵਿਚ (ਹਸਤੀ) ਹੌਮੈ ਰੂਪ ਨਹੀਂ ਸਮਾ ਸਕਦੀ ਅਤੇ (ਪਹਾੜ) ਛੁਟਾਕੇ ਆਤਮਾ ਦਾ ਭਾਰ ਨੇ [illegible] ਨੇ ਉਸਨੂੰ (ਚਿੜੀ) ਮੂਰਖ ਨਿਜ ਪੁੱਜਣੀ ਨਹੀਂ ਉਠਾ ਸਕਦਾ ਅਤੇ (ਮੱਛਰ) ਵਾਲੀ [illegible] ਆਦਿਕ ਥੋੜੀ ਕਰਾਮਾਤ ਵਾਲੇ ਜੋ ਹੈਨ ਉਹਨਾਂ ਦੇ [illegible] (ਭਾਸਕਰਸਾਧ) ਚੜ੍ਹਿਆਂ ਸੰਤਾਂ ਨੂੰ ਕਰ ਨਹੀਂ ਹੋ ਸਕਦਾ ਅਤੇ (ਮਕੜੀ) ਕੁਰਸਤੀ ਪਰ ਵਿਚ ਫਸਿਆ ਹੋਇਆ (ਚੀਤੇ) ਜੰਗਲ ਦੇ ਰਹਣ ਵਾਲੇ ਪਾਰ ਪਰਮਤ [illegible] ਦੀ ਬਰਾਬਰੀ ਨਹੀਂ ਪੁਜ ਸਕਦਾ (ਜਾਨਵਰ) ਅਗਿਆਨੀ ਆਦਮੀ (ਅਰਥਾਤ ਕੇਵਲ ਵਾਹਿਗੁਰੂ ਦੇ ਨਾਮ ਵਿਚ ਵਸਣ ਵਾਲੇ ਹੋ ਸੰਤ ਹੈ

ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦਾ ਅਤੇ (ਪ੍ਰੇਮ) ਨੇਹ ਦੀ ਆਹੁਤੀ (ਪੀਰਚ) ਉਕਤੀਆਂ ਜੁਗਤੀਆਂ ਕਰਕੇ (ਅਮੁੱਲ) ਗੁਰੂ ਦਾ ਅੰਤ ਨਹੀਂ ਪਾ ਸਕਦਾ ਕਿ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਬਣਾਇਆ ਹੈ ਜੋ ਕੀਰਤਨ ਰੂਪ ਕਰ ਨਹੀਂ ਹੋਰ ਕੋਈ ਨਹੀਂ ਹੋ ਸਕਦਾ ਤੈਸੇ ਹੀ ਗੁਰਾਂ ਦਾ ਨੇਮ ਪ੍ਰੇਮ ਕਰਕੇ ਅੰਤ ਨਹੀਂ ਆ ਸਕਦਾ ॥੪੭॥੨੫੫॥

ਸ਼ਬਦ ਸੁਰਤਿ ਅਵਗਾਹਨ ਕੈ ਸਾਧ ਸੰਗ
ਆਤਮ ਤਰੰਗ ਰੰਗ ਸਾਗਰ ਲਹਰ ਹੈ ।

ਅਬ ਜੋ ਗੁਰਮੁਖ ਗੁਰਾਂ ਵਿਚ ਸਮਾਇ ਹੈਨ ਉਨ੍ਹਾਂ ਦਾ ਵਰਨਨ ਕਰਦੇ ਹੈਨ ਭਾਵ ਕਿ ਉਹਨਾਂ ਦਾ ਵਿਵਹਾਰ ਅਤੇ ਚਿਤ ਦਾ ਆਸ਼ਾ ਕਿਆ ਹੈ ਸੋ ਗੁਰਮੁਖ ਵਰਨਨ ਕਰਦੇ ਹਨ ਕਿ ਗੁਰਾਂ ਦੇ (ਸ਼ਬਦ) ਉਪਦੇਸ਼ ਨੂੰ (ਸੁਰਤਿ) ਚੰਗੀ ਪ੍ਰੀਤੀ ਕਰਕੇ ਸਾਧ ਸੰਗਤ ਵਿਚ ਅਵਗਾਹਨ, ਵਿਚਾਰਨਾ (ਕੈ) ਕਰਦੇ ਹਨ ਇਹ ਵਿਵਹਾਰ ਹੈ ਜਿਹਨਾਂ ਦਾ ਅਤੇ ਚਿਤ ਦਾ ਆਸ਼ਾ (ਆਤਮਾ) ਜੋ ਵਾਹਿਗੁਰੂ (ਸਾਗਰ) ਸਮੁੰਦ੍ਰ ਹੈ ਇਸ ਵਿਚ ਜੋ (ਤਰੰਗ) ਜੀਵ ਹੈਂ ਸੋ (ਰੰਗ) ਨਦੀ ਵਾਂਗ ਲਹਿਰਾਂ ਵਾਂਗੂੰ ਹੈਂ ਭਾਵ ਜੀ ਕਿ ਸਾਰਿਆਂ ਜੀਵਾਂ ਨੂੰ ਵਾਹਿਗੁਰੂ ਦੇ ਵਿਚੋਂ ਨਦੀ ਦੀਆਂ ਲਹਿਰਾਂ ਵਾਂਗੂੰ ਜਨਮ ਮਰਨ ਆਉਂਦੇ ਜਾਂਦੇ ਵਾਲੇ ਦੇਖਦੇ ਹੈਨ ਕਿ ਇਕ ਅਖੰਡ ਰਹਿਣ ਵਾਲਾ ਕੋਈ ਵੀ ਨਹੀਂ ਹੈ ਇਹ ਉਨ੍ਹਾਂ ਦੇ ਚਿਤ ਦਾ ਆਸ਼ਾ ਹੈ ਭਾਵ ਕਥਨ ਵਿਚ ਜੀਵ ਈਸ਼ਰ ਵਖ ਵਖਰੇ ਹੈਂ ਅਤੇ ਵਾਸਤਵ ਸਮੁੰਦ੍ਰ ਦਾ ਰੂਪ ਜਲ ਅਤੇ ਜਲ ਦਾ ਰੂਪ ਸਮੁੰਦ੍ਰ ਜਾਣਦੇ ਹਨ, ਐਸੀ ਸਮ ਦ੍ਰਿਸ਼ਟੀ ਉਨ੍ਹਾਂ ਨੂੰ ਆਈ ਹੈ ॥

ਅਗਮ ਅਥਾਹਿ ਆਹਿ ਅਪਰ ਅਪਾਰ ਅਤਿ
ਰਤਨ ਪ੍ਰਗਾਸ ਨਿਧਿ ਪੂਰਨ ਗਹਰ ਹੈ ।

ਪਰ ਜੋ ਪਿਛੇ ਸਮੁੰਦ੍ਰ ਦਾ ਨਾਮ ਲਿਆ ਹੈ ਉਸ ਸਮੁੰਦ੍ਰ ਦੇ ਵਿਸ਼ੇਸ਼ਣ ਵਰਨਨ ਕਰਦੇ ਹਨ (ਅਗਮ, ਬਹੁਤ ਚੌੜਾ ਹੈ ਤੇ (ਅਥਾਹ) ਡੂੰਘਾ ਹੈ ਉਸਦੀ ਕੋਈ ਥਾਹ ਨਹੀਂ ਲੈ ਸਕਦਾ (ਆਹਿ) ਹੈ ਅਤੇ (ਅਪਰ ਅਪਾਰ ਅਤਿ) ਸਮੁੰਦ੍ਰ ਦੇ ਕੰਢੇ ਭ ਅਗਮੇ ਕਰਕੇ (ਅਪਰ ਦੇਵਤੇ ਵੀ ਉਸਦਾ (ਅਪਾਰ) ਅੰਤ ਨਹੀਂ ਜਾਣ ਸਕਦੇ ਅਤੇ (ਰਤਨ) ਗੁਣਾਂ ਦੀ ਜੋ (ਪ੍ਰਗਾਸ) ਪ੍ਰਗਟ ਜੀ (ਨਿਧੀ) ਖਾਨ ਹੈ ਅਤੇ (ਪੂਰਨ) ਨਕਾ ਨਕ ਭਰਿਆ ਹੋਇਆ ਹੈ ਅਤੇ (ਗਹਿਰ) ਡੂੰਘਾ ਗਾਹੜ ਹੈ ॥

ਹੰਸ ਮਰਜੀਵਾ ਗੁਨ ਗਾਹਕ ਚਾਤੁਰ ਸੰਤ

ਨਿਸ ਦਿਨ ਘਰਿਕਾ ਮਹੂਰਤ ਪਹਿਰ ਹੈ ।

ਬਾਹਰਲੇ ਸਮੁੰਦ੍ਰ ਦੇ ਰਤਨ ਮੋਤੀ ਆਦਕ ਜੋ ਹੈਨ ਓਨਾਂ ਨੂੰ (ਨਾਹਕ) ਖਰੀਦਨ ਵਾਲੇ ਸਮੁੰਦ੍ਰ ਦੇ ਕਿਨਾਰੇ ਜਾਕੇ ਅਤੇ (ਚਾਹਕ) ਵੇਖਦੇ ਨੇ ਕਿ ਰਤਨ ਸਮੁੰਦ੍ਰ ਦੇ ਵਿਚ ਕਿਥੇ ਕਰਕੇ ਹੈਂ ਐਸੇ ਆਪ ਵੇਖ ਜਾਂਦੇ ਨੇ ਅਤੇ (ਮਰਜੀਵੜੇ) ਟੁਬੀਆਂ ਲਾਉਣ ਵਾਲਿਆਂ ਨੂੰ ਨਾਲ ਲੈ ਜਾਂਦੇ ਹਨ ਉਸ ਜਗਾ ਤਿਸੀ ਤਰਾਂ ਜਗ੍ਯਾਸੂ ਦੇਖਦੇ ਹਨ ਕਿ ਇਸ ਸਤਸੰਗ ਵਿਚ ਸੰਤ ਹੈਨ ਅਤੇ ਗੁਣ ਰਤਨ ਭੀ ਵਿਚ ਏਹਨਾਂ ਦੇ ਜਰੂਰ ਹੀ ਹੋਣਗੇ, ਉਸ ਜਗਾ ਜਗ੍ਯਾਸੂ ਨਿਰਹੰਕਾਰ ਹੋ ਕੇ ਗੁਣ ਗ੍ਰਹਨ ਕਰਦੇ ਹਨ ਭਾਵ ਕੀ ਕਿ ਓਥੋਂ ਜਾਂਦੇ ਹੀ ਨਹੀਂ ਹੈਨ (ਨਿਸ ਰਾਤ ਦਿਨੇ) ਓਥੇ ਹੀ ਟਿਕੇ ਰਹਿੰਦੇ ਹੈਨ (ਘਰਕਾ) ਇਕ ਘੜੀ, (ਮਹੂਰਤ) ਦੋ ਘੜੀਆਂ ਅਤੇ ਇਕ ਪਹਰ ਭਾਵ ਕੀ ਕਿ ਕਿਸੇ ਵਕਤ ਭੀ ਉਸ ਜਗਾ ਤੋਂ ਨਹੀਂ ਜਾਂਦੇ ਹਨ ॥

ਸ੍ਵਾਂਤਿ ਬੂੰਦ ਬਰਖਾ ਜੈਸੇ ਗਵਨ ਘਟਾ ਘਮੰਡ
ਹੋਤ ਮੁਕਤਾਹਲ ਐ ਨਰ ਨਰ ਹਰ ਹੈ ॥ ੪੨ ॥ ੭੬ ॥

ਜੈਸੇ ਘਟਾ ਦਾ (ਘਮੰਡ) ਅਰਥਾਤ ਸਮੁੰਦ੍ਰ ਵਿਚੋਂ ਪਾਣੀ ਪੀਕੇ ਤੇ (ਗਵਨ) ਅਕਾਸ਼ ਵਿਚ ਜਾਕੇ ਬਾਰਸ ਕਰਦਾ ਹੈ (ਸ੍ਵਾਂਤਿ ਬੂੰਦ) ਇਹ ਸ੍ਵਾਂਤੀ ਨਿਛਤ੍ਰ ਦੀ ਬੂੰਦ ਜਿਸ ਘੋਘੇ ਵਿਚ ਪੈ ਜਾਵੇ ਓਹ ਸਗਲੀ ਨਾਲ (ਮੁਕਤਾਹਲ) ਮੋਤੀ ਹੋ ਜਾਂਦਾ ਹੈ ਤਿਸੀ ਤਰਾਂ ਗੁਰਾਂ ਦੇ ਸਤਸੰਗ ਸਮੁੰਦ੍ਰ ਵਿਚੋਂ ਸੰਤ ਬਦਲ ਨਾਮ ਜਲ ਨੂੰ ਲੈਕੇ ਚੇਤਨ ਵਾਹਿਗੁਰੂ ਅਕਾਸ ਵਿਚ ਗਵਨ ਜਾਕੇ ਸਤ ਉਪਦੇਸ਼ ਦੀ ਬਾਰਸ਼ ਕਰਦੇ ਹੈਨ ਅਤੇ ਸਾਰੀ ਸ੍ਰਿਸ਼ਟੀ ਨੂੰ ਸੁਖ ਹੁੰਦਾ ਹੈ ਪਰ ਸੇਵਾ ਕਰਦੇ ਹਨ ਕਿ ਉਸ ਸਤ ਉਪਦੇਸ਼ ਦੀ ਬਾਰਸ਼ ਨਾਲ ਮੋਤੀ ਜੇਹੜੇ ਹੁੰਦੇ ਹਨ ਸੋ ਉਤਰ ਦੇਂਦੇ ਹਨ ਕਿ (ਨਰ) ਆਦਮੀਆਂ ਨੂੰ (ਨਰ ਹਰ, ਨਰਾਂ ਨੂੰ ਹਰਿਆਂ ਕਰਨ ਵਾਲਾ ਜੋ ਵਾਹਿਗੁਰੂ ਹੈ ਉਸਦਾ ਗਿਆਨ ਹੁੰਦਾ ਹੈ ਭਾਵ ਓਹ ਲੋਕ ਸੰਤਾਂ ਦਾ ਉਪਦੇਸ਼ ਲੈਕੇ ਨਾਮ ਜਪਦੇ ਹੈਨ ॥੪੨॥੭੬॥

ਸਬਦ ਸੁਰਤ ਲਿਵ ਜੋਤਿ ਕੇ ਉਦੋਤ ਭਏ
ਤ੍ਰਿਭਵਨ ਐ ਤ੍ਰਿਕਾਲ ਅੰਤਰ ਦਿਖਾਏ ਹੈਂ ।

ਪਰ ਉਪਕਾਰ ਦਾ ਵਰਨਨ ਹੋਇਆ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੀ ਕਮਾਈ ਵਿਚ ਪ੍ਰੀਤੀ ਕਰੀ ਹੈ ਓਹ ਜੇਹੜੇ ਐਸੇ ਪਰਉਪਕਾਰ ਦੇ ਤਮਾਸ਼ੇ ਵਿਚ ਆਏ ਹਨ ਓਨ੍ਹਾਂ ਨੂੰ ਇਹ ਗੁਣ ਪ੍ਰਾਪਤ ਹੋਂਦੇ ਹਨ ਇਸ ਪਰ ਅਰਥ ਕਥਨ ਕਰਦੇ ਹੈਂ ਆਪ ਆਪਦੇ ਹਸ ਦਿ ਜਿਨ੍ਹਾਂ ਸਿਖ੍ਹਾਂ ਗੁਰਮੁਖਾਂ ਨੇ ਗੁਰਾਂ ਦੇ (ਸਬਦ) ਉਪਦੇਸ਼ ਦੀ ਸੁਰਤ (ਚੀਨ ਕੇ) ਅੰਤਰ ਵਿਚ (ਲਿਵ) ਪ੍ਰੀਤੀ ਕਰੀ ਹੈ

ਓਹਨਾਂ ਨੂੰ ਇਕ ਰਸ ਮਿਲਿਆ ਸ੍ਰਿ(ਨਿਝਿ)ਰਜਾਣ ਉਦੰਚ ਪ੍ਰਕਾਰ ਹੋਈ ਪ੍ਰਕਾਸ਼ ਗਿਆਨ ਦਾ ਪ੍ਰਗਟ ਹੋਯਾ ਅਤੇ ਤ੍ਰਿਲੋਕੀਭਵਨਾਂ ਦੀ ਤ੍ਰੀ ਅੋਰ ਕਿੰਨਾ ਸੰਸਿਆ ਦੀ ਹੀ ਸੋਝੀ ਸਾਰੀ ਅੰਦਰ ਹਾ ਹਿਰਦੇ ਦੇ ਦੇਖਨ ਵਿਚ ਆਈ ਭਾਵ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੀ ਕਮਾਈ ਵਿਚ ਪ੍ਰੀਤੀ ਕਰੀ ਓਨ੍ਹਾਂ ਨੂੰ ਵਾਹਿਗੁਰੂ ਦੀ ਗਿਆਨ ਪ੍ਰਗਟ ਹੋਏ ਅਤੇ ਅਗਲੀ ਪਿਛਲੀ ਸਾਰੀ ਅੰਦਰ ਸਮਝ ਦਾ ਓਨ੍ਹਾਂ ਨੂੰ ਹੋ ਗਈ ॥

ਸਬਦ ਸੁਰਤਿ ਲਿਵ ਗੁਰਮਤਿ ਕੋ ਪ੍ਰਗਾਸ
ਅਕਥ ਕਥਾ ਬਿਨੋਦ ਅਲਖ ਲਖਾਏ ਹੈਂ ।

ਜਿਨ੍ਹਾਂ ਨੇ ਗੁਰਾਂ ਦੇ (ਸ਼ਬਦ) ਉਪਦੇਸ਼ ਦੀ (ਸੁਰਤ) ਕਮਾਈ ਵਿਚ (ਲਿਵ) ਪ੍ਰੀਤੀ ਕੀਤੀ ਹੈ ਓਹਨਾਂ ਨੂੰ ਗੁਰਮਤ ਦਾ ਪ੍ਰਕਾਸ਼ ਹੋਇਆ ਭਾਵ ਓਨ੍ਹਾਂ [illegible] ਆਈ ਅਤੇ ਖਾਲਸਾ ਧਰਮ ਦੇ ਨਿਯਮਾਂ ਨੂੰ ਜਾਣ ਲਿਆ ਫਿਰ (ਅਲਖ) ਜੋ ਵਾਹਿਗੁਰੂ ਹੈ ਜਿਸਦੀ ਕਥਾ ਕਥੀ ਨਹੀਂ ਜਾਂਦੀ ਉਸਦਾ (ਬਿਨੋਦ) ਅਨੰਦ (ਲਖਾਏ) ਦੇਖਣ ਵਿਚ ਆਇਆ ਭਾਵ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੀ ਕਮਾਈ ਵਿਚ ਪ੍ਰੀਤੀ ਕੀਤੀ ਓਨ੍ਹਾਂ ਮਹਾਤਮਾ ਗੁਰਮੁਖਾਂ ਦੇ (ਬਿਨੋਦ) [illegible] ਹੋਏ ਜਿਨ੍ਹਾਂ ਦੀ ਕਥਾ ਵੀ ਅਕਥ ਹੈ ਓਨ੍ਹਾਂ ਦੇ (ਅਲਖ) ਵਾਹਿਗੁਰੂ ਦੇਖਨ ਵਿਚ ਆਇਆ ॥

ਸਬਦ ਸੁਰਤਿ ਲਿਵ ਨਿਝਰ ਅਪਾਰ ਧਾਰ
ਪ੍ਰੇਮ ਰਸ ਰਸਿਕ ਹ੍ਵੈ ਅਪਿਅ ਪੀਆਏ ਹੈਂ ।

ਓਹ ਪਹਿਲੇ ਦੇ ਮਹਾਤਮਾ ਜਿਨ੍ਹਾਂ ਨੇ ਗੁਰਾਂ ਦੇ ਸਬਦ ਉਪਦੇਸ਼ ਦੀ ਕਮਾਈ ਵਿਚ (ਲਿਵ) ਪ੍ਰੀਤੀ ਕੀਤੀ ਹੈ ਓਹੋ ਹੀ (ਪ੍ਰੇਮ ਰਸ ਪ੍ਰੇਮ ਦੇ ਅਨੰਦ ਵਿਚ (ਰਸਕ) ਰਸੀਏ ਭਾਵ ਸ਼ਰਧਾਵਾਨ ਹੋਏ ਅਤੇ ਓਨ੍ਹਾਂ ਦੇ ਹੀ (ਨਿਝਰ) ਵਿਚ ਹਮ (ਅਪਾਰ ਧਾਰ) ਬ੍ਰਹਮਾਨੰਦ ਵਾਹਿਗੁਰੂ ਦੇ ਅਨੰਦ ਦਾ (ਅਪਿਅ) ਅੰਮ੍ਰਿਤ ਪੀਣ ਵਿਚ ਆਇਆ ਭਾਵ ਨਾਮ ਅੰਮ੍ਰਿਤ ਓਨ੍ਹਾਂ ਨੇ ਹੀ ਪੀਤਾ ॥

ਸਬਦ ਸੁਰਤ ਲਿਵ ਸੋਹੰ ਸੋ ਅਜਪਾ ਜਾਪ
ਸਹਜਿ ਸਮਾਧਿ ਸੁਖਸਾਗਰ ਸਮਾਏਹੈਂ ॥੪॥੭੭

ਜਿਨ੍ਹਾਂ ਨੇ ਗੁਰਾਂ ਦੇ (ਸ਼ਬਦ) ਉਪਦੇਸ਼ ਦੀ ਕਮਾਈ ਵਿਚ (ਲਿਵ ਪ੍ਰੀਤੀ ਲਾਈ ਹੈ ਅਤੇ (ਸੋਹੰ ਸੋ) ਓਹ ਮੈਂ ਮੈਂ ਓਹ ਇਸ ਦੇ ਅਜਪਾ ਜਾਪ ਕੀ [illegible] ਜਿਨ੍ਹਾਂ [illegible] ਭਾਵ [illegible] ਵਿਸ਼ਈਆਂ ਪਾਸੋਂ ਨਹੀਂ ਜਪਿਆ ਜਾਂਦਾ ਕੋ ਜਿਸ ਵਿਚ ਓਨ੍ਹਾਂ ਦੀ (ਸਾਗਰ) ਅਫੁਰ ਦਾ ਸਹਿਜੇ ਹੀ ਸਮਾਧੀ ਲਗੀ ਰਹਿੰਦੀ ਹੈ ਭਾਵ ਫਿਰ ਨਾਮ [illegible] ਅਤੇ ਗੁਰਮੁਖੀ [illegible] ਰਹਿੰਦੇ [illegible]

ਰੰਗ (ਤ੍ਰਿਕ ਲਾਗਰ) ਸੁਖਾਂ ਦਾ ਸਮੁੰਦ੍ਰ ਜੋ ਵਾਹਿਗੁਰੂ ਹੈ ਉਸ ਵਿਚ ਸਮਾਏ ਰਹਿੰਦੇ ਹਨ ॥੨੨॥

ਆਧਿ ਕੈ ਬਿਆਧਿ ਕੈ ਉਪਾਧਿ ਕੈ ਤ੍ਰਿਦੋਖ ਹੁਤੇ
ਗੁਰ ਸਿਖ ਸਾਧ ਗੁਰ ਬੈਦ ਪੈ ਲੈ ਆਏ ਹੈਂ ।

ਅਬ ਵਰਨਨ ਕਰਦੇ ਹਨ ਕਿ ਓਹ ਜੋ ਮਹਾਤਮਾ ਵਾਹਿਗੁਰੂ ਵਿਚ ਸਮਾਏ ਹਨ ਰਿਤ ਕਰਕੇ ਭਾਂਤਿ ਓਹ ਸਰੀਰ ਕਰਕੇ ਕੁਝ ਉਪਕਾਰ ਭੀ ਕਰਦੇ ਹਨ ਕਿ ਨਹੀਂ ਭਾਵ ਕੀ ਕਿ ਓਧਰ ਹੀ ਲਗੇ ਰਹਿੰਦੇ ਹਨ ਕਿ ਜੋ ਸੰਸਾਰ ਦੇ ਜੀਵ ਰੋਗ ਗ੍ਰਹਸਥ ਹਨ ਉਨਾਂ ਦਾ ਉਧਾਰ ਵੀ ਕਰਦੇ ਹਨ। ਤਾਂਤੇ ਇਸ ਪਰ ਵਰਨਨ ਕਰਦੇ ਹਨ ਕਿ ਜੋ ਸੰਸਾਰੀ ਜੀਵ ਆਧੀ ਬਿਆਧੀ ਉਪਾਧੀ ਤ੍ਰਿਨ ਪ੍ਰਕਾਰ ਦੇ ਰੋਗਾਂ ਕਰਕੇ ਸੰਨਪਾਤ ਵਾ ਸੜੇ ਹੋਏ ਹਨ ਓਨ੍ਹਾਂ ਨੂੰ ਓਹ ਗੁਰੂ ਦੇ ਸਿਖ ਜੋ ਪਿਛੇ ਕਹੇ ਨੇ ਓਹ ਗੁਰੂ ਰੂਪੀ (ਸਾਧ) ਸ੍ਰੇਸਟ ਨਿਰਲੋਭ (ਬੈਦ) ਹਕੀਮ (ਵਾ ਡਾਕਟਰ) ਪਾਸ ਲੈ ਆਉਂਦੇ ਹੈਨ ਇਹ ਸਰੀਰ ਕਰਕੇ ਉਪਕਾਰ ਕਰਦੇ ਹਨ ਅਤੇ ਅਪਨੀ ਨਾਲ ਫਰਮਾਇਸ਼ ਪਾਉਂਦੇ ਹਨ ਕਿਉਂ ਗੁਰੋ ਸਾਡੇ ਵਾਸਤੇ ਵਾਹਿਗੁਰੂ ਦੇ ਵਾਸਤੇ ਇਨਾਂ ਰੋਗੀਆਂ ਨੂੰ ਰਾਜ਼ੀ ਕਰੋ ਇਸੇ ਪ੍ਰਕਾਰ ਆਖਦੇ ਹਨ (ਆਧਿ) ਅੰਦਰ ਦਾ ਰੋਗ ਹੁੰਦਾ ਹੈ ਸੋ ਦਵਾਈ ਖਵਾਉਣ ਸੇ ਦੂਰ ਹੁੰਦਾ ਹੈ ਅਤੇ (ਬਿਆਧਿ) ਬਾਹਰ ਦਾ ਰੋਗ ਹੁੰਦਾ ਹੈ ਸੋ ਦਵਾਈ ਦਾ ਲੇਪਨ ਆਦਕ ਕਰਨੇ ਸੇ ਦੂਰ ਹੁੰਦਾ ਹੈ (ਉਪਾਧਿ) ਜੋ ਬੈਠਿਆਂ ਬੈਠਿਆਂ ਉਪਾਧੀ ਗਲ ਆ ਪਵੇ ਜੈਸੇ ਕਿਸੇ ਸੰਬੰਧੀ ਆਦਕ ਮ੍ਰਿਤੂ ਵ ਮੁਕਦਮਾ ਆਦਕ, ਲੜਾਈ ਆਦਕ ਇਤਨੇ ਇਨ ਰੋਗਾਂ ਨੂੰ ਬੈਦ ਗੁਰੂ ਦੂਰ ਕਰਦੇ ਹਨ ਪਰ ਓਹਨਾਂ ਗੁਰਮੁਖਾਂ ਦੇ ਨਿਹਚਾ ਕਰਕੇ ਅਤੇ ਇਸ ਕਰਕੇ ਵਿਚ ਸਮਾਇ ਰਹਿੰਦੇ ਹਨ ਗੁਰਾਂ ਦੇ। ਭਾਵ ਗੁਰਾਂ ਦਾ ਨਾਮ ਜਪਦੇ ਹਨ ॥

ਅੰਮ੍ਰਿਤ ਕਟਾਛ ਪੇਖ ਜਨਮ ਮਰਨ ਮੇਟੇ
ਸੌਨਿ ਜਮ ਤ੍ਰੈ ਨਿਵਰੈ ਅਭੈ ਪਦ ਪਾਏ ਹੈਂ ।

ਅਤੇ ਗੁਰਾਂ ਨੇ ਫਿਰ ਦੇਖਿਆ ਕਿ ਏਹ ਰੋਗੀ ਠੀਕ ਹਨ ਅਤੇ ਰੋਗ ਨਾਲ ਦੁਖੀ ਹਨ ਤਾਂਤੇ ਗੁਰਾਂ ਨੇ ਕੇਹੜੀ ਦਵਾਈ ਜਨਾਂਦੀ ਨਾਲ ਕਿਤੀ ਅਤੇ ਰਾਜ਼ੀ ਕਰ ਦਿਤੇ ਸੋ ਆਪ ਆਖਦੇ ਹਨ ਕਿ (ਅੰਮ੍ਰਿਤ ਕਟਾਛਨ) ਅੰਮ੍ਰਿਤ ਭਰੀ ਹੋਈ ਕਿਰਪਾ ਦ੍ਰਿਸਟੀ ਕੀਤੀ ਭਾਵ ਕੀ ਕਿ ਪਿਆਰ ਭਰਲੇ ਦੇਖਿਆ ਅਤੇ ਓਹਨਾਂ ਦਾ ਜਨਮ ਮਰਨ ਦਾ ਜੋ ਵਡਾ ਰੋਗ ਸੀ ਉਸਨੂੰ ਦੂਰ ਕਰ ਦਿਤਾ, ਪੁਰੇ ਵਿਚ ਹੀ ਪ੍ਰਾਣੀ ਆਦਮੀ ਨਿਹਾਲ ਹੋਗਏ ਅਤੇ ਆਪ ਆਖਦੇ ਹਨ ਕਿ ਜਿਨ ਪਾਲੀ ਸੀ ਰੋਗ ਦਾ ਇਹ ਪਰ ਫਿਰ ਵੀ ਰੋਗਾਂ ਦਾ ਦੂਰ ਅਭਿਮਾਨ ਦੇ ਤਾਪਾਂ

ਤਾਂ ਜੀ ਦੁਆਰਿਆ ਰੋਗ ਭਾਵ ਕੀ ਕਿ ਚੌਰਾਸੀ ਜੂਨੀਆਂ ਮਰੇ (ਜਮ) ਧਰਮ ਰਾਜਾ ਅਕਰਤੇ ਹੀ ਪਛੋਤਾ ਰਹਿਆ ਤਾਂ ਇਹ ਕੀ ਜੇਹਾ ਰੋਗ ਦੂਰ ਕਾਬਾ ਕੀਤਾ ਨਾ ਕੀਤਾ ਤਾਂ ਆਪ ਵਰਨਨ ਕਰਦੇ ਹਨ ਕਿ ਜੂਨੀਆਂ ਦਾ ਡਰ ਵੀ ਦੂਰ ਕਰ ਦਿਤਾ ਅਤੇ ਜਮ ਦਾ ਡਰ ਵੀ ਦੂਰ ਕਰ ਦਿਤਾ ਅਤੇ ਓਹ ਪਾਪੀ (ਅਤੇ ਪਦ) ਦਾ ਕਰਕੇ ਬਿਨ ਵਾਹਿਗੁਰੂ ਹੈ ਉਸਨੂੰ (ਪ੍ਰਾਪਤ) ਮਿਲ ਜਾਏ ਫਿਰ ਨਾਸਦਾ ਫਿਰ ਰਹਿਣਾ ਸੀ ॥

ਚਰਨ ਕਮਲ ਮਕਰੰਦ ਰਜ ਲੇਪਨ ਕੈ
ਦੀਖਿਆ ਸੀਖਿਆ ਸੰਜਮ ਕੈ ਔਖਧ ਖਵਾਏ ਹੈ।

ਸ਼ੰਕਾ-ਆਪ ਸ਼ੰਕਾ ਕਰਦੇ ਹਨ ਕਿ ਜਲਦੀ ਨਾਲ ਹੀ ਉਹਨਾਂ ਰੋਗੀਆਂ ਦਾ ਰੋਗ ਦੂਰ ਕਰ ਦਿਤਾ ਇਹ ਤਾਂ ਮਰਯਾਦਾ ਭੰਗ ਹੋਗਈ ਕਿਉਂਕਿ ਵੈਦ ਮਰੀਜ਼ ਨੂੰ ਰਾਜ਼ੀ ਕਰਦੇ ਹਨ ਅਤੇ ਦਵਾਈਆਂ ਖੁਲਾਂਦੇ ਹਨ ਏਨਾਂ ਨੇ ਨਾ ਕੋਈ ਦਵਾਈ ਖੁਵਾਈ ਅਤੇ ਨਾ ਰੋਗ ਦੇ ਉਪਰ ਲਗਾਈ ਤਾਂ ਰਾਜ਼ੀ ਕਿਸਤਰ੍ਹਾਂ ਹੋਗਏ ਭਲਾ ਜਨਮ ਮਰਨ ਰੋਗ ਐਵੇਂ ਹੀ ਹਟ ਜਾਏ ਤਾਂ ਆਪ ਉਤਰ ਦੇਂਦੇ ਹਨ ਕਿ ਜੋ ਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ) ਭਗਤੀ ਹੈ ਇਸਦਾ (ਦੀਖਿਆ) ਰੂਪ ਲੇਪ ਕਰ "ਸਿਖਿਆ" (ਸੀਖਿਆ) ਜੋ ਸਮਝਾਉਣੀ ਜਾਚ ਦਸਦੀ ਹੈ ਇਹ ਦਵਾਈ ਖਵਾਈ ਜਾਤੇ ਅੰਦਰ ਦਾ ਰੋਗ ਜੂਨੀਆਂ ਵਿਚ ਭੌਣਾਂ ਜਨਮ ਮਰਨ ਆਦਕ ਦੂਰ ਹੋਗਿਆ ਅਤੇ ਜਿਹੜਾ ਬਾਹਰ ਦਾ ਰੋਗ ਸੀ ਸੰਸਾਰਵਿਚ ਜਨਮ ਆਦਿਕ ਓਹ ਚਰਨਾਂ ਦਾ *(ਰਜ) ਧੂੜੀ ਦਾ ਲੇਪਨ ਕਰਨ ਨਾਲ ਦੂਰ ਹੋਗਿਆ ਅਤੇ ਇਸ ਨਾਲ (ਸੰਜਮ) ਪੱਥ ਪ੍ਰਹੇਜ਼ ਦਾ ਰਖਣਾ ਵੀ ਦਸ ਦਿਤਾ ਭਾਵ ਕੀ ਕਿ ਇੰਦ੍ਰਿਆਂ ਨੂੰ ਵਸੀਕਾਰ ਕਰ ਦਿਤਾ, ਦੀਖਿਆ (ਸਿਖਿਆ) ਉਪਦੇਸ਼ਦੀ ਸਿਖ੍ਯਾ ਭਿਉਂ ਵੀ ਹੈ ॥

ਕਰਮ ਭਰਮ ਖੋਏ ਪਾਵਤ ਬਰਜ ਰਾਖੇ
ਨਿਹਚਲ ਮਤੀ ਸੁਖ ਸਹਿਜ ਸਮਾਏ ਹੈ॥੪੪॥੭੮

ਜਨਮ ਮਰਨ ਜੋ ਰੋਗ ਸੀ ਜੋ ਜਿਨ੍ਹਾਂ ਦਾ ਕਾਰਨ ਕਰਮ ਹੀ ਭਰਮ ਹੋਣ ਵਾਲੇ ਸੋ ਕਰਮ ਦੀ (ਭਰਮ) ਭਰਮਾਉਣ ਵਾਲੇ ਦੂਰ ਹੋਗਏ ਫਿਰ (ਜਨਮ ਮਰਨ) ਰੋਗ ਕੈਸੇ ਹੋਵੇਗਾ ਅਤੇ ਪਹਲੇ ਬਾਹਰ ਨੂੰ ਇਸ ਰੋਗੀਦਾ ਕਰਾ ਦੇਣਦਾ ਹੈ ਕਿ ਮੇਰਾ ਰੋਗ ਕਦੋਂ ਦੂਰ ਹੋਵੇਗਾ ਤਾਂ ਆਖਦੇ ਹਨ ਕਿ ਜੋ ਔਗੁਣ ਕਰਨ ਨੂੰ ਦੌ (ਬਰਜ) ਰੋਕ ਰਖਿਆ ਅਤੇ (ਮਤਿ ਬੁਧੀ ਵੀ ਨਿਹਚਲ ਹੋਗਏ

---

*ਲੋਕ ਜਨਾਂ ਦੀ ਚਰਨਾਂ ਨੇ ਮਾਥੇ ਲਾਵਣੀ।

ਪਰ ਭੋਗੀ ਕਰਦੇ ਹਨ ਕਿ ਅੰਤ੍ਰਧਿਆਨ ਤੇ ਸਦਾ ਧਿਆਨ ਮੰਨਦੇ ਹੋ ? ਭਾਵ ਆਪਣੇ ਹਨ ਕਿ (ਮਤਿ) ਓਹ ਪਿਛੇ ਦੀ ਸਿਖਿਆ ਦਵਾਈ ਨਾਲ ਅੰਦਰ ਨਿਸਚਾ ਹੋਣੀ ਤਾਂ ਹੋਣ ਗਿਆ ਤੇ (ਸਹਿਜ) ਅਚਲ ਸੁਖ ਵਾਹਿਗੁਰੂ ਵਿਚ ਓਹ ਪਾਪੀ ਭੀ ਗੁਰਮੁਖ ਬਣ ਕੇ ਸਮਾਏ ॥੫੮॥੫੮॥

ਬੋਹਿਥ ਪ੍ਰਵੇਸ ਭਏ ਨ੍ਰਿਭੈ ਹੋਇ ਪਾਰਗ੍ਰਾਮੀ
ਬੋਹਿਥ ਸਮੀਪ ਬੂਡ ਮਰਤ ਅਭਾਗੋ ਹੈ।

ਹੁਣ ਆਪ ਆਖਦੇ ਹਨ ਕਿ ਇਕ ਤਾਂ ਸਿਖਨਾ ਲੈ ਕੇ ਅਨੰਦ ਰੂਪ ਹੋ ਗਏ ਅਤੇ ਵਾਹਿਗੁਰੂ ਨੂੰ ਮਿਲ ਗਏ ਇਕ ਗੁਰਾਂ ਦੇ ਪਾਸ ਹੀ ਰਹਿਕੇ ਖਾਲੀ ਰਹੇ ਅਤੇ ਮਰ ਗਏ।

ਆਪ ਆਖਦੇ ਹਨ ਕਿ ਜੇਹੜੇ ਗੁਰਮੁਖ (ਬੋਹਥ) ਜਹਾਜ ਵਿਚ (ਪ੍ਰਵੇਸ) ਚੜ੍ਹ ਗਏ ਭਾਵ ਜਿਨਾਂ ਨੇ ਗੁਰਾਂ ਦੀ ਸਿਖਯਾ ਲੈ ਲਈ ਅਤੇ ਨਾਮ ਗਿਆਨ ਜਹਾਜ ਵਿਚ ਬੈਠ ਗਏ ਭਾਵ ਨਾਮ ਨੂੰ ਜਪਣਾ ਕੀਤਾ ਅਤੇ ਗਿਆਨ ਪੈ ਗਿਆ ਓਹ ਡਰ ਤੋਂ ਬਿਨਾਂ ਹੋਕੇ (ਗਾਮੀ) ਸੰਸਾਰ ਸਮੁੰਦਰ ਪਿੰਡ ਤੇ ਪਾਰ ਹੋ ਗਏ ਜਹਾਜ਼ (ਗੁਰ ਨਾਮ) ਅਤੇ (ਮਲਾਹ) ਗੁਰੂ ਜਿਨ੍ਹਾਂ ਨੇ ਇਨਾਂ ਦਾ ਆਸਰਾ ਲਿਆ ਓਹ ਤਾਂ ਪਾਰ ਹੋ ਗਏ ਪਰ ਜਹਾਜ਼ਾਂ ਦੇ ਪਾਸ ਹੀ ਹੁੰਦਿਆਂ (ਅਭਾਗੇ) ਬੇ ਕਰਮੇ ਮਨਮੁਖ ਡੁਬਕੇ ਮਰ ਗਏ ਭਾਵ ਗੁਰਾਂ ਦੀ ਸਿਖਿਆ ਨਾ ਲਈ ਅਤੇ ਨਾਮ ਨਾ ਜਪਿਆ ਤੇ ਸੰਸਾਰ ਦੇ ਵਿਸ਼ਿਆਂ ਵਿਕਾਰਾਂ ਵਿਚ ਲਗਕੇ ਮਰ ਗਏ॥

ਚੰਦਨ ਸਮੀਪ ਦੁਰਗੰਧ ਸੈ ਸੁਗੰਧ ਹੋਇ
ਦੂਰੰਤਰ ਤਰ ਬੰਧ ਮਾਰਤ ਨ ਲਾਗੋ ਹੈ।

ਹੋਰ ਦ੍ਰਿਸ਼ਟਾਂਤ-ਚੰਦਨ ਬ੍ਰਿਛ ਦੇ (ਸਮੀਪ) ਪਾਸ ਜੋ (ਦੁਰਗੰਧ) ਨਿੰਮ ਆਦਿਕ ਬ੍ਰਿਛ ਭੈੜੀ ਸੁਗੰਧੀ ਵਾਲੇ ਹੈਨ ਓਹ ਵੀ ਸੁਗੰਧੀ ਵਾਲੇ ਹੋ ਗਏ ਭਾਵ ਕੀ ਕਿ ਜੇਹੜੇ ਨਹੀ ਸੀ ਭਗਤੀ ਕਰਨ ਵਾਲੇ ਓਹ ਭੀ ਗੁਰਾਂ ਪਾਸ ਰਹਿਕੇ ਭਗਤੀ ਕਰਨ ਵਾਲੇ ਹੋ ਗਏ ਅਤੇ (ਦੂਰੰਤਰ) ਦੂਰ ਜਿਨਾਂ ਦਾ ਦੂਰ ਵਿਚ ਪਿਆ ਹੋਇਆ ਸੀ ਉਨਾਂ (ਤਰ) ਬ੍ਰਿਛਾਂ ਨੂੰ ਖੁਸ਼ਬੋ ਚੰਦਨ ਬ੍ਰਿਛ ਦੀ (ਮਾਰੁਤ) ਪਵਨ ਨਹੀ ਲਗਦੀ ਭਾਵ ਜੋ ਦੂਰ ਦੇ ਰਹਿਣ ਵਾਲੇ ਹੈ ਉਨਾਂ ਨੂੰ ਭਗਤੀ ਦੀ ਇਛਾ ਨਹੀਂ ਹੁੰਦੀ॥

ਜਿਹਜਾ ਸੰਜੋਗ ਭੋਗ ਨਾਰ ਗਰਭ ਧਾਰ ਹੋਤ
ਪੁਰਖ ਬਿਦੇਸ ਕੁਲ ਦੀਪਕ ਨ ਜਾਗੋ ਹੈ।

ਹੋਰ ਦ੍ਰਿਸ਼ਟਾਂਤ-ਜਿਸ ਨਾਰਿ ਦਾ ਪਤੀ ਘਰ ਹੈ ਉਸਨੂੰ ਸੰਜੋਗ...

ਲੈਂਦਾ ਵੀ ਹੁੰਦਾ ਹੈ ਅਤੇ ਹਾਰ ਵੀ ਉਸ (ਨਾਰ) ਇਸਤ੍ਰੀ ਦੇ (ਗਰ) ਗਲ ਵਿਚ ਸੋਭਦਾ ਹੈ ਅਤੇ (ਫੂਲ ਦੀਪਕ) ਫੂਲ ਦਾ ਦੀਵਾ ਪ੍ਰਕਟ ਭੀ ਉਸਦੇ ਘਰ ਹੁੰਦਾ ਹੈ ਏ ਅਰਥ ਕੀਤੇ ਜਾਂਦੇ ਨੇ ਉਸਦੇ ਘਰ ਭਾਵ ਕੀ ਕਿ ਉਸ ਇਸਤ੍ਰੀ ਨੂੰ ਹਰ ਤਰਹ ਦਾ ਅਨੰਦ ਹੁੰਦਾ ਹੈ ਜਿਸਦਾ ਪਤੀ ਘਰ ਹੈ ਅਤੇ ਜਿਸਦਾ ਪਤੀ ਪ੍ਰਦੇਸ ਨੂੰ ਗਿਆ ਹੋਇਆ ਹੈ ਉਸਨੂੰ ਨਾ ਸਿਹਜਾ ਦਾ ਅਨੰਦ ਨਾ ਗਲ ਵਿਚ ਹਾਰ ਅਤੇ ਸਤਾਨ ਆਦਿਕ ਦਾ ਸੁਖ ਹੀ ਨਹੀਂ ਅਤੇ ਨਾ ਦੀਵਾ ਵੀ ਘਰ ਵਿਚ ਕੋਈ ਜਗਦਾ ਹੈ ॥

ਸ੍ਰੀ ਗੁਰ ਕ੍ਰਿਪਾ ਨਿਧਾਨ ਸਿਮਰਨ ਗਿਆਨ ਧਿਆਨ
ਗੁਰਮੁਖ ਸੁਖ ਫਲ ਪਲ ਅਨਰਾਗੇ ਹੈ ॥ ੪੫॥ ੭੯॥

(ਸ੍ਰੀ) ਸੁਭਾਇਮਾਨ ਜੋ ਗੁਰੂ ਹੈਂ ਉਨ੍ਹਾਂ ਦੁਆਰਾ ਕਰਕੇ ਜਿਨ੍ਹਾਂ ਨੇ ਸੁਖ ਫਲ ਨਾਮ ਵਿਚ (ਪਲ) ਛਿਨ ਭਰ (ਅਨੁਰਾਗੇ) ਪ੍ਰੇਮ ਕੀਤਾ ਹੈ ਉਸਨੇ ਕਿਰਪਾ (ਨਿਧਾਨ) ਕਿਰਪਾ ਸਮੁੰਦਰ ਜੋ ਵਾਹਿਗੁਰੂ ਹੈ ਉਸਦੇ ਗਿਆਨ ਧਿਆਨ ਦਾ ਸਿਮਰਨ ਧਾਰਾ ਭਾਵ ਸ੍ਰੀ ਗੁਰੂ ਜੀ ਤੋਂ ਸੁਨ ਕਰਕੇ ਜਿਨ੍ਹਾਂ ਨੇ (ਸੁਖ ਫਲ) ਨਾਮ ਨੂੰ ਧਾਰਨ ਕੀਤਾ ਹੈ ਅਤੇ ਇਕ ਛਿਨ ਭਰ ਪ੍ਰੇਮ ਕੀਤਾ ਹੈ ਤੇ ਉਸੇ ਨੂੰ ਹੀ ਧਰਮ ਵਾਹਿਗੁਰੂ ਦਾ ਭੀ (ਗਿਆਨ) ਗਿਆਨ ਦੇ ਸਿਮਰਨ ਦਾ ਹੋਇਆ ਅਤੇ ਕਿਰਪਾ ਦੇ (ਨਿਧਾਨ) ਖਜ਼ਾਨੇ ਵਾਹਿਗੁਰੂ ਨੂੰ ਪਾ ਲਿਆ ॥ ੪੫ ॥ ੭੯ ॥

ਚਰਨ ਕਮਲ ਕੋ ਮਹਾਤਮ ਅਗਾਧ ਬੋਧ
ਅਤਿ ਅਸਚਰਜ ਮੈ ਨਮੋ ਨਮੋ ਨਮ ਹੈ ।

ਗੁਰਾਂ ਦੇ ਚਰਨ ਕਮਲ ਦਾ ਮਹਾਤਮ (ਬੋਧ) ਜਾਨਣਾ (ਅਗਾਧ) ਕਠਨ ਹੈ ਇਸ ਵਾਸਤੇ ਕਿ ਅਤੀ ਕਰਕੇ ਅਸਚਰਜ (ਮੈ) ਸਰੂਪ ਹੈਂ ਤਾਂ ਤੇ ਮੈਂ ਉਨ੍ਹਾਂ ਚਰਨਾਂ ਨੂੰ ਮਨ ਬਾਣੀ ਸਰੀਰ ਕਰਕੇ ਨਮਸਕਾਰ ਕਰਦਾ ਹਾਂ ॥ ਸੰਕਾ— ਆਪ ਨੇ ਸ਼ੰਕਾ ਕਰ ਦਿਤੀ ਕਿ ਨਾਲੇ ਤੁਸਾਂ ਕਮਲ ਦੇ ਬਰਾਬਰ ਚਰਨਾਂ ਦੀ ਵਰਨਨ ਕੀਤਾ ਹੈ ਨਾਲੇ ਆਪ ਆਖਦੇ ਹਨ ਉਨ੍ਹਾਂ ਦਾ ਮਹਾਤਮ ਜਾਨਣਾ ਮੁਸ਼ਕਲ ਹੈ ਸੋ ਆਪ ਕਿਰਪਾ ਕਰਕੇ ਸਮਾਂਧਾਨਤਾ ਭੀ ਕਰੋ ਤੇ ਵਿਸ਼ੇਸ਼ਤਾ ਭੀ ਕਹੋ ॥

ਕੋਮਲ ਕੋਮਲਤਾ ਔ ਸੀਤਲ ਸੀਤਲਤਾ ਕੈ
ਬਾਸਨਾ ਸੁਬਾਸ ਤਾਸ ਦੁਤੀਆ ਨ ਸਮ ਹੈ ।

ਸਮਾਧਾਨਤਾ ਗੁਰਾਂ ਦੇ ਚਰਨ ਕਮਲਾਂ ਵਾਂਗ ਕੋਮਲ ਹੈਨ ਅਤੇ ਕਮਲ ਦੀ ਸੀਤਲਤਾਈ ਵਾਂਗੂੰ ਸੀਤਲ ਹੈਨ। ਵਿਸ਼ੇਸ਼ਤਾ—ਉਸ ਕਮਲ ਵਿਚ (ਬਾਸਨਾ) ਬਾਸਨਾ ਹਲੀਕੀ ਹੁੰਦੀ ਹੈ ਪਰ ਦੂਰ ਗੁਰਾਂ ਦੀ ਬਾਹਰ ਦੇ ਵਿਸ਼ਿਆਂ ਵਿਕਾਰਾਂ ਵਲ

ਲਾਉਂਦੀ ਹੈ ਅਤੇ ਗੁਰਾਂ ਦੇ ਚਰਨਾਂ ਦੀ (ਸੁਆਸ) ਭਗਤੀ ਵਾਹਿਗੁਰੂ ਵਲ ਲਾਉਂਦੀ ਹੈ। ਇਸੇ ਵਾਸਤੇ (ਭਾਵ) ਤਿਸ ਭਗਤੀ ਦੇ (ਸਮ) ਬਰਾਬਰ ਦੂਜਾ ਕੋਈ ਨਹੀਂ ਹੈ॥

ਸਹਜ ਸਮਾਧਿ ਨਿਜ ਆਸਨ *ਸਿੰਘਾਸਨ ਮੈ ਸ੍ਵਾਦ ਬਿਸਮਾਦ ਰਸ ਗੰਮਿਤਾ ਅਗਮ ਹੈ।

"ਉਸ ਭਗਤੀ ਦਾ ਫਲ" (ਨਿਜ) ਆਪਣਾ ਆਸਨ ਜੋ ਸਰੂਪ ਵਾਹਿਗੁਰੂ ਹੈ।ਇਹੋ ਹੀ ਸਿੰਘਾਸਨ ਹੈ ਇਸ ਵਾਹਿਗੁਰੂ ਵਿਚ (ਸਹਜ) ਅਫੁਰ ਸਮਾਧੀ ਲਗ ਜਾਂਦੀ ਹੈ ਉਸ ਭਗਤੀ ਦਾ (ਸ੍ਵਾਦ) ਅਨੰਦ ਜੋ ਹੈ ਸੋ (ਬਿਸਮਾਦ) ਅਸਚਰਜ ਹੈ। ਪਰ ਗੁਰੂ ਜੀ ਕਹਿੰਦੇ ਸੋ ਆਖਦੇ ਹਨ ਕਿ ਓਹ (ਰਸ) ਅਨੰਦ (ਗੰਮਤਾ) (ਅਗਮ) ਜਾਨਣ ਨਾਲੋਂ ਪਰੇ ਹੈ॥

ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ ਹੈ ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ॥੪੯॥੫੦

ਆਪ ਆਖਦੇ ਹਨ ਕਿ ਜਿਨ੍ਹਾਂ ਗੁਰੂ ਦੇ ਚਰਨ ਹੀ ਐਸੇ ਹਨ ਓਹ ਆਪ ਜਿਸ ਗੁਰਾਂ ਦੇ ਹੋਣਗੇ ਭਾਵ ਓਹ ਤਾਂ ਬਹੁਤ ਹੀ ਅਛੇ ਹੋਣਗੇ ਫਿਰ ਪਏ ਆਖਦੇ ਹਨ ਕਿ ਅਨੂਪਮ ਰੂਪ ਵਾਲਾ ਓਹਨਾਂ ਦਾ (ਰੂਪ) ਕਾਰ ਹੈ ਉਸ ਵਿਚ ਮਨ ਦੀ ਅਤੇ (ਮਨਸਾ) ਬੁਧੀ ਵੀ ਉਨ੍ਹਾਂ ਦੀ (ਥਕਤ) ਇਸਥਿਤ ਹੋ ਜਾਂਦੀ ਹੈ ਭਾਵ ਲਗ ਜਾਂਦੀ ਹੈ ਪਰ ਓਹ ਜਿਸ ਅਨੰਦ ਵਿਚ ਮਨ ਤੇ ਬੁਧੀ ਥਕਤ ਹੋਏ ਹਨ ਓਹ ਕਹਿ ਕੇ ਆਖਦੇ ਹਨ ਕਿ ਉਸ ਅਨੰਦ ਦੀ ਕਥਾ ਭੀ ਅਕਥ ਹੈ ਅਤੇ ਉਨਾਂ ਗੁਰਾਂ ਦੇ (ਬਿਨੋਦ) ਕੌਤਕ ਭੀ (ਬਿਸਮੈ) ਅਸਚਰਜ ਹਨ ਅਤੇ ਚਰਨ ਭੀ ਗੁਰਾਂ ਦੇ (ਬਿਸਮ) ਅਸਚਰਜ ਹੈਨ॥ ੪੯॥ ੫੦॥

ਸਤਗੁਰ ਦਰਸਨ ਸਬਦ ਅਗਾਧ ਬੋਧ ਅਬਿਗਤਿ ਗਤਿ ਨੇਤਿ ਨੇਤਿ ਨਮੋ ਨਮ ਹੈ।

ਆਪ ਆਖਦੇ ਹਨ ਕਿ ਗੁਰਾਂ ਦੇ ਦਰਸਨ ਦਾ ਅਤੇ ਸਬਦ ਦਾ ਮਹਾਤਮ ਦਸੋ ਤਾਂ ਉੱਤਰ ਦਿੰਦੇ ਹਨ ਕਿ ਦਰਸਨ ਅਤੇ ਸਬਦ ਦਾ ਮਹਾਤਮ (ਬੋਧ) ਜਾਨਣਾ (ਅਗਾਧ) ਕਠਨ ਹੈ ਅਤੇ ਉਸੇ ਦਰਸਨ ਅਤੇ ਸਬਦ ਦੀ (ਅਬਿਗਤ) ਅਸਚਰਜ ਹੈ ਜਿਸ ਜਗਾ ਸਾਰੀ ਗਤੀ ਨਾ ਹੋਵੇ ਸੋ ਅਬਗਤਿ ਜੋ ਹੈ ਉਸ ਦੀ (ਗਤਿ) ਰੀਤੀ ਨੂੰ ਮੈਂ ਨੇਤਿ ੨ ਮਨ ਬਾਨੀ ਕਰਕੇ ਨਮਸਕਾਰ ਕਰਦਾ ਹਾਂ॥

---

*ਸਿੰਘਾਸਨ ਦੇ ਅਗੇ ਮੈ ਅਖਰ ਨਹੀਂ ਹੈ ਦਾ ਪਰ ਛਪਦਿਆਂ ਪੈ ਗਿਆ

ਦਰਸ ਧਿਆਨ ਅਰੁ ਸਬਦ ਗਿਆਨ ਲਿਵ ਗੁਪਤ ਪ੍ਰਗਟ ਠਟ ਪੂਰਨ ਬ੍ਰਹਮ ਹੈ।

ਸੰਗਤਾਂ ਪ੍ਰਸ਼ਨ ਕਰਦੇ ਹਨ ਕਿ ਦਰਸ਼ਨ ਤੇ ਸ਼ਬਦ ਦਾ ਮਹਾਤਮ ਗੁਰਾਂ ਕਿਸ ਵਾਸਤੇ ਮੁਸ਼ਕਲ ਕਹਿਆ ਹੈ ਸੋ ਉੱਤਰ ਦੇਂਦੇ ਹੈਨ ਕਿ ਜੇਹੜਾ ਗੁਰਾਂ ਦੇ ਦਰਸ਼ਨ ਦਾ (ਧਿਆਨ) ਧਿਆਨ ਕਰਨਾ ਹੈ ਭਾਵ ਜੇਹੜਾ ਗੁਰਾਂ ਦਾ ਦਰਸ਼ਨ ਦੇਖਦਾ ਹੀ ਹੈ ਅਤੇ ਉਸ ਵਿਚ (ਲਿਵ) ਪ੍ਰੀਤੀ ਲਗਾਉਂਦਾ ਹੈ ਇਹੋ ਪੂਰਨ (ਬ੍ਰਹਮ) ਵਾਹਿਗੁਰੂ ਦਾ ਪ੍ਰਗਟ ਹੀ (ਠਾਟ) ਬਣਾਉ ਹੈ ਅਤੇ ਜੋ ਗੁਰਾਂ ਦੇ (ਸ਼ਬਦ) ਉਪਦੇਸ਼ ਦੇ ਗਿਆਨ ਵਿਚ ਪ੍ਰੀਤੀ ਲਗਾਉਂਦਾ ਹੈ ਇਹ ਪੂਰਨ (ਬ੍ਰਹਮ) ਵਾਹਿਗੁਰੂ ਦਾ (ਗੁਪਤ) ਛਪਿਆ ਹੋਇਆ ਠਾਟ ਬਣਾਉ ਹੈ ਤਾਂਤੇ ਇਸ ਵਾਸਤੇ ਗੁਰਾਂ ਦੇ ਦਰਸ਼ਨ ਦਾ ਅਤੇ ਸ਼ਬਦ ਦਾ ਮਹਾਤਮ ਜਾਨਣਾ ਮੁਸ਼ਕਲ ਹੈ।

ਨਿਰਗੁਨ ਸਰਗੁਨ ਕੁਸਮਾਵਲੀ ਸੁਗੰਧਿ ਸੰਧਿ ਏਕੈ ਔ ਅਨੇਕ ਰੂਪ ਗੰਮਿਤਾ ਅਗਮ ਹੈ।

ਆਪ ਆਖਦੇ ਹਨ ਕਿ ਪਿਛੇ ਜੋ ਆਪ ਨੇ ਗੁਰਾਂ ਦੇ ਦਰਸ਼ਨ ਅਤੇ ਸ਼ਬਦ ਨੂੰ ਵਾਹਿਗੁਰੂ ਦੇ ਨਾਲ ਬਰਾਬਰ ਕਰ ਦਿਤਾ ਸੋ ਉਸਦਾ ਮਹਾਤਮ ਦੱਸੋ ਕਿ ਕਿਸ ਤਰਾਂ ਕਰ ਦਿਤਾ ਸੋ ਉੱਤਰ ਦੇਂਦੇ ਹਨ ਕਿ ਸਤਗੁਰਾਂ ਦਾ ਜੋ ਸਰੂਪ ਹੈ ਇਹੋ ਹੀ ਵਾਹਿਗੁਰੂ ਸਰਗੁਨ ਦਾ ਸਰੂਪ ਹੈ ਇਹ ਫੁਲ ਵਾਂਗੂੰ ਹੈ ਜੈਸੇ ਫੁਲ ਦੀ ਸੁਗੰਧੀ ਵਿਚ ਵੀ ਹੁੰਦੀ ਹੈ ਅਤੇ ਜਾਣੀ ਵੀ ਨਹੀਂ ਜਾਂਦੀ "ਕੁਸਮਾਵਲੀ ਸੁਗੰਧ ਸੰਧਿ" ਫੁਲਾਂ ਦੀ ਪੰਗਤੀ ਵਿਚ ਸੁਗੰਧੀ ਮਿਲੀ ਹੋਈ ਹੈ ਸੋ ਜੋ ਗੁਰਾਂ ਦਾ ਸ਼ਬਦ ਉਪਦੇਸ਼ ਹੈ ਇਹ ਨਿਰਗੁਨ ਵਾਹਿਗੁਰੂ ਦਾ ਰੂਪ ਹੈ, ਜੈਸੇ ਫੁਲਾਂ ਦੀ ਸੁਗੰਧੀ ਫੁਲਾਂ ਨਾਲ ਮਿਲੀ ਹੋਈ ਹੁੰਦੀ ਹੈ ਅਤੇ ਵਖਰੀ ਨਹੀਂ ਜਾਣੀ ਜਾਂਦੀ ਹੈ ਇਕ ਹੀ ਵਾਹਿਗੁਰੂ ਬਹੁਤ ਰੂਪ ਹੋ ਰਿਹਾ ਹੈ ਭਾਵ ਬਹੁਤ ਰੂਪ ਧਾਰਨ ਕਰ ਰਹਿਆ ਹੈ ਅਤੇ (ਗੰਮਤਾ ਅਗਮ) ਜਾਨਣ ਨਾਲੋਂ ਪਰੇ ਹੈ ਕੋਈ ਉਸਨੂੰ ਜਾਣ ਨਹੀਂ ਸਕਦਾ ਸੋ ਉਸਦਾ ਰੂਪ ਹੀ ਸ੍ਰੀ ਗੁਰੂ ਨਾਨਕ ਜੀ ਹਨ॥

ਪਰਮਦ ਭੂਤ ਅਸਚਰਜੈ ਅਸਚਰਜ ਮੈਂ ਅਕਥ ਕਥਾ ਅਲੱਖ ਬਿਸਮੈ ਬਿਸਮਹੈ॥੪੭॥੯੧

ਆਪ ਆਖਦੇ ਹਨ ਕਿ ਓਹ (ਅਲੱਖ) ਜੋ ਵਾਹਿਗੁਰੂ ਹੈ (ਪਰਮਦ ਭੂਤ) ਬਹੁਤ ਹੀ ਸੋਹਣਾ ਜਿਸਦੀ ਕਥਾ ਕਥੀ ਨਹੀਂ ਜਾਂਦੀ ਓਹ ਸਤਜੁਗ ਵਿਚ ਵੀ ਅਸਚਰਜ ਸੀ ਤ੍ਰੇਤਾ ਵਿਚ ਵੀ ਅਸਚਰਜ ਸੀ ਅਤੇ ਦੁਆਪਰ ਵਿਚ ਵੀ (ਬਿਸਮੈ) ਹੈਰਾਨ ਕਰਨ ਵਾਲਾ ਹੋਂਦਾ ਸੀ ਅਤੇ ਕਲਯੁਗ ਵਿਚ ਵੀ (ਬਿਸਮ)

ਅਲਤਿਕ ਗੁਹਜ ਹੈ ॥ ੪੦ ॥ ੮੧ ॥

ਸਤਿਗੁਰ ਦਰਸ ਧਿਆਨ ਗਿਆਨ ਅੰਜਨ ਕੈ ਮਿਤ੍ਰ ਸਤ੍ਰਤਾ ਨਿਵਾਰੀ ਪੂਰਨ ਬ੍ਰਹਮ ਹੈ।

ਜਿਨਾਂ ਨੇ ਗੁਰਾਂ ਦਾ ਦਰਸ਼ਨ ਕੀਤਾ ਹੈ ਓਹ ਗਿਆਨ ਰੂਪੀ (ਅੰਜਨ) ਸੁਰਮੇ ਪਾਸ ਪਹੁੰਚੇ ਹਨ ਭਾਵ ਕੀ ਕਿ ਓਹ ਗਿਆਨ ਰੂਪੀ ਸੁਰਮਾ ਗੁਰਾਂ ਪਾਸ ਲੈਣ ਨੂੰ ਗਏ ਹਨ ਸੋ ਆਪ ਆਖਦੇ ਹਨ ਕਿ ਸਤਿਗੁਰਾਂ ਦੇ ਦਰਸ਼ਨ ਦਾ ਧਿਆਨ ਕੀਤਾ ਭਾਵ ਕੀ ਕਿ ਜਦ ਗੁਰਾਂ ਦਾ ਦਰਸ਼ਨ ਕੀਤਾ ਤਾਂ ਉਸਦਾ ਧਿਆਨ ਕਰਨ ਨਾਲ ਗਿਆਨ ਹੋਇਆ ਉਸ ਗਿਆਨ ਰੂਪੀ ਸੁਰਮੇ ਨੂੰ ਮਨ ਰੂਪੀ ਅੱਖਾਂ ਵਿਚ (ਕੈ) ਪਾਉਣਾ ਕੀਤਾ ਤਾਂ ਫਿਰ ਕਿਆ ਹੋਇਆ ਕਿ ਓਹਨਾਂ ਗੁਰਮੁਖਾਂ ਦੀ ਮਿਤ੍ਰਤਾਈ ਅਤੇ ਸ਼ੱਤ੍ਰਤਾਈ (ਨਿਵਾਰੀ) ਦੂਰ ਹੋਗਈ ਵਾ ਸਤਿਗੁਰਾਂ ਨੇ ਆਪਣਾ ਦਰਸ਼ਨ ਦੇਣੇ ਕਰਕੇ ਤੇ ਗਿਆਨ ਰੂਪੀ ਸੁਰਮਾ ਪਾਕੇ ਮਿਤ੍ਰ ਸਤ੍ਰਤਾ ਨਿਵਾਰ ਦਿੱਤੀ।

> ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ ॥
>
> ਸਾਰੇ ਹੀ ਪੂਰਨ (ਬ੍ਰਹਮ) ਵਾਹਿਗੁਰੂ ਨੂੰ ਜਾਣ ਲਿਆ ॥

ਗੁਰ ਉਪਦੇਸ ਪਰਵੇਸ ਆਦਿ ਕੈ ਅਦੇਸ ਉਸਤਤਿ ਨਿੰਦਾ ਮੇਟ ਰੰਮਿਤਾ ਅਗੰਮ ਹੈ।

ਫਿਰ ਆਪ ਆਖਦੇ ਹਨ ਕਿ ਓਹ ਮਹਾਤਮਾ ਐਸੇ ਫਲ ਨੂੰ ਪਾਂਦੇ ਹੈ ਹੰਕਾਰੀ, ਅਨੀਸ਼ਰ ਵਾਦੀ, ਨਾਸਤਕ ਨਹੀਂ ਹੁੰਦੇ ਸਗੋਂ ਗੁਰਾਂ ਦਾ ਉਪਦੇਸ਼ ਜਿਨ੍ਹਾਂ ਨੂੰ ਮਿਲਿਆ ਹੈ ਵ ਜਦੋਂ ਦਾ ਮਿਲਿਆ ਹੈ ਭਾਵ ਰਿਦੇ ਵਿਚ ਪਰਵੇਸ਼ ਹੋਇਆ ਹੈ ਤਾਂ (ਆਦਿ) ਵਾਹਿਗੁਰੂ ਨੂੰ (ਅਦੇਸ) ਨਮਸਕਾਰ ਕਰਦੇ ਰਹਿੰਦੇ ਹਨ ਵਾ ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਦੇ ਉਪਦੇਸ਼ ਨੇ (ਪਰਵੇਸ) ਆਉਣਾ ਕੀਤਾ ਹੈ ਤਾਂ ਓਹ ਵਾਹਿਗੁਰੂ ਦਾ ਸਰੂਪ ਜੋ ਗੁਰੂ ਹੈ ਉਸਨੂੰ ਨਮਸਕਾਰ ਕਰਦੇ ਰਹਿੰਦੇ ਹਨ ਐਸੇ ਗੁਰਾਂ ਨੇ ਸਿਖਾਂ ਦੀ ਉਸਤਤ ਨਿੰਦਾ ਨੂੰ ਵੀ (ਮੇਟ) ਮਿਟਾ ਦਿਤਾ ਵਾ ਆਪ ਓਹਨਾਂ ਨੇ ਉਸਤਤ ਨਿੰਦਾ ਦੂਰ ਕਰ ਦਿਤੀ, ਫਿਰ ਇਸਦਾ ਫਲ ਕਿਆ ਹੋਇਆ ਸੋ ਆਖਦੇ ਹਨ ਕਿ (ਰੰਮਿਤਾ ਅਗੰਮ) ਜਿਸਨੂੰ ਕੋਈ ਪਹੁੰਚ ਨਹੀਂ ਸਕਦਾ "ਸੋ ਕੌਨ ਵਾਹਿਗੁਰੂ" ਉਸ ਨੂੰ ਓਹਨਾਂ ਨੇ ਪਾ ਲਿਆ, ਇਹ ਫਲ ਹੂਆ ॥

ਚਰਨ ਸਰਨ ਗਹੇ ਧਾਵਤ ਬਰਜ ਰਾਖੇ ਆਸਾ ਮਨਸਾ ਥਕਤ ਸਫਲ ਜਨਮ ਹੈ।

ਗੁਰਾਂ ਦੇ ਚਰਨਾਂ ਦੀ ਸ਼ਰਨ ਜਦ (ਗਹਿ) ਪਕੜੀ ਤਾਂ ਧਾਵਤ ਦੌੜਦੇ ਨੂੰ ਦੌੜਦਿਆਂ ਇੰਦ੍ਰਿਆਂ ਨੂੰ (ਬਰਜ) ਰੋਕ ਰਖਿਆ ਅਤੇ ਆਸ ਰੂਪ ਮਨਸਾ ਦਾ

ਜਾ ਸਾਖਿਆ ਵਿਚ ਜੋਹੜੀ ਬਹੁਤ ਪਦਾਰਥਾਂ ਦੀ ਆਸ ਸੀ ਅਤੇ (ਮਨਸਾ) ਸੋ ਬੁਧੀ ਮਨੀ ਅਕਲ ਸੀ ਸੋ ਓਹ ਵੀ (ਥਕਤ) ਦੂਰ ਹੋਗਈ ਸੋ ਉਹਨਾਂ ਮਹਾਤਮਾ ਨੇ ਅਪਨਾ ਜਨਮ ਵੀ ਸਫਲ ਕਰ ਲਿਆ ॥

ਸਾਧ ਸੰਗ ਪ੍ਰੇਮ ਨੇਮ ਜੀਵਨ ਮੁਕਤਿ ਗਤਿ
ਕਾਮ ਨਿਹਕਾਮ ਨਿਹਕਰਮ ਕਰਮ ਹੈ ॥੪੯॥੯੨॥

ਓਹ ਪਹਲੇ ਜੋ ਗੁਰਾਂ ਦੇ ਦਰਸਨ ਦਾ ਅਤੇ ਗੁਰ ਉਪਦੇਸ਼ ਦਾ ਏ ਸਰਨੀ ਸਰਨ ਦਾ ਮਹਾਤਮ ਆਖਿਆ ਹੈ ਸੋ ਓਹ ਜੋਹੜੀ ਗੁਰੂ ਹਨ ਅਤੇ ਓਹਨਾਂ ਦੀ ਜੋਹੜੀ ਸਾਧ ਸੰਗਤ ਹੈ ਉਸ ਵਿਚ ਨਿਯਮ ਨਿਤਨੇਮ ਨਾਲ ਜਿਨਾਂ ਨੇ ਸਦਾ ਦਾ ਪ੍ਰੇਮ ਕੀਤਾ ਹੈ ਓਹ (ਕਾਮ) ਕਾਮਨਾ ਇਛਾ ਤੋਂ (ਨਿਹਕਾਮ) ਨਿਸ਼ਕਾਮ ਰਹਿਤ ਹੋਗਏ ਵਾ ਓਹ ਕਾਮ ਆਦਕ ਤੋਂ ਰਹਿਤ ਹੋਗਏ, ਕਾਮ ਨੇ ਵੀ ਓਹਨਾਂ ਤੇ ਜੋਰ ਨਾ ਪਾਇਆ ਅਤੇ (ਨਿਹਕਰਮ) ਨਿਸ਼ਕਾਮ ਕੰਮ ਓਹਨਾਂ ਨੇ (ਕਰਮ) ਕੀਤੇ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਆਦਕ ਕਰਾਏ ਅਤੇ ਫਲ ਦੀ ਇਛਾ ਨਾ ਕਰੀ ਉਨ੍ਹਾਂ ਮਹਾਤਮਾ ਗੁਰ ਸਿਖਾਂ ਨੂੰ ਜੀਵਨ ਮੁਕਤੀ (ਗਤਿ) ਪ੍ਰਾਪਤ ਹੋਈ ਭਾਵ ਓਹ ਵਾਹਿਗੁਰੂ ਨੂੰ ਮਿਲੇ ॥੪੯॥੯੨॥

ਸਤਗੁਰ ਦੇਵ ਸੇਵ ਅਲਖ ਅਭੇਵ ਗਤਿ
ਸਾਵਧਾਨ ਸਾਧ ਸੰਗ ਸਿਮਰਨ ਮਾਤ੍ਰ ਹੈ ।

ਅਬ ਆਪਨੂੰ ਗੁਰਾਂ ਦਾ ਵਿਛੋੜਾ ਹੋਯਾ ਹੋਯਾ ਹੈ ਕਿਉਂਕਿ ਆਪ ਕਸ਼ੀ ਵਿਚ ਗੁਰ ਸਿਖੀ ਦਾ ਪ੍ਰਚਾਰ ਕਰ ਰਹੇ ਹਨ ਅਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਜੀ ਵਿਚ ਨਿਵਾਸ ਕਰ ਰਹੇ ਹਨ ਭਾਵ ਕੀ ਕਿ ਆਪਨੂੰ ਗੁਰਾਂ ਦਾ ਦਰਸਨ ਨਹੀਂ ਹੋਯਾ ਅਤੇ ਆਪ ਬਿਆਕੁਲ ਹੋ ਰਹੇ ਹੋ ਜਿਸ ਪਰ ਆਪ ਪ੍ਰੇਮ ਦੀ ਭਰੀ ਹੋਈ ਪਤ੍ਰਕਾ ਲਿਖਦੇ ਹੋ ॥ "ਪੱਤ੍ਰਕਾ"

ਹੇ ਸਤਗੁਰੋ ਆਪ (ਦੇਵ) ਪ੍ਰਕਾਸ਼ ਸਰੂਪ ਹੋ ਅਤੇ ਆਪਦੀ (ਸੇਵ) ਸੇਵਾ ਵਿਚ ਜੋ ਹਾਜ਼ਰ ਹੋਇਹੈ ਓਹਨਾਂ ਨੂੰ ਅਲਖ ਅਭੇਵ ਜੋ ਨਾ ਦੇਖਿਆ ਜਾਵੇ ਅਤੇ ਜਿਸ ਦਾ ਭੇਦ ਨਾ ਪਾਇਆ ਜਾਵੇ ਓਹ ਵਾਹਿਗੁਰੂ (ਗਤਿ) ਪ੍ਰਾਪਤ ਵ ਮਿਲਿਆ ਹੈ ਭਾਵ ਜਿਨਾਂ ਨੇ ਸਾਧ ਸੰਗਤ ਵਿਚ (ਸਾਵਧਾਨ) ਸੁਚੇਤ ਹੋਕੇ ਅਤੇ ਨਾਮ ਦਾ ਸਿਮਰਨ ਮਾਤ੍ਰਹੀ (ਹੈ) ਕੀਤਾ ਹੈ ਓਹਨਾਂਨੂੰ ਵਾਹਿਗੁਰੂ ਮਿਲਿਆ ਹੈ ਵਾ ਆਪ ਦਾ ਸਾਧ ਸੰਗ ਵਿਚ ਜਿਸਨੇ (ਸਾਵਧਾਨ) ਹੁਸ਼ਿਆਰ ਬਰਤਮਾਨ ਹੋਕੇ ਸਿਮਰਨ ਮਾਤ੍ਰ ਕੀਤਿਆ ਹੈ ਅਤੇ ਆਪਦਾ ਦਰਸਨ ਪ੍ਰਕਾਸ਼ ਸਰੂਪ ਕੀਤਿਆ ਹੈ ਉਸਨੂੰ ਇਸ ਸੇਵਾ ਦਾ ਫਲ ਮਿਲ ਗਿਆ ਜੋ ਅਲਖ ਅਭੇਵ ਪ੍ਰਾਪਤ ਹੋਗਿਆਹੈ ਸੋ ਇਸ ਤਰਾਂ ਆਪ ਮੇਰੇ ਵਲ ਭੀ ਕਿਰਪਾ ਦ੍ਰਿਸ਼ਟੀ ਕਰੋ ॥

ਪਤਿਤ ਪੁਨੀਤ ਰੀਤ ਪਾਰਸ ਕਰੈ ਮਨੂਰ
ਬਾਸ ਮੈਂ ਸੁਬਾਸ ਹੈ ਕੁਪਾਤ੍ਰਹਿ ਸੁਪਾਤ੍ਰ ਕੈ ।

ਆਪ ਦੀ (ਪਤਿਤ) ਪਾਪੀਆਂ ਨੂੰ (ਪੁਨੀਤ) ਪਵਿਤ੍ਰ ਕਰਨ ਦੀ ਰੀਤ ਹੈ, ਸੋ ਆਪ ਆਖਦੇ ਹਨ ਕਿ ਪਾਰਸ ਹੋਰਨਾਂ ਧਾਤੂਆਂ ਨੂੰ ਪਾਰਸ ਸੋਨਾ ਕਰ ਸਕਦਾ ਹੈ ਪਰ (ਮਨੂਰ) ਲੋਹੇ ਦੀ ਸਾੜ ਦਾ ਮੈਲ ਨੂੰ ਨਹੀਂ ਕਰ ਸਕਦਾ ਪਰ ਆਪ ਐਸੇ ਹੋ ਜਿ (ਮਨੂਰ) ਜੋ ਮਹਾ ਹਤਿਆਰੇ ਨੇ ਓਨ੍ਹਾਂ ਨੂੰ ਵੀ ਪਾਰਸ ਰੂਪ ਕਰ ਦੇਂਦੇ ਹੋ ਭਾਵ ਆਪ ਪਾਰਸ ਓਹਨਾਂ ਨੂੰ ਭੀ ਪਾਰਸ ਕਰ ਲੈਂਦੇ ਹੋ ਫਿਰ ਆਪ ਆਖਦੇ ਹਨ ਕਿ ਚੰਦਨ ਸਾਰਿਆਂ ਬ੍ਰਿਛਾਂ ਨੂੰ ਸੁਗੰਧੀ ਵਾਲਾ ਕਰ ਲੈਂਦਾ ਹੈ ਪਰ ਜੋ ਦੂਰ ਬ੍ਰਿਛ ਹੈਨ ਅਤੇ ਜੋ ਇਕ ਵਾਂਸ ਦਾ ਅਕੱਠ ਹੈ ਉਸਨੂੰ ਚੰਦਨ ਚੰਦਨ ਨਹੀਂ ਕਰ ਸਕਦਾ ਪਰ ਆਪ ਦਿਆਲੂ ਬਾਂਸ ਵਾਂਸ ਹੰਕਾਰੀਆਂ ਆਦਮੀਆਂ ਵਿਚ ਭਗਤੀ ਦੀ ਬਾਸ (ਕੈ) ਭਗਤੀ ਰੂਪੀ ਵਾਸਨਾ ਕਰ ਦੇਂਦੇ ਹੋ ਫਿਰ ਅਨ ਅਧਕਾਰੀ ਨਹੀਂ ਦੀ ਉਪਦੇਸ਼ ਦਾ ਅਧਕਾਰੀ ਨਹੀਂ ਹੋ ਸਕਦਾ ਪਰ ਆਪ ਕਿਰਪਾਲੂ (ਕੁਪਾਤ੍ਰਹਿ) ਅਨ ਅਨਧਕਾਰੀ ਜੋ ਭੈੜਾ ਬਹੁਤ ਮਾੜਾ ਹੋਵੇ ਡਿਗਿਆ ਹੋਇਆ ਉਸ ਨੂੰ ਵੀ (ਸੁਪਾਤ੍ਰਕੈ) ਸੁਲਖਣਾ, ਅਧਕਾਰੀ ਕਰ ਦੇਂਦੇ

ਪਤਿਤ ਪੁਨੀਤ ਕਰ ਪਾਵਨ ਪਵਿਤ੍ਰ ਕੀਨੇ
ਪਾਰਸ ਮਨੂਰ ਬਾਂਸ ਬਾਸੈ ਦ੍ਰਮ ਜਾਤ੍ਰ ਕੈ ।

ਜਿਨਾਂ (ਪਤਿਤ) ਪਾਪੀਆਂ ਨੂੰ ਆਪਣੇ (ਪੁਨੀਤ) ਪਵਿਤ੍ਰ ਕੀਤਾ ਓਹ ਅਗੋਂ ਜਗਤ ਦੇ ਪਾਪੀਆਂ ਨੂੰ (ਪਾਵਨ) ਪਵਿਤ੍ਰ ਕਰ ਪੈਰਾਂ ਨਾਲ ਪਵਿਤ੍ਰ ਕਰਨ ਵਾਲੇ ਹੋਗਏ ਭਾਵ ਕੀ ਕਿ ਜਿਥੇ ਜ ਓਹਨਾਂ ਪਾਪੀਆਂ ਨੇ ਪੈਰ ਧਰੇ ਓਹ ਸਭ ਸ੍ਰਿਸ਼ਟੀ ਨਿਹਾਲ ਹੋਗਈ ਐਸੇ ਓਹ ਪਾਪੀ ਤਾਰਨ ਨੂੰ ਸਮਰਥ ਹੋਗਏ ਵਾ ਆਪਣੇ ਐਸੇ ਪਵਿਤ੍ਰ ਨਹੀਂ ਕੀਤੇ ਜੋ ਫਿਰ ਮੈਲੇ ਹੋਜਾਣ, ਭਾਵ ਕੀ ਕਿ ਓਹਨਾਂ ਪਾਪੀਆਂ ਨੂੰ ਪਵਿਤ੍ਰ ਤੇ ਪਵਿਤ੍ਰ ਕਰ ਦਿਤਾ ਔਰ ਮਨੂਰ) ਲੋਹੇ ਦੀ ਸਾੜ ਦਾ ਮੈਲ ਨੂੰ ਆਪਨੇ ਪਾਰਸ ਕਰ ਦਿਤਾ, ਪਰ ਪਾਰਸ ਨਹੀਂ ਮਨੂਰ ਨੂੰ ਪਾਰਸ ਕਰ ਸਕਦਾ ਏਹ ਆਪ ਵਿਚ ਹੀ ਵਾਧਾ ਹੈ ਜੋ ਮਹਾਹਤਿਆਰਿਆਂ ਨੂੰ ਭੀ ਸ਼ੁਧ ਕਰੀ ਜਾਂਦੇ ਹੋ ਅਤੇ ਚੰਦਨ ਬਿਰਛ ਹੋਰ (ਜਾਤ੍ਰ) ਜਾਤੀ ਦੇ ਦ੍ਰਮ ਬਿਰਛਾਂ ਨੂੰ ਅਤੇ ਬਾਂਸ ਵਾਂਸ ਨੂੰ (ਬਾਸੈ) ਸੁਗੰਧੀ ਵਾਲਾ ਨਹੀਂ ਕਰ ਸਕਦਾ ਪਰ ਆਪ ਹੋਰ ਜਾਤੀ ਦੇ ਆਦਮੀਆਂ ਨੂੰ ਵੀ ਅਤੇ (ਬਾਂਸ) ਹੰਕਾਰੀਆਂ ਨੂੰ ਵੀ (ਬਾਸੈ) ਭਗਤੀ ਕਰਨ ਵਾਲੇ ਕਰ ਲੈਂਦੇ ਹੋ ਇਹ ਆਪਦੇ ਵਿਚ ਵਿਸ਼ੇਸਤਾ ਹੈ (ਵ ਆਪ ਦੀ ਜਾਤ੍ਰ ਕੈ) ਜਾਤ੍ਰਾ ਕਰਨ ਕ੍ਰਿਤ ਹੀ ਇਤਯਾਦਕ ਪਾਪੀ ਨਿਹਾਲ ਹੋਜਾਂਦੇ ਹਨ, ਏਸੇ ਏਹ ਵਡੀ ਭਾਰੀ ਵਿਸ਼ੇਸਤਾ ਹੈ ਜੋ ਆਪ ਦੀ ਯਾਤ੍ਰਾ ਮਾਤ੍ਰ ਤੇ ਹੀ

ਜਾਂ ਨਿਹਾਲ ਹੋਜਾਏ ਹਨ॥

ਸਰਿਤਾ ਸਮੁੰਦ੍ਰ ਸਾਧ ਸੰਗਤਿ ਤ੍ਰਿਖਾਵੰਤ* ਜੀਅ ਕ੍ਰਿਪਾ ਜਲ ਦੀਜੈ ਮੋਹਿ ਕੰਠ ਛੇਦ ਚਾਤ੍ਰਕੈ॥੪੫੪॥

ਇਸ ਪ੍ਰਕਾਰ ਦਾ ਬੇਨਤੀ ਗੁਰੂ ਸਾਹਿਬ ਨੇ ਸੁਣੀ ਅਤੇ ਜਵਾਬ ਦਿਤਾ ਕਿ ਜੀ ਸਤਸੰਗਤ ਦਾ ਪ੍ਰਵਾਹ ਨਦੀਆਂ ਅਤੇ ਸਮੁੰਦ੍ਰਾਂ ਵਤ ਜਗਤ ਉਪਰ ਚਲ ਰਹਿਆ ਹੈ ਅਤੇ ਤੇਰੇ ਪਾਸ ਵੀ ਰੋਜ ਸਤਸੰਗਤ ਦਾ ਜੋੜਮੇਲਾ ਹੁੰਦਾ ਹੈ ਤੂੰ ਇਸ ਸਤਸੰਗਤ ਵਿਚੋਂ ਅਸਾਂਡਾ ਦਰਸ਼ਨ ਕਰ ਲਿਆ ਕਰ ਅਤੇ ਕਾਹਲਾ ਕਾਹਨੂੰ ਹੁੰਦਾ ਹੈਂ॥

ਨੋਟ—ਇਹ ਜੋਹੜੀ ਕਾਰਜਾ ਉੱਤੇ ਵਿਕਲਪ ਕੀਤੀ ਹੈ ਇਹ ਮੰਤ੍ਰੀ ਵ ਗੁਰੂ ਸਾਹਿਬ ਤੇ ਭਾਈ ਗੁਰਦਾਸ ਦੀਆਂ ਬਾਤਾਂ ਹਨ ਅਤੇ ਜੋ ਕਾਬਲ ਦੇ ਸੰਗਿਆ ਵਾਲਾ ਪ੍ਰਸੰਗ ਹੈ ਸੋ ਫਿਰ ਅੱਗੇ ਆਵੇਗਾ, ਸੋ ਆਪ ਅਗੋਂ ਭਾਈ ਜੀ ਬੇਨਤੀ ਸੰਯੁਗਤ ਜਵਾਬ ਦੇਂਦੇ ਹੈਨ ਕਿ ਹੇ ਸਤਗੁਰੋ ਮੈਂ (ਚਾਤ੍ਰਕੈ) ਪਪੀਹੇ ਦੇ (ਕੰਠ) ਗਲੇ ਵਿਚ (ਛੇਦ) ਛੇਕ ਹੋਯਾ ਹੋਯਾ ਹੈ ਭਾਵ ਮੈਂ ਔਗੁਣਾਂ ਦਾ ਭਰਿਆ ਹੋਇਆ ਹਾਂ ਸਾਧ ਸੰਗਤ ਵਿਚੋਂ ਔਗੁਣ ਨਿਕਾਲ ਲੈਂਦਾ ਹਾਂ ਅਤੇ ਗੁਣ ਗ੍ਰਹਣ ਨਹੀਂ ਕਰਦਾ ਅਤੇ ਸਮੁੰਦ੍ਰਾਂ (ਸਰਤਾ) ਨਦੀਆਂ ਵਾਂਗੂੰ ਸਾਧ ਸੰਗਤ ਦਾ ਪ੍ਰਵਾਹ ਆਪਣੇ ਕਹਾਂਦੇ ਪਰ ਓਹ ਗੁਣ ਮੇਰੇ ਵਿਚ ਨਹੀਂ ਆਉਂਦੇ ਕਿਉਂ ਕਿ ਮੈਂ ਉਸ ਸਤਸੰਗਤ ਵਿਚ ਆਪਦਾ ਦਰਸ਼ਨ ਕਰਦਾ ਹਾਂ ਪਰ ਜੋ ਉਸ ਸਮਾਂ ਆਪਦਾ ਨਾਮ ਜਲ ਹੈ ਓਹ ਮੇਰੇ ਗਲ ਵਿਚੋਂ ਨਿਕਲ ਜਾਂਦਾ ਹੈ ਸੋ ਇਸ ਵਾਸਤੇ ਹੇ ਮੇਘ ਰੂਪ ਗੁਰੋ ਕਿਰਪਾ ਕਰਕੇ ਮੈਨੂੰ ਆਪਣਾ ਕਿਰਪਾ ਜਲ ਦਿਓ ਕਿਉਂ ਕਿ ਮੈਂ ਤਿਹਾਇਆ ਮਰ ਰਹਿਆ ਹਾਂ ਭਾਵ ਮੈਨੂੰ ਆਪ ਦਰਸ਼ਨ ਦਿਓ ਮੈਂ ਦੁਖੀ ਹਾਂ, (ਜੀਅ) ਮੇਰਾ ਦਿਲ (ਤ੍ਰਿਖਾਵੰਤ) ਪਿਆਸਾ ਹੈ ॥

ਬੀਸ ਕੋ ਬਰਤਮਾਨ ਭਏ ਨ ਸੁਬਾਸ ਬਾਸ

---

* (ਜੀਅ) ਇਸ ਜੀਅ ਵਾਲੇ ਅਕਾਰ ਸਮੇਤ ਪਹਲੇ ਬਿਸ੍ਰਾਮ ਦੇ ਸਤਾਰਾਂ ਅਛਰ ਹਨ ਸੋ ਇਹ ਜੀਅ ਇਕ ਅਛਰ ਦੀ ਆਵਾਜ਼ ਦੇਂਦਾ ਹੈ ਇਸ ਵਾਸਤੇ ਸੋਲਾਂ ਹੀ ਅਛਰ ਪਹਲੇ ਬਿਸ੍ਰਾਮ ਦੇ ਹਨ ਜੇਕਰ ਇਹ ਅਕਾਰ ਦੂਜਾ ਅਛਰ ਸਮਝਣਾ ਹੋਵੇ ਤਾਂ ਸਰਿਤਾ ਵਾਲਾ ਰਕਾਰ ਅਕਾਰ ਨਾਲ ਦੁਤਕਰਣਾ ਦੇ॥

† ਪਪੀਹਾ ਸਮੁੰਦ੍ਰਾਂ ਨਦੀਆਂ ਦੇ ਜਲ ਨੂੰ ਔਖਾ ਨਹੀਂ ਸਮਝਦਾ ਓਹ ਸ੍ਵਾਂਤੀ ਬੂੰਦ ਵਾਸਤੇ ਹਾਂਕਾਂ ਮਾਰਦਾ ਹੈ ਇਸ ਤਰ੍ਹਾਂ ਭਾਈ ਗੁਰਦਾਸ ਜੀ ਆਪਣੀਆਂ ਸਤਸੰਗਤਾਂ ਅਤੇ ਹੋਰ ਦੀਆਂ ਸਤਸੰਗਤਾਂ ਨੂੰ ਕਿਰਪਾ ਕਰਨ ਵਾਲਾ ਹੈ ਪਰ ਗੁਰੂ ਦੇ ਦਰਸ਼ਨ ਦੀ ਜ਼ਰੂਰਤ ਹੈ॥

ਹੇਮ ਨ ਭਏ ਮਨੂਰ ਲੋਗ ਬੇਦ ਗਯਾਨ ਹੈ ।

ਜੇਸੇ ਆਪ ਜੋ ਗੁਰਾਂ ਨਾਲ ਸਿਖ ਮਿਲੇ ਹਨ, ਉਨ੍ਹਾਂ ਦਾ ਵਰਨਨ ਕਰਕੇ ਅਤੇ ਨਾਲ ਹੀ ਏਹ ਫੁਰਮਾਂਦੇ ਹਨ ਕਿ ਉਹਨਾਂ ਗੁਰਮੁਖਾਂ ਦੀ ਸੈਸਾਰ ਨਾਲੋਂ ਨਿਆਰੀ ਰੀਤੀ ਹੈ ॥ ਜੈਸੇ

ਭਗਤਾਂ ਕੀ ਚਾਲ ਨਿਰਾਲੀ।

ਪਹਿਲੇ ਆਪ, ਸੰਸਾਰ ਦੇ ਨਾਲ ਦ੍ਰਿਸ਼ਟਾਂਤ ਦੇਕਰ ਵਰਨਨ ਕਰਦੇ ਹਨ ਆਪ ਆਖਦੇ ਹਨ ਕਿ (ਜੈਸੇ) ਸੰਸਾਰ ਵਿਚ ਇਹ ਗਲ (ਵਰਤਮਾਨ) ਪ੍ਰਸਿਧ ਹੈ ਕਿ ਚੰਦਨ ਨਾਲ ਮਿਲਕੇ (ਸੁਬਾਸ) ਸੇ, ਉਹਨਾਂ ਬਾਂਸਾਂ ਦੇ ਝਾੜਾਂ ਨੂੰ (ਬਾਸ) ਸੁਗੰਧੀ ਕਦੀ ਨਹੀ ਹੁੰਦੀ ਹੈ ਭਾਵ ਚੰਦਨ ਨਾਲ ਬਾਂਸ ਮਿਲਕੇ ਚੰਦਨ ਨਹੀਂ ਹੁੰਦਾ ਅਤੇ ਪਾਰਸ ਨਾਲ ਮਿਲਕੇ (ਮਨੂਰ) ਲੋਹੇ ਦੀ ਮੈਲ (ਹੇਮ) ਸੋਨਾ ਨਹੀਂ ਹੁੰਦੀ, ਇਸ ਗਲ ਨੂੰ ਲੋਕ ਭੀ ਅਤੇ ਵੇਦ ਭੀ (ਗਯਾਨ) ਜਾਣਦੇ ਹਨ, (ਤ੍ਰੈ ਸੰਸਾਰ ਵਿਚ ਰਹਿਣ ਵਾਲੇ) ਬਾਂਸ ਚੰਦਨ ਨਾਲ ਮਿਲਕੇ ਚੰਦਨ ਦੀ ਸੁਗੰਧੀ ਵਾਲੇ ਨ ਹੋਏ ਅਤੇ ਮਨੂਰ ਪਾਰਸ ਨਾਲ ਮਿਲਕੇ ਸੋਨਾ ਨਹੀਂ ਹੋਯਾ ਇਸ ਗੱਲ ਦਾ ਲੋਕਾਂ ਅਤੇ ਵੇਦਾਂ ਵਿਚ (ਗਯਾਨ) ਗਯਾਨ ਕੀਤਾ ਹੋਇਆ ਹੈ ॥

ਨੋਟ- ਤੀਸ ਸੰਸਾਰ ਇਸ ਵਾਸਤੇ ਇਸ ਪਦ ਦਾ ਅਰਥ ਕਰੀਦਾ ਹੈ ਜੋ ਇਸ ਸੰਸਾਰ ਦੀ ਸਭ ਚੀਜ਼ ਗਿਣਤੀ ਵਿਚ ਹੈ ਦੂਜਾ ਇਹ ਸੰਸਾਰ ਭੀ ਗਿਣਤੀ ਵਿਚ ਹੈ ਭਾਵ ਪੰਜਾਂ ਤਤਾਂ ਦੇ ਗਿਣੇ ਭੀ ਨਹੀਂ ਕਰ ਦੇਣੇ ਅਤੇ ਤਿੰਨਾਂ ਲੋਕਾਂ ਦੇ ਚਾਰ ਨਹੀਂ ਕਰ ਦੇਣੇ ਅਤੇ ਤਿੰਨਾਂ ਦੇਵਤਿਆਂ ਬ੍ਰਹਮਾ ਵਿਸ਼ਨ ਮਹੇਸ਼ ਦੇ ਚਾਰ ਨਹੀਂ ਕਰ ਦੇਣੇ ਇਤ੍ਯਾਦਿਕ ਸਭ ਵਸਤੂ ਗਿਣਤੀ ਵਿਚ ਹਨ ਅਤੇ ਗੁਰਮੁਖ ਗਿਣਤੀਓਂ ਬਾਹਰ ਹਨ ॥

ਨੋਟ—"ਭਏ" ਇਹ ਪਦ ਦੋ ਜਗਾ ਤੇ ਹਨ ਇਕ ਬਾਂਸ ਨਾਲ ਸੰਬੰਧ ਰਖਦਾ ਹੈ ਦੂਜਾ ਮਨੂਰ ਨਾਲ ਜੋ ਬਾਂਸ ਅਤੇ ਮਨੂਰ ਦੇ ਨਾਲ ਚੰਦਨ ਤੇ ਪਾਰਸ ਪਦ ਨਹੀਂ ਹੈ ਇਸ ਵਾਸਤੇ ਇਹ ਭਏ ਪਦ ਜੋ ਦੋ ਹੈਂ ਇਹ ਚੰਦਨ ਤੇ ਪਾਰਸ ਨੂੰ ਉਪਰੋਂ ਲਿਆਉਂਦੇ ਹਨ ਕਿਉਂਕਿ ਮਨੂਰ ਅਤੇ ਬਾਂਸ, ਉਪਮੇਯ ਹੈ ਅਤੇ ਪਾਰਸ ਤੇ ਚੰਦਨ ਉਪਮਾਨ ਹੈ, ਜਿਸਦੀ ਉਪਮਾ ਦੇਈਏ ਸੋ ਉਪਮਾਨ ਜਿਸ ਨੂੰ ਉਪਮਾ ਦੇਈਏ ਓਹ ਉਪਮੇਯ, ਅਤੇ ਜੋ (ਸੋ) ਵਾਚਕ ਅੰਗਾਲ ਭੇਸ ਆਦਿਕ ਪਦ ਸਾਧਾਰਨ ਧਰਮ, ਭਾਂਤੇ ਇਸ ਵਾਸਤੇ ਭਏ ਪਦ ਸਾਧਾਰਨ ਧਰਮ ਹੈ ਅਤੇ ਚੰਦਨ ਤੇ ਪਾਰਸ, ਉਪਮਾਨ ਉਪਰੋਂ ਅਧਯਾਹਾਰ ਕਰ ਲੀਜੀਏ॥

ਗੁਰਮੁਖ ਪੰਥ ਇਕ ਈਸ ਕੋ ਬਰਤਮਾਨ

ਚੰਦਨ ਸੁਬਾਸ ਬਾਸ ਬਾਸੈ ਦ੍ਰੁਮ ਆਨ ਹੈ।

ਗੁਰਮੁਖਾਂ ਦਾ (ਪੰਥ) ਜੋ ਰਸਤਾ ਆਪਣੇ ਸੇਵਕਾਂ ਨੂੰ ਜੋ ਇਕ (ਈਸ)

ਵਾਹਿਗੁਰੂ (ਵਿਚ ਇਕਤਾਨ) ਅਤੇ ਜੋ ਅਪਣੇ ਭਾਵ ਗੁਰ ਸਿਖ ਵਾਹਿਗੁਰੂ ਦਾ ਨਾਮ ਜਪਦੇ ਹਨ ਇਸ ਵਾਸਤੇ ਸਾਧ ਆਪਣੇ ਹਨ ਕਿ ਓਹ ਚੰਦਨ ਪਿਛਲਾ ਬ੍ਰਿਛ ਨੂੰ ਚੰਦਨ ਨਹੀਂ ਸੀ ਕਰ ਸਕਦਾ ਪਰ (ਚੰਦਨ) ਸਾਧ ਸੰਗਤ (ਸੁਬਾਸ) (ਬਾਂਸ) ਹੰਕਾਰੀ ਆਦਮੀਆਂ ਵਿਚ ਵੀ ਭਗਤੀ ਦੀ ਵਾਸਨਾ ਕਰ ਦੇਂਦਾ ਹੈ ਭਾਵ ਜੋ ਗੁਰੂ ਕੇ ਸਿਖ ਚੰਦਨ ਵਤ ਸੁਗੰਧੀ ਭਗਤੀ ਵਾਲੇ ਹੋਣ ਇਹ (ਸੁਬਾਸ) ਸ੍ਰੇਸ਼ਟ ਵਾਸਨਾ ਵਾਂਸ ਹੰਕਾਰੀ ਆਦਮੀ ਨੂੰ (ਬਾਸ, ਭਗਤੀ ਸੁਗੰਧੀ ਵਾਲਾ) ਕਰ ਦੇਂਦੇ ਹੋਣ, ਇਹ ਇਹਨਾਂ ਵਿਚ ਇਤਨਾ ਵਾਧਾ ਹੈ, ਅਤੇ ਓਹ ਪਿਛਲਾ ਚੰਦਨ ਨੇੜਲੇ ਬ੍ਰਿਛ ਦੂਰ ਦਿਆਂ ਨੂੰ ਚੰਦਨ ਨਹੀਂ ਕਰ ਸਕਦਾ ਸੀ ਪਰ ਜੋ ਗੁਰਮੁਖ ਨੇ (ਵੰਸ) ਹੰਕਾਰੀ ਆਦਮੀ ਭਗਤੀ ਵਾਲੇ ਕੀਤੇ ਹਨ ਓਹ ਅਗੋਂ (ਆਨ) ਹੋਰਨਾਂ (ਦ੍ਰੁਮ) ਦਰਖਤਾਂ ਨੂੰ (ਬਾਸੇ) ਸੁਗੰਧੀ ਭਗਤੀ ਵਾਲੇ ਕਰ ਦੇਂਦੇ ਹਨ ਭਾਵ ਜਿਹੜਾ ਓਹ ਮਹਾਪਾਪੀ ਵੀ ਤਾਰਨ ਨੂੰ ਸਮਰੱਥ ਹੋ ਜਾਂਦੇ ਹਨ ॥

ਕੰਚਨ ਮਨੂਰ ਹੋਇ ਪਾਰਸ ਪਰਸ *ਭੇਟ
ਪਾਰਸ ਮਨੂਰ ਕਰੈ ਔਰ ਠੌਰ ਮਾਨ ਹੈਂ ।

ਅਤੇ ਓਹ ਪਿਛਲਾ ਪਾਰਸ ਮਨੂਰ ਨੂੰ ਸੋਨਾ ਨਹੀਂ ਸੀ ਕਰ ਸਕਦਾ ਪਰ ਗੁਰੂ ਰੂਪੀ ਪਾਰਸ ਨੂੰ (ਪਰਸ) ਮਿਲ ਕਰਕੇ (ਮਨੂਰ) ਲੋਹੇ ਦੀ ਮੈਲ ਜੋ ਮਹਾ ਹਤਿਆਰੇ ਸੀ ਓਹ ਵੀ (ਕੰਚਨ) ਸ਼ੁਧ ਬਾਰਾਂ ਵੰਨੀਆਂ ਦਾ ਸੋਨਾ ਹੋ ਗਏ ਭਾਵ ਗੁਰਾਂ (ਵਾ ਗੁਰਮੁਖਾਂ) ਨਾਲ ਮਹਾ ਪਾਪੀ ਭੀ ਮਿਲ ਕੇ ਤਰ ਗਏ (ਇਹ ਗੁਰਮੁਖਾਂ ਵਿਚ ਵਾਧਾ ਹੈ ਅਤੇ ਇਹੋ ਹੀ (ਮਨੂਰ) ਬੜੇ ਪਾਪੀ ਜੋ ਗੁਰੂ ਪਾਰਸ ਨਾਲ ਮਿਲੇ ਸੀ ਅਤੇ ਸੋਨਾ ਹੋਏ ਸੀ ਸੋ ਇਨ੍ਹਾਂ ਨੂੰ ਜੇਹੜੇ (ਮਨੂਰ) ਬੜੇ ਪਾਪੀ (ਭੇਟ) ਮਿਲੇ ਸੀ ਓਹ ਅਗੋਂ ਹੋਰਨਾਂ ਮਹਾ ਪਾਪੀਆਂ ਨੂੰ ਸ਼ੁਧ (ਕਰੈ) ਕਰਨੇ ਨੂੰ ਸਮਰਥ ਹੋ ਗਏ ਅਤੇ ਓਹ ਪਾਪੀ ਹੋਰਨਾਂ (ਠੌਰ) ਥਾਵਾਂ ਵਿਚ (ਮਾਨ) ਮੰਨੀਦੇ ਹਨ ਪੂਜਨੀਕ ਹੋਏ ਹਨ ਇਹ ਗੁਰਾਂ ਅਤੇ ਗੁਰਮੁਖਾਂ ਦੀ ਸ਼ਕਤੀ ਸੰਸਾਰ ਨਾਲੋਂ ਵਾਧੂ ਹੈ ਅਤੇ ਇਸ ਵਾਸਤੇ ਗੁਰ ਸਿਖਾਂ ਦੀ ਮਹਿਮਾ ਬੇਅੰਤ ਹੈ ॥

ਗੁਰਸਿਖ ਸਾਧ ਸੰਗ ਪਤਿਤ ਪੁਨੀਤ ਕਰਤ
ਗੁਰ ਸਿਖ ਸੰਧ ਮਿਲੇ ਗੁਰ ਸਿਖ ਜਾਨ ਹੈਂ ॥੫੮॥੮੪

ਗੁਰੂ ਕੇ ਸਿਖਾਂ ਦੀ ਸਾਧ ਸੰਗਤ ਜੋ ਹੈ ਵਾ ਗੁਰਾਂ ਦੀ ਸਿਖਿਆ ਲੈਣ

---

* (ਭੇਟ) ਇਹ ਪਦ ਪਾਠ ਕਰਨ ਵਿਚ ਪਿਛਲੇ ਬਿਸ੍ਰਾਮ ਨਾਲ ਲਗੀ ਜਾ ਅਤੇ ਅਰਥ ਵਿਚ ਅਗੇ ਜਾਵੇ ਗਾ ਕਿਉਂ ਕਿ ਪਰਸ ਅਤੇ ਭੇਟ ਦੋਨੇ ਹੀ ਦੋ ਪਦ ਇਕ ਅਰਥ ਦੇ ਵਾਚਕ ਪਏ ਹੋਏ ਹਨ ਅਤੇ ਭਾਈ ਜੀ ਦੇ ਸਮਾਂ ਨਹੀਂ ਇਕ ਅਰਥ ਅਗਲੇ ਨਾਲ ਲੈਣਾ ਅਰਥ ਕੀਤੇ ਕਰਨੇ ਪਈ ॥

ਵਾਲਿਆਂ ਗੁਰਸਿਖੀਆਂ ਗ੍ਰਹਿਸਥੀਆਂ ਗੁਣਵਾਨਾਂ ਦੀ ਜੋ ਆਪ ਸਗਤ ਹੋ ਇਕ ਦੀ ਜੋੜੀ (ਪਤਿਤ) ਪਾਪੀਆਂ ਨੂੰ (ਪੁਨੀਤ) ਪਵਿਤ੍ਰ ਕਰਨ ਵਾਲੀ ਹੈ ਜੇਹੜੇ ਸਿਖ ਗੁਰਾਂ ਦੀ (ਸੰਧ) ਮਿਲੌਣੀ ਨਾਲ ਇਸਥਰਾਂ ਮਿਲੇ ਹਨ ਇਸਥਰਾਂ ਮਿਲੇ ਲਖਨ ਕੀਤੇ ਹਨ ਜੋ ਉਹ ਸਿਖ ਗੁਰੂ ਕੇ ਸਿਖ ਜਾਣੀਦੇ ਹਨ ॥ ੪੮ ॥ ਦਖਾ

ਚਰਨ ਸਰਨ ਗੁਰ ਭਈ ਨਿਹਚਲ ਮਤਿ
ਮਨ ਉਨਮਾਨ ਲਿਵ ਸਹਜ ਸਮਾਏ ਹੈਂ।

ਜੇਹੜੇ ਗੁਰ ਸਿਖ ਗੁਰਾਂ ਦੀ ਚਰਨ ਸਰਨ ਆਏ ਹਨ ਉਨਾਂਦਾ ਵਰਨਨ ਕਰਦੇ ਹਨ ਕਿਉਂ ਕਿ ਗੁਰੂ ਤੋ ਭਏ ਆਪ ਭੀ ਥਕ ਬੈਠਦੇ ਹਨ ਪਰ ਜੋ ਚਰਨਾਂ ਦੀ ਸਰਨ ਨੂੰ ਪ੍ਰਾਪਤ ਭਏ ਹਨ ਉਨਾਂ ਦਾ ਆਪ ਵਰਨਨ ਕਰਦੇ ਹਨ ਆਪ ਆਖਦੇ ਹਨ ਕਿ ਜਿਨਾਂ ਨੂੰ ਗੁਰਾਂ ਦੇ ਚਰਨਾਂ ਦੀ ਸਰਨ ਪ੍ਰਾਪਤ ਭਈ ਹੈ ਭਾਵ ਕੀ ਜਿਨ੍ਹਾਂ ਨੇ ਗੁਰਾਂ ਦੇ ਚਰਨਾਂ ਦੀ ਸਰਨ ਲਈ ਹੈ ਉਨ੍ਹਾਂ ਦੀ (ਮਤਿ) ਬੁਧੀ ਅਕਲ ਇਸਥਿਤ ਹੋ ਗਈ ਹੈ ਅਤੇ ਮਨ ਦੀ (ਲਿਵ) ਬ੍ਰਿਤੀ (*ਉਨਮਾਨ) ਤੁਰੀਆ ਪਦ ਜੋ ਵਾਹਿਗੁਰੂ ਹੈ ਉਸ ਵਿਚ ਸਮਾ ਰਹੀ ਹੈ ਭਾਵ ਕੀ ਕਿ ਮਨ ਵਾਹਿਗੁਰੂ ਵਲ ਲਗਾ ਹੋਇਆ ਹੈ। ਸ਼ੰਕਾ—ਆਪ ਸ਼ੰਕਾ ਕਰਦੇ ਹਨ ਕਿ ਮਨ ਦੀ ਬ੍ਰਿਤੀ ਅਤੇ ਮਤਿ ਬੁਧੀ ਦੋ ਮੰਨਦੇ ਹੋ ਤਾਂਤੇ ਆਪ ਦਾ ਅਰਥ ਠੀਕ ਨਹੀ ਹੈ ਸੋ ਉਤਰ ਦਿੰਦੇ ਹਨ ਕਿ ਜੇਹੜੇ ਗੁਰਾਂ ਦੀ ਚਰਨ ਸਰਨ ਜਾ ਕੇ (ਮਤਿ) ਗੁਰ ਸਿਖਿਆ ਦੇ (ਨਿਹਚਲ) ਇਸਥਿਤ ਮੰਨਣ ਨੂੰ ਤਿਆਰ ਬਰਤਿਆਰ ਹੋਏ ਹਨ ਉਨਾਂ ਦੇ ਮਨ ਦੀ ਬ੍ਰਿਤੀ ਵਾਹਿਗੁਰੂ ਵਿਚ ਸਹਿਜੇ ਹੀ ਸਮਾਈ ਹੋਈ ਹੈ ਜੋ ਆਪ ਆਖਦੇ ਹਨ ਕਿ ਕਦੀ ਉਸ ਜਗਾ ਤੋਂ ਬ੍ਰਿਤੀ ਉਪਰਾਮ ਭੀ ਹੋਂਦੀ ਹੈ ਯਾ ਨਹੀ। ਤਾਂ ਵਰਨਨ ਕਰਦੇ ਹਨ

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲੇ
ਪਰਮਦ ਭੁਤ ਪ੍ਰੇਮ ਨੇਮ ਉਪਜਾਏ ਹੈਂ।

ਕਿ ਜਦ ਉਥਾਨਕ ਬ੍ਰਿਤੀ ਆਉਂਦੀ ਹੈ ਤਾਂ ਦ੍ਰਿਸ਼ਟੀ ਗੁਰਾਂ ਦੇ ਦਰਸਨ ਕਰਨ ਵਿਚ ਮਿਲੀ ਰਹਿੰਦੀ ਹੈ ਭਾਵ ਅਖੀਆਂ ਨਾਲ ਗੁਰਾਂ ਦਾ ਦਰਸਨ ਕਰਦੇ ਰਹਿੰਦੇ ਹਨ ਅਤੇ (ਸੁਰਤ) ਕੰਨ ਗੁਰਾਂ ਦੇ (ਸਬਦ) ਉਪਦੇਸ਼ ਸੁਣਨ ਵਿਚ ਮਿਲੇ ਰਹਿੰਦੇ ਹਨ ਭਾਵ ਕੀ ਕਿ ਕੰਨਾਂ ਕਰਕੇ ਗੁਰਾਂ ਦਾ ਉਪਦੇਸ਼ ਸੁਣਦੇ ਹਨ ਅਤੇ (ਪਰਮਦਭੁਤ) ਬੜਾ ਅਸਚਰਜ ਸ੍ਰੇਸ਼ਟ (ਨੇਮ) ਨਿਯਮ ਰੋਜ ਜਾਣ ਦਾ ਪ੍ਰੇਮ ਉਪਜਾਈ ਰਖਦੇ ਹਨ ਭਾਵ ਰੋਜ ਹੀ ਹੋਲ ਸਾਧ ਸੰਗਤ ਵਿਚ ਜਾਕੇ ਗੁਰਾਂ ਦਾ ਦਰਸਨ ਕਰਦੇ ਹਨ ਆਪ ਸੰਕਾ ਕਰਦੇ ਹਨ ਕਿ ਅਖਰਾਂ ਦੇ ਵਿਚ ਨਹੀਂ

---

*ਉਨਮਾਨ ਤੁਰੀਆ ਪਦ ਹੈ ॥

ਪਿਆ ਹੋਇਆ ਜੀ ਜਿਵੇਂ ਪ੍ਰੇਮ ਨੇਮ ਕਰਦੇ ਹਨ ਆਪਣੇ ਉੱਤੇ ਵਿਸ਼ਵਾਸ ਕਰਦੇ ਹੁਕਮ ਇਛਾ ਦੇ ਤ੍ਰਾਂਡੇ ਆਖਦੇ ਹਨ.

ਗੁਰ ਸਿਖ ਸਾਧ ਸੰਗ ਰੰਗ ਹ੍ਵੈ ਤੰਬੋਲ ਰਸ
ਪਾਰਸ ਪਰਸ ਧਾਤ ਕੰਚਨ ਦਿਖਾਏ ਹੈਂ ।

ਗੁਰਾਂ ਦੀ ਸਿਖਿਆ ਲੈਣ ਵਾਲੇ ਜੋ ਸਾਧ ਸੰਗਤ ਹੈ ਤਿਸ ਵਿਚ ਨੇਮ ਦਾ ਪ੍ਰੇਮ ਕਰਦੇ ਹਨ ਇਸ ਵਾਸਤੇ ਉਨ੍ਹਾਂ ਨੂੰ ਤੰਬੋਲ ਪਾਨ ਬੀੜੇ ਵਾਂਗ ਗੂੜ੍ਹਾ ਰੰਗ ਲਗਾ ਹੈ (ਵ ਲਗਦਾ ਹੈ) ॥

ਯਥਾ

ਨਾਨਕ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ। ਮੈਲਾ ਮੂਲੇ ਨ ਹੋਵਈ ਨਹਿ ਲਾਗੈ ਦਾਗਾ ॥

(ਰਸ) ਅਨੰਦ ਜਿਸ ਤਰ੍ਹਾਂ ਸਭ ਧਾਤੂਆਂ ਪਿਤਲ ਗਿਲਟ ਆਦਿਕ ਪਾਰਸ ਨਾਲ (ਪਰਸ) ਲਗ ਕਰਕੇ ਸੁਧ (ਕੰਚਨ) ਸੋਨਾ ਦੇਖਨ ਵਿਚ ਆਉਂਦੀਆਂ ਹਨ ਇਸੀ ਤਰਾਂ ਗੁਰਮੁਖ ਵਾਹਿਗੁਰੂ ਨੂੰ ਮਿਲਕੇ ਖਰੇ ਆਪ ਦੇਖਣ ਵਿਚ ਆਉਂਦੇ ਹਨ ਭਾਵ ਜੀ ਕਿ ਚੰਗੇ ਲਗਦੇ ਹਨ ॥

ਚੰਦਨ ਸੁਗੰਧ ਸੰਧ ਬਾਸਨਾ ਸੁਬਾਸ *ਤਾਸ
ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ॥੫੧॥੯੫॥

(ਚੰਦਨ) ਚੰਦਨ ਦਾ ਬ੍ਰਿਛ ਜੋ ਸਾਧ ਸੰਗਤ ਹੈ ਇਸਦੀ ਜੋ ਬਾਸਨਾ (ਸੁਬਾਸ) ਸੁੰਦਰ ਚੰਗੀ ਵਾਸਨਾ ਹੈ ਸੋ ਉਹ ਜਦ ਹੋਰਨਾਂ ਵਾਸਾਂ ਵਿਚ (ਸੰਧਿ) ਮਿਲੀ ਤਾਂ ਉਹ ਵਾਸ ਆਦਿਕਾਂ ਦੇ ਬ੍ਰਿਛ ਭੀ (ਗੰਧ) ਸੁਗੰਧੀ ਵਾਲੇ ਹੋ ਗਏ ਭਾਵ ਗੁਰਮੁਖਾਂ ਨਾਲ ਹੰਕਾਰੀ ਵੀ ਮਿਲਕੇ ਭਗਤੀ ਕਰਨ ਵਾਲੇ ਹੋ ਗਏ (ਤਾਸ) ਤਿਨ੍ਹਾਂ ਨੂੰ ਜੋ (ਬਿਨੋਦ) ਅਨੰਦ ਹੋਇਆ ਹੈ ਉਸਦੀ ਅਕਥ ਕਥਾ ਹੈ ਪਰ ਕੁਝ ਕਹੇ ਤਾਂ ਸਹੀ ਤਾਂ ਆਖਦੇ ਹਨ ਕਥਨ ਵਿਚ ਨਹੀਂ ਆਉਂਦੀ॥੫੧॥੯੫॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ
ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ ।

ਜਿਸ ਅਨੰਦ ਨੂੰ ਗੁਰਮੁਖ ਪਾਕੇ ਪੂਰਨ ਹੋਏ ਹਨ ਅਤੇ ਜੋ "ਕਹਿਤ ਨ ਆਏ ਹੈਂ" ਇਸੇ ਹੀ ਪਦ ਦਾ ਫਿਰ ਜਗਿਆਸੂ ਵਲੋਂ ਹੋਕੇ ਅਨੁਵਾਦ ਕਰਦੇ ਹਨ ਕਿ ਜੋ ਚਰਨ ਕੰਵਲ ਦਾ ਪੀਛੇ ਵਰਨਨ ਕੀਤਾ ਹੈ ਏਸੇ ਹੀ (ਪ੍ਰੇਮ ਰਸ) ਅੰਮ੍ਰਿਤ

---

† (ਭਾਸ਼ਾ) ਇਹ ਪਦ ਪਾਠ ਦੇ ਵਿਰੁਧ ਵਿਚ ਮਿਲੇ ਲਗ ਹੁਕਾਈ ਅਤੇ ਅਰਥ ਵਿਚ ਔਖੇ ਲਗਾ ਹੈ ॥

ਦੇ ਨਿਧਾਨ ਆਪਣੇ ਨੂੰ (ਪਾਨ) ਪੀਕੇ ਪ੍ਰਾਣਾਂ ਕਰਕੇ ਪੂਰਨ ਹੋਏ ਅਤੇ ਇਸ ਅਨੰਦ ਦੀ ਅਕਥਕਥਾ ਹੈ ਕਥਨ ਵਿਚ ਨਹੀਂ ਆਉਂਦੀ ਤਾਂਤੇ ਅਨੁਭਵ ਵਿਚ ਆ ਸਰਗਾਸ਼ੂ ਦਾ ਜਗਾਸ਼ੂ ਨੂੰ ਦਸਕੇ ਉਤਰ ਦੇਂਦੇ ਹਨ॥

ਗ੍ਯਾਨ ਧ੍ਯਾਨ ਸ੍ਯਾਨ *ਸਿਮਰਨ ਬਿਸਿਮਰਨ ਕੈ ਬਿਸਮ ਬਿਦੇਹ ਬਿਸਮਾਦ ਬਿਸਮਾਏ ਹੈਂ।

ਗਿਆਨ ਧਯਾਨ ਸਯਾਨ ਦੀਆਂ (ਸਿਮਰਨ) ਯਾਦਗਿਰੀਆਂ (ਬਿਸਿਮਰਨ) ਦੂਰ ਹੋ ਗਈਆਂ ਹਨ ਭਾਵ ਕੀ ਕਿ ਬਾਹਰਲੇ ਗਯਾਨ ਧਯਾਨ (ਸਯਾਨ) ਆਦਿ ਭੁਲ ਗਏ ਹਨ ਅਤੇ (ਬਿਸਮ) ਝੂਠੇ ਸੰਸਾਰ ਰਹਿਕੇ (ਬਿਦੇਹ) ਦੇਹ ਹੰਗਤਾ ਤੋਂ ਰਹਿਤ ਹੋਏ ਹਨ ਵ ਸੰਸਾਰ ਨੂੰ ਝੂਠਾ ਜਾਣਦੇ ਹਨ ਅਤੇ (ਬਿਸਮਾਦ) ਵਾਹਿਗੁਰੂ ਵਿਚ (ਬਿਸਮਾਏ) ਹਨ ਵਿਸ਼ੇਸ਼ ਕਰਕੇ ਸਮਾਏ ਹਨ ਵਾ ਗਯਾਨ ਵਾ ਹਰਲਾ (ਬਿਸਿਮਰਨ) ਦੂਰ ਕੀਤਾ ਅਤੇ ਧਯਾਨ ਭੀ ਬਾਹਰਲਾ ਬਿਸਮ ਭੁਲਾ ਗਿਆ ਅਤੇ (ਸਯਾਨ) ਸਿਆਣਪਤਾਈ ਵੀ (ਬਿਸਮਾਦ) ਅਸਚਰਜ ਭਾਵ ਕੀ ਕਿ ਹੈਰਾਨ ਹੋ ਗਈ ਅਤੇ ਸਿਮਰਨ ਹੋਰਨਾਂ ਦੇਵੀ ਦੇਵਤਿਆਂ ਦੇ ਭੁਲੇ (ਬਿਸਮਾਏ) ਅਸਚਰਜ ਹੈਰਾਨ ਹੋ ਗਏ ਭਾਵ ਛਡ ਦਿਤੇ ਅਤੇ ਵਾਹਿਗੁਰੂ ਦੇ ਨਾਮ ਵਿਚ (ਬਿਦੇਹ) ਬਿਸੁਧ ਹੋ ਗਏ ਭਾਵ ਇਸ ਸੰਸਾਰ ਨੂੰ ਛਡਕੇ ਨਾਮ ਦੇ ਰਲ ਗਏ ਉਨ੍ਹਾਂ ਦੇ ਭਾਣੇ ਸੰਸਾਰ ਗਿਆ ਅਤੇ ਉਹ ਸੰਸਾਰ ਦੇ ਭਾਣੇ ਕਮਲੇ ਹੋ ਗਏ॥

ਆਦਿ ਪਰਮਾਦਿ ਅਰ ਅੰਤ ਕੈ ਅਨੰਤ ਭਏ ਥਾਹ ਕੈ ਅਥਾਹ ਨ ਅਪਾਰ ਪਾਰ ਪਾਏ ਹੈਂ।

(ਆਦਿ) ਜੋ ਪਹਿਲੇ ਵਸਤੂਆਂ ਸੰਸਾਰ ਵਿਚ ਹਨ ਮਾਇਆ ਅਤੇ ਪੰਜ ਤਤ ਆਦਿਕ ਉਹ ਵੀ (ਪ੍ਰਮਾਦ) ਵਾਹਿਗੁਰੂ ਰੂਪ ਬਣ ਗਏ ਅਤੇ ਜੇ ਕਰ ਉਨ੍ਹਾਂ ਦਾ ਅੰਤ ਲੈਣਾ ਕਰੀਏ ਤਾਂ ਉਹ (ਅਨੰਤ) ਬਿਅੰਤ ਹੋਣ ਜੇਕਰ ਉਨ੍ਹਾਂ ਦੀ (ਥਾਹ) ਹਾਥ ਲਈਏ ਤਾਂ ਉਹ (ਅਥਾਹ) ਡੂੰਘੇ ਹਨ ਭਾਵ ਉਨ੍ਹਾਂ ਦੀ ਅੰਤ੍ਰੀਵ ਆਸ਼ਾ ਕੋਈ ਨਹੀ ਲਖ ਸਕਦਾ ਅਤੇ ਉਨ੍ਹਾਂ (ਅਪਾਰ) ਬੇਅੰਤਾਂ ਦਾ ਪਾਰਾਵਾਰ ਨਹੀਂ ਪਾਇਆ ਜਾਂਦਾ।

ਗੁਰ ਸਿਖ ਸੰਧ ਮਿਲੇ ਬੀਸ ਇਕ ਈਸ ਈਸ ਸੋਹੀ ਸੋਈ ਦੀਪਕ ਸੈ ਦੀਪਕ ਜਗਾਏ ਹੈਂ॥੫੨॥੪੯॥

---

* ਸਿਮਰਨ ਦਾ ਸ਼ਿਮਰਬ ਪਾਠ ਭੀ ਹੈ॥

† ਇਸ ਸਾਰੀ ਪੰਗਤੀ ਦਾ ਭਾਵ ਅਰਥ ਇਹ ਹੈ ਕਿ ਗੁਰਮੁਖ ਪਿਆਰੇ ਨੂੰ ਕਰਕੇ ਵਾਹਿਗੁਰੂ ਵਿਚ ਲਗੇ ਹਨ ਭਾਵ ਨਾਮ ਜਪਣ ਲਗੀ ਹਨ॥

ਜੋ ਗੁਰ ਸਿਖਿਆ ਦੇ (ਸੰਧ) ਅਮਲੋਂ ਵਿਚ (ਆਣ) ਸੇਮ ਅਭਿਆਸ ਨਿਸਚੇ ਕਰਕੇ ਮਿਲੇ ਹਨ, ਓਹ (ਏਸ) ਇਸਤਰਾਂ ਇਕ (ਈਸ) ਵਾਹਿਗੁਰੂ ਦਾ ਸਰੂਪ ਹੀ ਬਣ ਗਏ ਹਨ, (ਸੋ ਹੀ ਸੇਈ) ਉਹਨਾਂ ਗੁਰਮੁਖਾਂ ਅਤੇ ਵਾਹਿਗੁਰੂ ਵਿਚ ਕੋਈ ਦੂਸਰਾ ਭੇਦ ਨਾ ਰਿਹਾ ਭਾਵ ਕੀ ਕਿ ਇਕ ਰੂਪ ਹੋਗਏ ਜੈਸੇ ਇਕ ਦੀਵੇ ਨਾਲੋਂ ਦੂਸਰਾ ਦੀਵਾ ਜਗਾਈਏ ਤਾਂ ਦੂਜਾ ਮਲੂਮ ਹੁੰਦਾ ਹੈ ਪਰ ਵਾਸਤਵ ਵਿਚ ਵਿਚਾਰਨਾ ਕਰੀਏ ਤਾਂ ਇਕ ਹੀ ਰੂਪ ਹੈ ॥

ਗੁਰੂ ੫ ਸਾਰੰਗ

ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ।

ਗੁਰੂ ੪ ਵਡਹੰਸ

ਨਾਨਕ ਹਰਿ ਜਨ ਹਰਿ ਇਕੋ ਹੋਏ ਹਰਿ ਜਪਿ ਹਰਿ ਸੇਤੀ ਰਲਿਆ ।

ਗੁਰੂ ੪ ਸਿਰੀ ਰਾਗ

ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ।

ਗੁਰੂ ੫ ਗਉੜੀ

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ।

ਸੁਖਮਨੀ ਗੁਰੂ ੫

ਬ੍ਰਹਮ ਮਹਿ ਜਨੁ, ਜਨ ਮਹਿ ਪਾਰਬ੍ਰਹਮ । ਏਕਹਿ ਆਪਿ ਨਹੀ ਕਛੁ ਭਰਮੁ ।

ਗੁਰੂ ੧੦

ਹਰਿ ਹਰਿ ਜਨ ਦੁਈ ਏਕ ਹੈਂ ਬਿਬ ਬਿਚਾਰ ਕਛੁ ਨਾਹਿ ।
ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ ।

ਗੁਰੂ ੪ ਆਸਾ ਛੰਤ ॥

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ।
ਗੁਰੁ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ।

ਗੁਰੂ ੪ ਆਸਾ ਛੰਤ

ਗੁਰੁ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ।

ਗੁਰੂ ੪ ਆਸਾ

ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ।

॥ ੫੨ ॥ ੮੬ ॥

ਸਤਿਗੁਰ ਚਰਨ ਸਰਨ ਚਲ ਜਾਇ ਸਿਖ
***ਚਰਨ ਸਰਨ ਤਾਂਕੀ ਸਦਾ ਚਲ ਆਵਈ ।**

---

*ਇਸ ਪੰਗਤੀ ਦੇ ਅੰਤ ਦਾ ... ਅਖਰਾਂ ਦਾ ... ਵਿਸ਼ੂਕ ਹੈ ਜੋ ਸਿਰਲੂਾਂ ਦੀ ਹੁੰਦਾ ਹੈ ਕਿ

ਗੁਰਾਂ ਦੇ ਚਰਨਾਂ ਦੀ ਸ਼ਰਨ ਆਇਆਂ ਅਤੇ ਗੁਰਾਂ ਦੀ ਆਗਿਆ ਸਤ ਕਰ ਮੰਨਣੀ ਤੇ ਗੁਰਾਂ ਦੀ ਸੇਵਾ ਕਰਨੀ ਅਤੇ ਉਪਦੇਸ਼ ਨੂੰ ਧਾਰਨ ਕਰਨਾ ਇਸਦਾ ਅਰਥ ਹੀ ਆਪ ਮਹਾਤਮ ਦਸਦੇ ਹਨ ਆਪ ਆਖਦੇ ਹਨ ਕਿ ਜੋ ਸਿਖ ਗੁਰੂ ਦੇ ਚਰਨਾਂ ਦੀ ਸ਼ਰਨ (ਚਲ) ਤੁਰਕੇ ਆਏ ਹਨ ਓਹ ਸਿਖ ਜਗਤ ਦੇ ਪੂਜ੍ਯ ਅਤੇ ਪੂਜਨੀਕ ਬਣ ਗਏ ਅਗੋ (ਤਾਂਕੀ) ਤਿਨਾਂ ਦੇ ਚਰਨਾਂ ਦੀ ਸ਼ਰਨ (ਜਗਤ) ਸੰਸਾਰ ਸਾਰਾ (ਚਲ) ਤੁਰਕੇ ਨੰਗੀ ਪੈਰੀਂ ਆਉਂਦਾ ਹੈ ਭਾਵ ਜੇਹੜੇ ਗੁਰਾਂ ਦੀ ਸ਼ਰਨੀ ਪਏ ਉਨ੍ਹਾਂ ਦੀ ਚਰਨੀ ਸਾਰਾ ਜਗਤ ਪਿਆ ॥

ਸਤਿਗੁਰ ਆਗਯਾ ਸਤਯ ਸਤਯ ਕਰ ਮਾਨੈ ਸਿਖ
ਆਗਯਾ ਤਾਹਿ ਸਕਲ ਸੰਸਾਰਹਿ ਹਿਤਾਵਈ ।

ਜੇਹੜੇ (ਸਿਖ) ਸਿਖਿਆ ਉਪਦੇਸ਼ ਲੈਣ ਵਾਲੇ ਗੁਰਾਂ ਦੀ ਆਗਿਆ (ਸਤਯ) ਸਚੀ (ਸਤਯ) ਨਿਸਚੇ ਕਰਕੇ ਮੰਨਦੇ ਹਨ ਉਹਨਾਂ ਸਿਖਾਂ ਦੀ ਆਗਿਆ ਵਿਚ ਸਾਰਾ ਜਗਤ (ਹਿਤਾਵਈ) 'ਹਿਤ' ਪ੍ਰੇਮ ਕਰਦਾ ਹੈ ਭਾਵ ਜੋ ਸਿਖ ਗੁਰਾਂ ਦੀ ਆਗਿਆ ਮੰਨਦਾ ਹੈ ਉਸਦੀ ਆਗਿਆ ਸਾਰਾ ਸੰਸਾਰ ਪ੍ਰੇਮ ਕਰਕੇ ਮੰਨਦਾ ਹੈ, (ਹਿਤਾਵਈ) ਹਿਤ ਕਰਨ ਵਾਲੀ ਸਾਰੀ ਸ੍ਰਿਸ਼ਟੀ ਹੁੰਦੀ ਹੈ ॥

ਸਤਗੁਰ ਸੇਵਾ ਭਾਇ ਪੂਜਨ ਪੂਜਾ ਕਰੈ ਸਿਖ
ਸਰਬ ਨਿਧਾਨ ਅੱਗ੍ਰ ਭਾਗ ਲਿਵਲਾਵਈ ।

ਜੋ ਸਿਖ (ਭਾਇ) ਪ੍ਰੇਮ ਕਰਕੇ ਗੁਰਾਂ ਦੀ (ਸੇਵਾ) ਟਹਲ ਅਤੇ ਪੂਜਨ ਪੂਜਾ ਪਰਸੰਸ਼ ਕਰਦਾ ਹੈ ਭਾਵ ਜੋ ਗੁਰਾਂ ਅਗੇ ਤਨ ਮਨ ਧਨ ਹੀ ਪੂਜਾ ਕਰ ਦੇਂਦਾ ਹੈ ਭਾਵ ਚਾੜ੍ਹ ਦੇਂਦਾ ਹੈ ਉਸ ਗੁਰੂ ਦੇ ਸਿਖ (ਅਗਰ ਭਾਗ) ਅਗੇ ਸਾਰੇ (ਨਿਧਾਨ) ਨਿਧੀਆਂ ਸਿਧੀਆਂ ਦੇ ਖਜ਼ਾਨੇ (ਲਿਵ) ਬ੍ਰਿਤੀ ਲਾਕੇ ਵੇਖਦੇ ਹਨ ਕਿ ਸਾਨੂੰ ਕਿਸ ਵਕਤ ਆਗਿਆ ਕਰਦੇ ਹਨ ਭਾਵ ਕਾਂ ਕਿ ਜਿਸ ਵਕਤ ਸਾਨੂੰ ਕਿਸੇ ਗਰੀਬ ਸਿਖ ਦੇ ਘਰ ਵਲ ਜਾਣ ਦੀ ਆਗਿਆ ਕਰਨ ਤਾਂ ਅਸੀਂ ਤੁਰਤ ਜਾਂਦੇ ਹੀ ਲਹਿਰ ਬਹਿਰ ਉਸ ਸਿਖ ਦੇ ਘਰ ਕਰ ਦੇਈਏ, ਇਸ ਪ੍ਰਕਾਰ ਦੀ ਉਸ ਦੀ ਆਗਿਆ ਸਾਰੇ ਖਜ਼ਾਨੇ ਮੰਨਦੇ ਹਨ ॥

ਸਤਿਗੁਰ ਸੀਖਯਾ ਦੀਖਯਾ ਹਿਰਦੈ ਪ੍ਰਵੇਸ ਜਾਹਿ

"ਤਾਂ ਚਰਨ ਸਰਨ ਜਗਤ ਚਲ ਆਵਈ"

ਚਾਹੇ ਇਹ ਦੋ ਪਾਠ ਪੰਦਨਾਂ ਅਖਰਾਂ ਦੇ ਬਿਸਰਾਮ ਉਤੇ ਹੀ ਪੰਤ ਪਰੰਤਾ ਪਾਠ ਠੀਕ ਹੈ ਜਿਸਦੇ ਵਿਚ ਹੀ ਮਤਲਬ ਭਾਸਦਾ ਹੈ ਅਤੇ ਨਾਲੇ ਓਹ ਸ਼ਬਦ ਪਰ ਅਟਕ ਦਾ ਭੀ ਨਹੀਂ ਹੈ ਕਿਉਂਕਿ "ਚਰਨ ਸਰਨ ਤਾਂਕੀ ਜਗਤ ਚਲ ਆਵਈ" ਇਹ ਪਾਠ ਬਹੁਤ ਅੱਛਾ ਹੈ ॥

ਤਾਂਹੀ ਸੀਖ ਸੁਨਤ ਪਰਮਪਦ ਪਾਵਹੀ ॥ ੪ ॥ ੯੭ ॥

ਸਤਗੁਰਾਂ ਦੀ (ਸੀਖਨ) ਉਪਦੇਸ਼ ਦੀ ਨਸੀਹਤ (ਦੀਖਿਆ) ਮਤਲਬ ਜੋ ਵਾਹਿਗੁਰੂ ਮੂਲ ਮੰਤ੍ਰ ਦੇ ਅੰਮ੍ਰਿਤ ਛਕਾਨੇ ਦੇ ਵਕਤ ਜਪ ਜਾਪ ਦੇ ਮੂਲ ਮੰਤ੍ਰ ਦਾ ਉਪਦੇਸ਼ ਕੀਤਾ ਜਾਂਦਾ ਹੈ ਜੋ ਸਤਗੁਰਾਂ ਦੀ (ਦੀਖਨਾ) ਜੋ ਸਿਖਿਆ (ਸੀਖਨਾ) ਸਖਾਣੀ ਹੋਣੀ ਹੈ ਓਹ ਜਿਸ ਦੇ ਹਿਰਦੇ ਵਿਚ ਪ੍ਰਵੇਸ਼ ਕਰਦੀ ਹੈ ਭਾਵ ਜੋ ਸਿਖ ਉਸ ਸ਼ਿਖਿਆ ਨੂੰ ਧਾਰਨ ਕਰਦਾ ਹੈ (ਤਾਂਹੀ) ਤਿਸ ਦੀ (ਸੀਖ) ਸਿਖਿਆ ਸੁਣਤਾ ਸਮਾਰ ਸੁਣਕੇ (ਪਰਮ ਪਦ) ਵਾਹਿਗੁਰੂ ਨੂੰ ਪਾ ਲੈਂਦਾ ਹੈ ਵ ਉਹ ਪਦਵੀ ਵਾਹਿਗੁਰੂ ਦੀ ਪ੍ਰਾਪਤੀ ਪਾ ਲੈਂਦਾ ਹੈ ॥ ਪਦ ॥ ੯੭ ॥

ਗੁਰ ਸਿਖ ਸਾਧ ਸੰਗ ਰੰਗ ਮੈ ਰੰਗੀਲੇ ਭਏ
ਬਾਰੁਨੀ ਬਿਰੀਧ ਰੰਗ ਸੰਗ ਮਿਲੇ ਗੰਗ ਹੈ ।

ਅਬ ਗੁਰਾਂ ਦੀ ਸਾਧ ਸੰਗਤ ਦਾ ਮਹਾਤਮ ਵਰਣਨ ਕਰਦੇ ਹਨ ਆਪ ਆਖਦੇ ਹਨ ਕਿ ਜਿਹੜੇ ਸਿਖ, ਹਿੰਦੂ ਮੁਸਲਮਾਨ ਅਤੇ ਆਦਿਕ ਸਮਾਜੀਆਂ ਆਦਿਕ ਗੁਰਾਂ ਦੀ ਸਾਧ ਸੰਗਤ ਵਿਚ ਆਏ ਹਨ ਓਹ ਰੰਗ ਵਿਚ ਰੰਗੀਲੇ ਹੋ ਗਏ ਭਾਵ ਆਨੰਦ ਵਿਚ ਰੰਗੇ ਗਏ । ਪਰ ਆਪ ਆਖਦੇ ਹਨ ਕਿ ਓਹ ਕੈਸੇ ਰੰਗੇ ਗਏ, ਸੋ ਉਤਰ ਦੇਂਦੇ ਹਨ ਕਿ ਜੈਸੇ (ਬਾਰੁਨੀ) ਸ਼ਰਾਬ (ਬਿਰੀਧ) ਖੋਟੀ ਸੂਗੀ ਦੀ ਵਾਲੀ ਗੰਗਾ ਨਦੀ ਦੇ (ਸੰਗ) ਸੰਗਮ ਦੇ ਨਾਲ ਮਿਲਕੇ ਗੰਗਾ ਰੂਪ ਹੋ ਜਾਂਦੀ ਭਾਵ ਕਿ ਜਿਸ ਤਰਾਂ ਮਾੜੀ ਸ਼ਰਾਬ ਗੰਗਾ ਦੇ ਪਾਣੀ ਨਾਲ ਮਿਲ ਕੇ ਗੰਗਾ ਦਾ ਪਾਣੀ ਹੀ ਹੋ ਜਾਂਦੀ ਹੈ ਇਸੀ ਤਰਾਂ ਸਾਧ ਸੰਗਤ ਨਾਲ ਮਿਲਕੇ ਨੀਚ ਆਦਿਕ ਉਧਰ ਗਏ ॥

"ਉਧਰੇ ਸਿਮਰ ਚੰਡਾਲ"

ਨੋਟ ਇਹ ਕਥਨ ਗਯਾਨੀਆਂ ਦਾ ਹੈ ਪਰ ਸਾਡਾ ਖਿਆਲ ਆਸਤ ਬਹੁਤ ਅਛਾ ਹੈ ॥

ਸਾਖੀ

ਜਦ ਪਾਂਡਵਾਂ ਨੇ ਜਗ ਪੂਰਨ ਕੀਤਾ ਤਾਂ ਘੰਟਾ ਨ ਵਜਿਆ ਤਾਂ ਕ੍ਰਿਸ਼ਨ ਨੂੰ ਪੁਛਿਆ ਗਿਆ ਤੇ ਕ੍ਰਿਸ਼ਨ ਨੇ ਆਖਿਆ ਕੋਈ ਭਗਤ ਤੇਰਾ ਨਹੀਂ ਆਯਾ ਇਹ ਸੁਣਕੇ ਪਾਂਡਵਾਂ ਪੁਛਿਆ ਜੀ ਆਪ ਦਾ ਕੇਹੜਾ ਭਗਤ ਨਹੀਂ ਆਯਾ ਤਾਂ ਕ੍ਰਿਸ਼ਨ ਜੀ ਨੇ ਬਾਲਮੀਕ ਵਲ ਇਸ਼ਾਰਾ ਕੀਤਾ ਤਾਂ ਉਸਨੂੰ ਲੈਣ ਗਏ ਤਾਂ ਬਾਲਮੀਕ ਜੀ ਆਖਨ ਲਗੇ ਜੀ ਮੈਨੂੰ ਕਿਉਂ ਸਦਣ ਆਏ ਹੋ ਤਾਂ ਪਾਂਡਵਾਂ ਕਿਹਾ ਜੀ ਆਪਨੂੰ ਭਗਵਾਨ ਜੀ ਯਾਦ ਕਰਦੇ ਹਨ ਤਾਂ ਬਾਲਮੀਕ ਨੇ ਆਖਿਆ ਕਿਉਂ ਕੀ ਕੰਮ ਹੈ? ਤਾਂ ਪਾਂਡਵਾਂ ਕਿਹਾ ਜੀ ਪ੍ਰਸ਼ਾਦ ਛਕਣਾ । ਤਾਂ ਬਾਲਮੀਕ ਜੀ ਆਖਿਆ ਮੈਂ ਤਾਂ ਚੂਹੜਾ ਹਾਂ ਤਾਂ ਉਨ੍ਹਾਂ ਕਿਹਾ ਜੀ ਆਪ ਭਾਵੇਂ ਚੂਹੜੇ ਹੋਵੋ ਅਤੇ ਅਕਾਲ ਭਾਵੇਂ ਅਤੇ ਕ੍ਰਿਸ਼ਨ ਦੇ ਕਹਿਣੇ ਤਾਂ ਸੰਗ ਹੋ ਇਸ ਵਾਰ ਨੂੰ

ਸੁਣਕੇ ਸੰਤਾਂ ਕਿਹਾ ਭਲਾ ਜੀ ਸਾਨੂੰ ਭੁਖੀ ਖਾਣਾ ਚਾਹੁੰਦੇ ਹੋ ਤਾਂ ਇਸ ਬਾਰਾ ਦਾ ਫਲ ਸਾਨੂੰ ਦੇਦਿਓ ਇਸ ਗਲ ਨੂੰ ਸੁਣਕੇ ਸਭ ਚੁਪ ਹੋਗਏ ਅਤੇ ਕ੍ਰਿਸ਼ਨਜੀ ਪਾਸ ਆਕਰ ਸਾਰਾ ਹਾਲ ਦਸਿਆ ਕਿ ਇਹਨਾਂ ਅਸਾਂ ਜੱਗ ਕੀਤਾ ਹੈ। ਤਾਂ ਉਸਦਾ ਵੀ ਫਲ ਵਾਲਮੀਕ ਜੀ ਮੰਗਦੇ ਹਨ ਅਤੇ ਆਉਂਦੇ ਨਹੀਂ ਤਾਂ ਕ੍ਰਿਸ਼ਨ ਜੀ ਕਿਹਾ ਜਿਸਤ੍ਹਾਂ ਹੋਵੇ ਲਿਆਉ ਪਰ ਬਹੁਤ ਗਏ ਖਾਲੀ ਆਏ ਤਾਂ ਦ੍ਰੋਪਤੀ ਨੇ ਕਿਹਾ ਮੈਂ ਜਾਂਦੀ ਹਾਂ, ਇਸਤ੍ਰਾਂ ਕਹ ਕੇ ਦ੍ਰੋਪਤੀ ਗਈ ਅਤੇ ਆਖਨ ਲਗੀ ਜੀ ਸੰਤ ਜੀ ਆਪ ਅਸਾਡਾ ਘਰ ਪਵਿਤ੍ਰ ਕਰੋ ਚਰਨ ਪਾਕੇ ਤਾਂ ਸੰਤ ਬੋਲੇ ਬੀਬੀ ਜੱਗ ਦਾ ਫਲ ਸਾਨੂੰ ਦਿਓ ਤਾਂ ਮੈਂ ਚਲਦਾ ਹਾਂ ਤਾਂ ਦ੍ਰੋਪਤੀ ਬੋਲੀ ਆਪ ਕਿੰਨਿਆਂ ਕੁ ਜੱਗਾਂ ਦਾ ਫਲ ਮੰਗਦੇ ਹੋ ਤਾਂ ਬਾਲਮੀਕ ਜੀ ਆਖਿਆ ਜਿਤਨਾ ਤੁਸਾਂ ਇਕ ਜੱਗ ਕੀਤਾ ਹੈ, ਹੋਰ ਤਾਂ ਤੁਸਾਂ ਜੱਗ ਹੀ ਕੋਈ ਨਹੀਂ ਕੀਤਾ। ਤਾਂ ਦ੍ਰੋਪਤੀ ਬੋਲੀ ਜੀ ਇਹ ਬਚਨ ਆਪ ਵਰਗੇ ਮਹਾਤਮਾ ਦਾ ਹੀ ਹੈ ਕਿ

"ਸੰਤ ਸਰਨ ਕੋ ਜਾਤ ਹੈ ਪਗ ਪਗ ਹੋਤ ਪ੍ਰਯਾਗ"

ਲਖੀਆਂ ਪ੍ਰਯਾਗਾਂ ਦਾ ਮਹਾਤਮ ਸੰਤਾਂ ਦੀ ਸ਼ਰਨ ਜਾਇਆਂ ਹੁੰਦਾ ਹੈ ਤੂੰ ਆਪ ਇਕ ਜੱਗ ਮੰਗਦੇ ਹੋ ਤਾਂ ਤੇ ਮੈਂ ਤਾਂ ਬਹੁਤ ਚਲ ਕੇ ਆਈ ਹਾਂ ਆਪ ਇਕ ਪਗ ਰਖ ਲਵੋ ਔਰ ਬਾਕੀ ਦੇ ਪਗਾਂ ਦਾ ਸਾਨੂੰ ਮਹਾਤਮ ਦੇ ਦਿਓ। ਇਸ ਗਲ ਨੂੰ ਸੁਣਕੇ ਬਾਲਮੀਕ ਜੀ ਉਠ ਤੁਰੇ ਦ੍ਰੋਪਤੀ ਨੇ ਬੜੀ ਪ੍ਰਕਾਰ ਦੇ ਭੋਜਨ ਬਣਾ ਕੇ ਥਾਲ ਵਿਚ ਰਖੀ ਕੌਲ ਰਖੇ ਸੋ ਬਾਲਮੀਕ ਜੀ ਨੇ ਸਾਰੇ ਰਲਾ ਲਏ, "ਸਾਧਾਂ ਨੂੰ ਕੀ ਸਵਾਦਾਂ ਨਾਲ" ਦ੍ਰੋਪਤੀ ਦੇਖ ਕੇ ਆਖਨ ਲਗੀ ਅੰਤ ਨੂੰ ਚੂੜ੍ਹਿਆਂ ਵਾਲੀ ਆਦਤ ਨਾ ਗਈ, ਇਸ ਗਲਾਨੀ ਦੇ ਚਿਤਵਨ ਨਾਲ ਸੰਖ ਨਾ ਵਜਿਆ ਤਾਂ ਕ੍ਰਿਸ਼ਨ ਜੀ ਨੂੰ ਪੁਛਿਆ ਗਇਆ ਤਾਂ ਉਹਨਾਂ ਨੇ ਆਖਿਆ ਮੇਰੇ ਭਗਤ ਉਪਰ ਕਿਸੇ ਨੇ ਗਿਲਾਨੀ ਕੀਤੀ ਹੈ ਤਾਂ ਪੁਛਦਿਆਂ ਪੁਛਦਿਆਂ ਪਤਾ ਲਗਾ ਕਿ ਦ੍ਰੋਪਤੀ ਦਾ ਹੀ ਕੰਮ ਹੈ ਜੋ ਸੰਦਕੇ ਲਿਆਂਦੀ ਹੈ ਤਾਂ ਫਿਰ ਮੁਆਫੀ ਮੰਗੀ ਤਾਂ ਸੰਖ ਵਜਿਆ ਇਸ ਸਾਖੀ ਦਾ ਇਹੋ ਹੀ ਭਾਵ ਹੈ ਕਿ ਦੇਖ ਨੀਚ ਭੀ ਉਤਮ ਸਾਧ ਸੰਗਤ ਵਿਚ ਮਿਲਕੇ ਪਾਂਡਵਾਂ ਆਦਕਾਂ ਦੇ ਨਾਲ ਅਜਿਹੇ ਹੋਗਏ ਜੈਸੇ ਰਵਿਦਾਸ ਜੀ ਨੂੰ ਪੰਡਤਾਂ ਨੇ ਹੋਣੀ ਖਾਦਿਆਂ ਆਪਣੇ ਪਾਸੋਂ ਉਠਾ ਦਿਤਾ ਸੀ ਤਾਂ ਬਹੁਤ ਸਾਰੇ ਰਵਿਦਾਸ ਬਣ ਗਏ ਇਸ ਅਸਚਰਜ ਲੀਲ੍ਹਾ ਨੂੰ ਦੇਖਕੇ ਪੰਡਤ ਚਰਨੀ ਪਏ ਅਤੇ ਪੰਡਤਾਂ ਵਿਚ ਬਿਠਾਕਰ ਆਪਣੇ ਨਾਲ ਪੰਗਤ ਦਾ ਛਕਾਇਆ ਜਿਸ ਪਰ ਰਵਿਦਾਸ ਜੀਨੇ ਆਖਿਆ ਭੀ ਹੈ ॥

"ਐਸੀ ਲਾਲ ਤੁਝ ਬਿਨ ਕਉਨੁ ਕਰੈ"

ਭਾਵ ਹੀ ਕਿ ਸਾਧ ਸੰਗਤ ਵਿਚ ਮਿਲਕੇ ਸਭ ਤਰ ਸਕਦੇ ਹਨ ॥

ਨੋਟ-ਸਫਾ ੧੪੪ ਸਤਰ ੨੮ ਵਿਚ "ਕਿਰਪਾ" ਨੂੰ "ਪਿਆਰੇ" ਪੜ੍ਹਨਾ ਅਤੇ ਸਫਾ ੬੯ ਸਤਰ ੧੦ "ਰੋਗ" ਨੂੰ "ਜੋਗ" ਪੜ੍ਹਨਾ।

ਸੁਰਸਰੀ ਸੰਗਮ ਜਿਉ ਪ੍ਰਬਲ ਪ੍ਰਵਾਹ ਮਿਲ
ਸਾਗਰ ਅਥਾਹ ਸਤਿਗੁਰ ਸੰਗ ਸੰਗ ਹੈ।

ਜਿਸ ਤਰਾਂ (ਸੁਰਸਰੀ) ਗੰਗਾ ਨਦੀ ਦਾ (ਸੰਗਮ) ਮਿਲਾਪ ਜਿੱਥੇ ਜਿਹ (ਪ੍ਰਬਲ) ਤੇਜ਼ ਪਾਣੀ ਦੇ (ਪ੍ਰਵਾਹ) ਵਹਣ ਨਾਲ (ਮਿਲ) ਜਿਥੇ ਜਮਨਾ ਦੀ ਦੂਸ ਸਰਾਜ਼ ਨੇ ਵਾ ਪਹਿਲੇ ਸਰਾਬ ਨੂੰ ਗੰਗਾ ਦਾ ਮੇਲ ਹੋਯਾ ਫਿਰ ਉਹ ਭਾਰੀ ਜੋਰਾਵਰ ਪਾਣੀ ਦੇ ਪ੍ਰਵਾਹ ਨਾਲ (ਮਿਲ) ਪ੍ਰੋਤੀ ਜੋਤੀਂ ਭਾਵਕੀ ਕਿ ਜਦ ਸਰਾਬ ਗੰਗਾ ਦੇ ਪਾਣੀ ਨਾਲ ਮਿਲੀ ਤਾਂ ਉਸ ਪ੍ਰਵਾਹ ਦਾ ਰੂਪ ਹੀ ਹੋ ਗਈ ਤਾ (ਸਾਗਰ) ਜੋ ਸਮੁੰਦ੍ਰ ਹੈ ਉਸ ਵਿਚ ਓਹ ਸਰਾਬ ਦਾ ਪਾਣੀ ਜਾ ਪਹੁੰਚਦਾ ਹੈ (ਅਥਾਹ) ਬਹੁਤ ਅਗਾਧ ਡੂੰਘੇ (ਸੰਗ) ਨਾਲ ਮਿਲ ਗਿਆ ਭਾਵ ਕੀ ਕਿ ਓਹ ਹੀ ਸਰਾਬ ਦਾ ਪਾਣੀ ਸਮੁੰਦ੍ਰ ਵਿਚ ਜਾ ਮਿਲਿਆ ਤੇ ਬਸ ਉਸਦਾ ਰੂਪ ਹੀ ਹੋ ਗਿਆ, ਇਸੀ ਤਰਾਂ ਸਾਧ ਸੰਗਤ ਜੋ ਗੰਗਾ ਹੈ ਅਤੇ ਇਸ ਵਿਚ ਜੋ ਨਾਮ ਦਾ ਪ੍ਰਵਾਹ ਚਲ ਰਹਿਆ ਹੈ ਜਿਹਨਾਂ ਨੇ ਇਸ ਨਾਮ ਦੇ ਜਪਣ ਕਮਾਉਣ ਦੇ ਰਸਤੇ ਨੂੰ ਅਥਾਹ (ਸਾਗਰ) ਗੁਰੂ ਮਹਾਰਾਜ ਦੇ (ਸੰਗ) ਨਾਲ ਜੋੜ ਦੀਆ ਜਾਂਦੀ ਏ ਨੂੰ ਸਮੁੰਦ੍ਰ ਮਿਲਾ ਕਰ ਸਾਧ ਸੰਗਤਿ ਵਿਚ ਕਿ ਨੀਵੇਂ ਨੀਵੇਂ ਜਲ ਨੇ ਚਲਕੇ ਸਮੁੰਦ੍ਰ ਦਾ ਦਰਸਨ ਕੀਤਾ ਇਸੀ ਤਰ੍ਹਾਂ ਜੋ ਸਿਖ ਨਿੰਮ੍ਰਤਾ ਸਹਿਤ ਹੁੰਦਾ ਹੈ ਓਹ ਗੁਰਾਂ ਦਾ ਰੂਪ ਰੂਪ ਬਣਦਾ ਹੈ।

ਵਾਰ ਬਿਲਾਵਲ ਮਹਲਾ ੪ ॥ ਜਿਉ ਮੈਲੇ ਵਹੇ ਵਾਹੀਆ ਨਾਲਿਆ, ਗੰਦੀਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ ॥

ਚਰਨ ਕਮਲ ਮਕਰੰਦ ਨਿਹਚਲ ਚਿਤ
ਦਰਸਨ ਸੋਭਾ ਨਿਧ ਲਹਰ ਤਰੰਗ ਹੈ।

ਪਹਿਲੇ ਪ੍ਰਕਰਣ ਵਿਚ ਚਲਿਆ ਆ ਰਹੇ ਸੋਭਾ ਨਿਧੀ ਸਮੁੰਦ੍ਰ ਦਾ ਦਰਸਨ ਕੀਤਾ ਸੋਭਾ ਦੇ ਨਿਧੀ ਗੁਰੂ ਸਾਗਰ ਜੋ ਹੈ ਇਹਨਾਂ ਦਾ ਦਰਸਨ ਕਰਤਾ ਅਤੇ ਨੀਵੇਂ ਵਿਚਾਰ ਚਲਿਆ ਕਿ ਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ) ਫੁਲਾਂ ਦੀ ਧੂੜ ਦੀ ਸੁਗੰਧੀ ਭਾਵ ਖੁਸ਼ੀ ਆਪਣੇ ਮਥੇ ਤੇ ਜਦ ਲਾਈ ਤਾਂ ਜਿਸ ਤਰਾਂ ਇਹ ਜਲ ਸਮੁੰਦ੍ਰ ਵਿਚ ਨਿਹਚਲ ਹੋਇਆ ਸੀ ਭਾਵ ਕਿਧਰੇ ਜਾਂਦਾ ਆਉਂਦਾ ਨਹੀਂ ਸੀ ਇਸੀ ਤਰਾਂ ਜੀਵ ਦਾ ਚਿਤ ਅਡੋਲ ਹੋਇਆ ਓਪਰ ਸਮੁੰਦ੍ਰ ਦੇ ਵਿਚ (ਲਹਰਾਂ) ਛੱਲਾਂ ਦੇ ਅਤੇ (ਤਰੰਗ) ਜੋ ਸੂਰਜ ਦੀ ਧੁਪ ਨਾਲ ਪਾਣੀ ਦੇ ਚਮਤਕਾਰ ਦਿਸਦੇ ਹਨ ਉਹਨਾਂ ਦਾ ਦਰਸਨ ਕੀਤਾ ਅਤੇ ਇਹ ਵਰ ਸਰੂਪਮਾਨ ਨੇ ਗਿਆਨ ਦਾ ਸਰੂਪ ਹੈ ਜਿਸਨੂੰ ਉ ਧਾਰਕੇ ਦੇਖਦੇ ਸਦਾ ਗੁਰਾਂ ਦੇ ਨਾਲ ਅਭੇਦ

ਹੋਇਆ ਜਾਂ ਸਮੁੰਦਰ ਰੂਪ ਸ੍ਰੀ ਗੁਰੂ ਜੀ ਸਹਿਤ ਸੀਨੀ ਸੁਣਾਇਆ ਅਤੇ (ਭਰੇਜ) ਸਬਦ ਕੀਰਤਨ ਰਾਗੀਆਂ ਪਾਸੋਂ ਸੁਣਿਆ॥

ਅਨਹਦ ਸਬਦ ਹੈ ਸਮੁੰਦ ਨਿਧਾਨ ਦਾਨ ਗਿਆਨ ਅੰਸ ਹੰਸਗਤਿ ਸੁਮਤਿ ਸੁਚਿਤਾ ਹੈ॥੫੮॥੫੮

ਓਹ ਜਲ ਸਰਾਖ ਵਾਲੇ ਰੰਗਾਂ ਨਾਲ ਮਿਲਕੇ ਸਾਖ਼ਾਤ ਵਿਚ ਪਿਆਰੀ ਹੈ ਓਹ ਜੇਕਰ ਸਮੁੰਦ੍ਰ ਦਾ (ਅਨਹਦ, ਅਨਹਦ ਇਕ ਰਸ ਸਬਦ) ਅਵਾਜ਼ ਸੁਣਿਆ ਚਾਹੇ ਤਾਂ ਵਿਚ ਹੀ ਸੁਣ ਸਕਦਾ ਹੈ ਅਤੇ ਜੇਕਰ ਦੂਸਰਾ ਹੋਕਰ ਸੁਣਨਾ ਚਾਹੇ ਤਾਂ ਦੂਸਰਾ ਭੀ ਸੁਣ ਸਕਦਾ ਹੈ ਇਸ ਤਰਾਂ ਸਤਿਗੁਰੂ ਸਮੁੰਦਰ ਦਾ ਅਨਹਦ ਦਾ (ਸਬਦ) ਕੀਰਤਨ ਸੁਣਨਾ (ਕੋ) ਕਰਦਾ ਹੈ ਜਿਸ ਤਰਾਂ ਸਮੁੰਦਰ ਸਾਰੇ (ਨਿਧਾਨ, ਖਜ਼ਾਨੇ ਉਸ ਸਰਾਫ ਦੇ ਪਾਣੀ ਨੂੰ ਦਾਨ ਕਰ ਦੇਂਦਾ ਹੈ ਭਾਵ ਜੋ ਹੀਰੇ ਮੋਤੀ ਆਦਿਕ ਸਮੁੰਦਰ ਉਸਨੂੰ ਦਸ ਦਿੰਦਾ ਹੈ ਇਸੀ ਤਰਾਂ ਸਤਿਗੁਰ ਅਪਨੇ ਸਿਖ ਨੂੰ ਸਭ ਸਿਧੀਆਂ ਰਿਧੀਆਂ ਦਾਨ ਕਰ ਦੇਂਦੇ ਹਨ (ਸੁਮਤਿ) ਸੁਮਦ ਅਕਲ ਦੇ (ਸਰਫੜ) ਸਾਰਿਆਂ ਅੰਗਾਂ ਕਰਕੇ ਅਤੇ (ਗਿਆਨ ਅੰਸ) ਗਿਆਨ ਦੀ ਅੰਸ ਜਿਸਕਾ ਆਤਮ ਵਸੇਦੀ ਸੁਧੀ ਭਾਵ ਚੰਗੀ ਅਕਲ ਹੈ ਜਿਨਾਂ ਸਿਖਾਂ ਮਹਾਤਮਾਂ ਨੂੰ, ਓਹ ਉਸ ਗੁਰੂ ਰੂਪੀ ਸਮੁੰਦਰ ਦੇ ਕਿਨਾਰੇ ਉਪਰ ਹੰਸ (ਗਤਿ, ਹੰਸਾਂ ਦੀ ਨਿਆਈਂ) ਅਨੰਦ ਲੈਂਦੇ ਹਨ ਅਤੇ ਵਿਚਰਦੇ ਹਨ ਭਾਵ ਜੀਕੂੰ ਹੰਸ ਤਾਲ ਉਪਰ ਮੋਤੀ ਆਦਕ ਦੇ ਅਹਾਰ ਨਾਲ ਅਨੰਦ ਨੂੰ ਪਾਂਦੇ ਹਨ ਇਸੀ ਤਰਹ ਸਿਖ ਗੁਰਾਂ ਪਾਸ ਰਹਿਕੇ ਨਾਮ ਨੂੰ ਜਪ ਕੇ ਅਨੰਦ ਲੈਂਦੇ ਹਨ॥ ੫੭॥ ੮੦॥

ਗੁਰਮੁਖਿ ਮਾਰਗ ਹ੍ਵੈ ਦੁਬਿਧਾ ਭਰਮ ਖੋਏ ਚਰਨ ਸਰਨ ਗਹੇ ਨਿਜ ਘਰ ਆਏ ਹੈਂ।

ਜੋ ਸਿਖ ਗੁਰਮੁਖਾਂ ਦੇ ਵਾ ਗੁਰਮੁਖੀਆਂ ਦੇ ਵਾ ਗੁਰਾਂ ਦੇ ਮੁਖੀ ਦਵਾਰੇ ਕਿਆ ਗੁਰਾਂ ਕਰਕੇ (ਗੁਰਮੁਖ) ਸਿਖਾਂ ਦੇ (ਮਾਰਗ) ਸਤਸੰਗ ਦੇ ਰਸਤੇ ਆਇ ਹਨ ਜਾਂ ਜੋ ਸਿਖ ਗੁਰੂਆਂ ਦੇ (ਮਾਰਗ) ਰਸਤੇ ਚਲਨ ਮਨਨ ਤੇ ਤਤਪਰ ਹੋਏ ਹਨ ਉਹਨਾਂ ਦਾ (ਦੁਬਿਧਾ) ਦੀਰਘਾ ਅਤੇ (ਭਰਮ) ਭਰਮਾਉਣ ਵਾਲਾ ਜੂਨੀਆਂ ਵਿਚ ਭਰਮ ਖੋਇਆ ਗਿਆ ਭਾਵ ਨਾਸ਼ ਹੋ ਗਿਆ॥

ਤਥਾ (ਦੁਬਿਧਾ) ਸੰਸਾਰ ਦਾ ਨਾਮ ਵੀ ਹੈ ਜੋ ਦੋ ਰੀਤੀਆਂ ਵਾਲਾ ਹੈ ਸੋ ਇਸ ਕਰਕੇ ਉਨ੍ਹਾਂ ਦੀ ਦੁਬਿਧਾ ਅਤੇ ਭਰਮ ਦੂਰ ਹੋ ਗਿਆ ਜਾਂ ਜਿਨਾਂ ਨੇ ਗੁਰਾਂ ਦੇ ਚਰਨਾਂ ਦੀ ਸਰਨ (ਗਹੇ) ਪਕੜੀ ਅਤੇ ਗੁਰਮੁਖਾਂ ਦੇ ਰਸਤੇ ਆਏ ਉਨ੍ਹਾਂ ਦੀ ਦੁਬਿਧਾ ਸਤੇ ਭਰਮ ਨਾਸ ਹੋ ਗਿਆ ਅਤੇ (ਨਿਜ ਘਰ) ਗੁਰਮੁਖੀ

ਸਿਧੀ ਹੋਈ ਹੈ ਭਾਵ ਅਪਿੱਤਾ ਅੰਦਰ ਜੋ ਵਾਹਿਗੁਰੂ ਹੈ ਉਸ ਵਿਚ ਆਪਣੇ ਕਿਆ ਨੇ ਨਿਵਾਸ ਕੀਤਾ ਹੈ ॥

ਦਰਸ ਦਰਸ ਦਿਬ ਦ੍ਰਿਸਟਿ ਪ੍ਰਗਾਸ ਭਈ
ਅੰਮ੍ਰਿਤ ਕਟਾਛਨ ਕੈ ਅਮਰਪਦ ਪਾਏ ਹੈਂ ।

ਫਿਰ ਗੁਰਾਂ ਦੇ ਦਰਸਨ ਦਾ ਦਰਸਨ ਕਰਨ ਨਾਲ (ਦਿਬ) ਸੁੱਧ ਦ੍ਰਿਸਟੀ ਪ੍ਰਗਾਸ ਹੋਈ ਹੈ ਭਾਵ ਜਦ ਗੁਰਾਂ ਦਾ ਦਰਸ਼ਨ ਕੀਤਾ ਤਾਂ ਸੋਝੀ ਨਿਰਮਲ ਹੋ ਗਈ ਸਭ ਨੂੰ ਸਮ ਵੇਖਣ ਲਗ ਪਏ ਫਿਰ ਸਿਖ ਨੂੰ ਗੁਰਾਂ ਨੇ ਅਧਿਕਾਰੀ ਦੇਖਕੇ ਭਾਵ ਜੋ ਉਪਦੇਸ਼ ਦੀ ਲਾਇਕ ਦੇਖਕੇ ਅੰਮ੍ਰਿਤ ਕਟਾਛਨ (ਕੈ) ਕਿਰਪਾ ਦ੍ਰਿਸ਼ਟੀ ਕੀਤੀ ਤਾਂ ਅਮਰ ਜੋ ਮਰੇ ਨਾ ਉਸ (ਪਦ) ਦੀ ਪਦਵੀ ਨੂੰ ਪਾ ਲਿਆ ਭਾਵ ਉਸ ਪਦ ਨੂੰ ਪਹੁੰਚ ਗਏ ਭਾਵ ਵਾਹਿਗੁਰੂ ਨੂੰ ਪਾ ਲਿਆ ॥

ਸਬਦ ਸੁਰਤਿ ਅਨਹਦ ਨਿਝਰ ਝਰਨ
ਸਿਮਰਨ ਮੰਤ੍ਰ ਲਿਵ ਉਨਮਨ ਛਾਏ ਹੈਂ ।

ਅਤੇ ਜਦ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤ) ਸ੍ਰੇਸ਼ਟ ਪ੍ਰੀਤੀ ਕਰੀ ਤਾਂ (ਅਨਹਦ) ਇਕ ਰਸ (ਨਿਝਰ) ਬ੍ਰਹਮਾਨੰਦ ਦਾ ਅਨਹਦ (ਝਰਨ) ਝਰਨਾ ਝਰਿਆ ਭਾਵ ਜਦ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕੀਤੀ ਤਾਂ ਵਾਹਿਗੁਰੂ ਦਾ ਅਨੰਦ ਆਇਆ ਅਤੇ ਜਿਸ ਵਕਤ ਸਤਿਨਾਮ ਮੰਤ੍ਰ ਦਾ ਸਿਮਰਨ ਕੀਤਾ ਤਾਂ ਜਿਸਨੇ ਮੰਤ੍ਰ ਸਤਨਾਮ ਸਿਮਰਨ ਕੀਤਾ (ਉਸਦੀ) ਲਿਵ ਬ੍ਰਿਤੀ (ਉਨਮਨ) ਸਹੀਆ ਪਦ ਵਾਹਿਗੁਰੂ ਵਿਚ (ਛਾਏ ਹੈ) ਇਸਥਿਤ ਹੋਗਈ ਭਾਵ ਨਾਮ ਵਲ ਪ੍ਰੀਤੀ ਲਗ ਗਈ ॥

ਮਨ ਬਚ ਕ੍ਰਮ ਹ੍ਵੈ ਇਕਤ੍ਰ ਗੁਰਮੁਖ ਸੁਖ
ਪ੍ਰੇਮ ਨੇਮ ਬਿਸਮ ਬਿਸ੍ਵਾਸ ਉਪਜਾਏ ਹੈਂ ॥੫੫॥੮੯॥

(ਗੁਰਮੁਖ) ਗੁਰਾਂ ਦੁਆਰਾ ਕਿਆ ਗੁਰਾਂ ਕਰਕੇ ਜਿਸਨੇ ਸੁਖ ਰੂਪ ਵਾਹਿਗੁਰੂ ਵਿਚ (ਨਿਯਮ) ਰੋਜ਼ ਜਾਕੇ ਪ੍ਰੇਮ ਨਾਲ ਦਰਸਨ ਕਰਨ ਦਾ ਵਾ ਪ੍ਰੇਮ ਦਾ ਨੇਮ ਕੀਤਾ ਹੈ ਉਹਨਾਂ ਨੂੰ (ਬਿਸਮ) ਝੂਠੇ ਸੰਸਾਰ ਤੋਂ ਵਾਹਿਗੁਰੂ ਦਾ ਅਸਚਰਜ ਕਿਆ ਸਤ ਭਰੋਸਾ (ਉਪਜਾਏ) ਪਰਗਟ ਹੋ ਆਇਆ ਭਾਵ ਵਾਹਿਗੁਰੂ ਨੂੰ ਜਾਣ ਲਿਆ ਵਾ ਗੁਰਮੁਖਾਂ ਨੇ ਸੁਖੇਨ ਹੀ ਪ੍ਰੇਮ ਨੇਮ ਕਰਕੇ ਤੇ (ਬਿਸਮ) ਹੋਰਾਂ ਦਾ ਰੂਪ ਸੰਸਾਰ ਝੂਠੇ ਹੈ ਨਹੀਂ ਜਾਣਕੇ ਵਾਹਿਗੁਰੂ ਵਿਚ ਸਦਾ ਯਕੀਨ ਕੀਤਾ ਕਿ ਵਾਹਿਗੁਰੂ ਸਭ ਹੈ ਤੇ ਹੋਰ ਨਾਸਵੰਤ ਹੈ ॥ ੫੫ ॥ ੮੯ ॥

ਗੁਰਮੁਖ ਆਪਾ ਖੋਇ ਜੀਵਨ ਮੁਕਤਿ ਗਤਿ
ਬਿਸਮ ਬਿਦੇਹ ਗੇਹ ਸਮਤਿ ਸੁਭਾਉ ਹੈ।

ਜਿਨ੍ਹਾਂ ਨੇ (ਗੁਰਮੁਖ) ਗੁਰਾਂ ਦੁਆਰਾ ਵ ਜਿਨਾਂ ਗੁਰਮੁਖਾਂ ਨੇ (ਆਪਾ) ਹੰਕਾਰ ਨੂੰ ਖੋਇਆ ਓਨ੍ਹਾਂ ਨੂੰ ਹੀ ਜੀਵਨ ਮੁਕਤੀ (ਗਤਿ) ਪ੍ਰਾਪਤ ਹੋਈ ਵਾ ਜਿਨ੍ਹਾਂ ਨੇ (ਗੇਹ) ਘਰ ਵਿਚ ਰਹਿਕੇ ਹੀ (ਸਮਤਿ ਸੁਭਾਉ) ਸਮ ਸੁਭਾਉ ਰਖਿਆ ਹੈ ਕਿਆ ਸਭਨੂੰ ਬਰਾਬਰ ਦ੍ਰਿਸ਼ਟੀ ਨਾਲ ਦੇਖਦੇ ਹਨ ਐਸੀ ਜਿਨਾਂ ਦੀ ਬ੍ਰਿਤੀ ਵਾਹਿਗੁਰੂ ਵਲ ਲਗ ਗਈ ਹੈ ਅਰ ਉਸੇ ਦਾ ਹੀ ਰੂਪ ਸਾਰਾ ਬਨ ਗਏ ਹਨ ਓਹ ਹੰਕਾਰ ਨੂੰ ਦੂਰ ਕਰਕੇ ਜੀਵਨ ਮੁਕਤ ਹੋਏ ਅਤੇ (ਬਿਦੇਹ) ਦੇਹ ਹੰਕਾਰ ਤੇ ਰਹਿਤ ਹੋਏ ਹਨ ਵਾ (ਬਿਸਮ) ਅਸਚਰਜ ਜੀਵਨ ਮੁਕਤੀ ਵਾਲੇ ਹੋਏ ਹਨ ਘਰ ਵਿਚ ਰਹਿੰਦਿਆਂ ਹੀ।

ਨੋਟ-ਬਿਦੇਹ ਦਾ ਅਖਰੀ ਅਰਥ-ਜਿਸਨੂੰ ਆਪਣੀ ਦੇਹ ਦੀ ਸੁਧ ਨਾ ਰਹੇ ਭਾਵ ਕਿਆ ਕਿ ਸੰਸਾਰਵਲੋਂ ਬ੍ਰਿਤੀ ਉਲਟਾਕੇ ਵਾਹਿਗੁਰੂ ਵਲ ਲਾ ਲਵੇ ਅਤੇ ਸਰੀਰਦੀ ਭੁਖ ਖਬਰ ਨਾ ਰਹੇ ਕਿ ਭਾਵੇਂ ਕੋਈ ਮਾਰੇ ਭਾਵੇਂ ਕੁੱਟੇ ਪੁਨ ਓਨਾਂ ਗੁਰਮੁਖਾਂ ਦੇ ਸਮ ਸੁਭਾਉ ਦਾ ਅਗੇ ਵਰਨਨ ਕਰਦੇ ਹੈਂ

ਜਨਮ ਮਰਨ ਸਮ ਨਰਕ ਸੁਰਗ ਅਰ
ਪੁੰਨ ਪਾਪ ਸੰਪਤ ਬਿਪਤ ਚਿੰਤਾ ਚਾਉ ਹੈ।

ਜੰਮਣ ਮਰਣ ਭੀ ਓਹਨਾਂ ਨੂੰ ਬਰਾਬਰ ਹੈ ਅਤੇ ਨਰਕ ਸੁਰਗ ਭੀ (ਸਮ) ਬਰਾਬਰ ਹੈ (ਅਰ) ਫਿਰ ਪੁੰਨ ਪਾਪ ਭੀ ਬਰਾਬਰ ਹੈ ਤੇ (ਸੰਪਤ) ਰਾਜ ਭਾਗ ਐਸ੍ਵਰਜ ਦੀ ਬਿਭੂਤੀ ਅਤੇ (ਬਿਪਤ) ਬਿਪਤਾ ਰਾਜ ਭਾਗ ਦੂਰ ਹੋ ਜਾਣਾ ਕੰਗਾਲ ਨੂੰ ਤਲੇਜਾਣਾ ਫਕੀਰ ਬਣ ਜਾਣਾ ਇਹ ਭੀ ਓਨਾ ਨੂੰ ਬਰਾਬਰ ਹੈ ਭਾਵ ਫਕੀਰੀ ਵਿਚ ਰੋਂਦੇ ਨਹੀ ਅਤੇ ਰਾਜ ਭਾਗ ਵਿਚ ਖੁਸ਼ੀ ਨਹੀ ਚਿੰਤਾ ਅਤੇ (ਚਾਉ) ਅਨੰਦ ਭੀ ਬਰਾਬਰ ਹੈ ॥

ਬਨੁ ਗ੍ਰਿਹ ਜੋਗ ਭੋਗ *ਲੋਗ ਬੇਦ ਗਿਆਨ ਧਿਆਨ
ਦੁਖ ਸੁਖ ਸੋਗਾਨੰਦ ਮਿਤ੍ਰ ਸੱਤ੍ਰ ਤਾਉ ਹੈ।

(ਬਨ) ਜੰਗਲ (ਗ੍ਰਿਹ) ਘਰ ਇਹ ਭੀ ਓਨਹਾਂ ਨੂੰ ਬਰਾਬਰ ਹਨ ਅਤੇ (ਜੋਗ) ਜੋਗ ਦੀ ਸਮਾਧੀ ਵਿਚ ਜੁੜਨਾ ਤੇ (ਭੋਗ) ਭੋਗਾਂ ਨੂੰ ਭੋਗਣਾ

---

*ਲੋਗ ਦਾ ਅਖਰੀ ਅਰਥ ਲੋਕ ਭੀ ਹੈ ਅਤੇ ਲੋਕਾਚਾਰ ਦੀ ਮਰਯਾਦਾ ਆਪਣੀ ਅਰਥ ਹੈ ਇਸ ਵਾਸਤੇ ਲੋਗ ਦੇ ਬੇਦ ਨਾਲ ਸਾਂਝੇ ਅਰਥ ਕੀ ਹੋਇਆ ਹੈ ॥

ਜਾ ਲੋਕ ਵਿਚ ਰਹਿਕੇ ਫਿਰ ਭੀ ਉਨ੍ਹਾਂ ਨੂੰ ਬਰਾਬਰ ਹਨ ਅਤੇ (ਲੋਗ) ਆਸਰੂ ਕ (ਬੇਦ) ਵੇਦ ਇਹ ਭੀ ਬਰਾਬਰ ਹਨ ਕ ਲੋਕ ਤੇ ਵੇਦ ਬਰਾਬਰ ਹਨ ਭਾਵ ਜੀ ਕਿ ਵੇਦ ਸਾਸਤ੍ਰ ਲੋਕ ਉਨਾਂ ਨੂੰ ਬਰਾਬਰ ਹਨ ਅਤੇ ਇਨਾਂ ਨੂੰ ਕੋਈ ਮੰਨਦੇ ਨਹੀਂ ਅਤੇ (ਗਿਆਨ) ਜਾਨਣਾ ਨਾ ਜਾਨਣਾ ਤੇ (ਧਿਆਨ) ਧਿਆਨ ਲਾਉਣਾ ਨਾ ਲਾਉਣਾ ਅਤੇ ਦੁਖ ਤੇ ਸੁਖ ਅਤੇ (ਸੋਗ ਨੰਦ) ਸੋਗ ਤੇ ਅਨੰਦ ਇਤ੍ਯਾਦਿਕ ਭੀ ਬਰਾਬਰ ਹਨ ਅਤੇ ਮਿਤ੍ਰ ਸਤ੍ਰ ਦਾ (ਭਾਉ) ਭਾਵ ਉਨਾਂ ਦੀ ਬਰਾਬਰ ਹੈ ਭਾਵ ਜਿਆ ਜਿ ਕਿਸ ਸਤ੍ਰ ਵੈਰੀ ਨੇ ਅਗਨ ਕੇ ਤਪਾ ਦਿਤਾ ਤਾਂ ਤਪਣਾ ਨਹੀਂ ਜੇਕਰ ਮਿਤ੍ਰ ਦੋਸਤ ਨੇ ਸੀਤੀ ਕਰ ਦਿਤਾ ਤਾਂ ਉਸ ਨਾਲ ਰਾਜ਼ੀ ਨਹੀਂ ਹੋਂਦਾ ਭਾਵ ਵੈਰੀ ਤਪਾਉਨ ਵਾਲੇ ਨੂੰ ਬੁਰਾ ਨਹੀਂ ਜਾ ਣਦਾ ਅਤੇ ਮਿਤ੍ਰ ਸੀਤਲ ਕਰਾਉਨ ਵਾਲੇ ਨੂੰ ਭਲਾ ਨਹੀਂ ਜਾਣਦਾ ਇਕੋ ਜਿਹਾ ਸੁਭਾਉ ਰਖਦਾ ਹੈ ॥

ਲੋਸਟ ਕਨਕ ਬਿਖ ਅੰਮ੍ਰਿਤ ਅਗਨਿ ਜਲ ਸਹਜ ਸਮਾਧਿ ਉਨਮਨ ਅਨਰਾਗੀ ਹੈ।ਪੰਡੇ॥੯੦॥

(ਲੋਸਟ) ਲੋਹਾ ਪਰ ਲੋਹਾ ਨਹੀਂ ਅਰਥ ਲਗਦਾ ਕਿਉਂਕਿ ਲੋਹਾ ਬਹੁਤ ਕੰਮ ਆਉਂਦਾ ਹੈ ਇਸ ਵਾਸਤੇ ਇਸ ਜਗਾ ਇਹ ਅਰਥ ਹੈ ਕਿ ਜਿਸ ਮਿਟੀ ਨਾਲ ਮੈਦਾਨ ਹੋਕੇ ਹਥ ਸੁਚੇਤ ਕਰੀਦੇ ਨੇ ਉਸ ਮਿਟੀ ਦਾ ਨਾਮ ਹੈ ਕਿਉਂ ਕਿ ਓਹ ਮਿਟੀ ਕਿਸੇ ਕੰਮ ਨਹੀਂ ਆਉਂਦੀ ਇਸ ਵਾਸਤੇ ਉਨਾਂ ਨੂੰ ਲੋਸਟ ਤੇ (ਕਨਕ) ਸੋਨਾ ਭੀ ਬਰਾਬਰ ਹੈ ਅਤੇ ਬਿਖ ਤੇ ਅਮ੍ਰਿਤ ਵੀ ਬਰਾਬਰ ਹੈ ਅਤੇ ਅਗਨੀ ਤੇ ਪਾਣੀ ਭੀ ਇਨਾਂ ਨੂੰ ਬਰਾਬਰ ਹੈ ਇਹ ਗਿਆਨਵਾਨ ਦੀ ਦ੍ਰਿਸਟੀ ਹੈ ਜੈਸੇ ਜਨਕ ਰਾਜੇ ਨੇ ਸੁਖਦੇਉ ਨੂੰ ਇਕ ਪੈਰ ਅਗਨੀ ਵਿਚ ਸੜਦਾ ਦਸਿਆ ਸੀ ਅਤੇ ਦੂਸਰੇ ਪੈਰ ਨੂੰ ਵੇਖਦਾ ਸੁੰਦਰ ਇਸਤ੍ਰੀਆਂ ਝਸ ਰਹੀਆਂ ਆਸਾਂ ਉਸ ਉਪਰ ਕਰਦ ਨਹੀਂ ਸੀ ਉਪਰ ਸੁਖ ਨਹੀਂ ਸੀ ਇਹ ਸਮ ਸੁਭਾਉ ਸੁਭਾਵਕ ਹੀ ਰਹੀਦਾ ਹੈ ਜੋ (ਉਨਮਨ) ਤੁਰੀਆ ਪਦ ਵਾਹਿਗੁਰੂ ਦੀ ਸਮਾਧੀ ਵਿਚ ਸਹਜੇ ਹੀ (ਅਨੁਰਾਗ) ਪ੍ਰੇਮ ਕਰਕੇ (ਮਗਨ) ਮਸਤ ਹੋਏ ਰਹਿੰਦੇ ਹਨ ਭਾਵ ਜਿਨਾਂ ਦੀ ਵਾਹਿਗੁਰੂ ਦੇ ਨਾਮ ਵਿਚ ਸਮਾਧੀ ਲਗੀ ਹੈ ਓਹੋਹੀ ਓਥੇ ਮਸਤ ਹੋਏ ਹਨ ਤੇ ਓਹਨਾਂ ਦੀ ਹੀ ਐਸੀ ਸਮ ਦ੍ਰਿਸਟੀ ਹੋਈ ਹੈ ਜੈਸੀ ਕਿ ਪਿਛੇ ਕਥਨ ਕੀਤੀ ਹੈ ॥ ਪ੍ਰਸੰ ॥ ੯੦ ॥

ਸਫਲ ਜਨਮ ਗੁਰਮੁਖ ਹ੍ਵੈ ਜਨਮ ਜੀਤਿਓ ਚਰਨ ਸਰਨਿ ਗੁਰ ਮਾਨਤਾ ਮਫਨ ਕੈ।

ਆਪ ਆਖਦੇ ਹਨ ਕਿ ਜੋ ਪਿਛੇ ਇਸ ਕਬਿਤ ਵਿਚ ਅਵਗਨ ਕੋਈ

ਕਿ ਖਾਹਿਸ਼ਾਂ ਵਿਚ ਗੁਰਮੁਖ ਮਸਤ ਹੋਏ ਰਹਿੰਦੇ ਹਨ ਉਨ੍ਹਾਂ ਦਾ ਅੰਤ ਕਰ ਜਨਮ ਦੀ ਭਾਵ ਅਤੇ ਅੰਗ ਸਫਲ ਹਨ ਪਰ ਨਾਲਹੀ ਆਪ ਸ਼ੰਕਾ ਕਰਦੇ ਹਨ ਕਿਸ ਵਜ੍ਹਾ ਨਾਲ ਅੰਗ ੨ ਉਹਨਾਂ ਦੇ ਸਫਲ ਹਨ ਕਿਸੀ ਪਰ ਆਪ ਸਮਝਾ ਦਿੰਦੇ ਹਨ ਕਿ ਉਹਨਾਂ ਗੁਰਮੁਖਾਂ ਨੇ ਗੁਰਾਂ ਦਵਾਰੇ ਹੋਕੇ ਭਾਵ ਗੁਰਾਂ ਨਾਲ ਮਿਲ ਕੇ (ਜਨਮ) ਜਨਮ ਮਰਨ ਨੂੰ (ਜੀਤਿਓ) ਜਿਤ ਲਿਆ ਕਿਆ ਕਮੀਨਾ ਕ੍ਰਤ ਲਿਆ ਹੈ ਅਪਨੀ ਇਛਾ ਅਨੁਸਾਰ ਉਪਕਾਰ ਵਾਸਤੇ ਜਨਮ ਧਾਰਦੇ ਹਨ ਅਤੇ ਅਪਨੀ ਇਛਾ ਅਨੁਸਾਰ ਜੋਤੀ ਜੋਤ ਸਮਾ ਜਾਂਦੇ ਹਨ

ਜਥਾ 'ਸੂਹੀ' ਗੁਰੂ ੫

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।

ਉਨ੍ਹਾਂ ਗੁਰਮੁਖਾਂ ਨੇ ਜੋ ਆਪਨਾ ਜਨਮ ਜਿਤਿਆ ਹੈ ਇਸੀ ਵਾਸਤੇ ਉਨ੍ਹਾਂ ਦਾ ਜਨਮ ਸਫਲਾ ਹੋਇਆ ਹੈ ਵਾ ਕੀਤਾ ਹੈ। ਆਪ ਸ਼ੰਕਾ ਕਰਦੇ ਹਨ ਕਿ ਜਨਮ ਹੀ ਆਪਨੇ ਕਹਿ ਦਿਤਾ ਅਤੇ ਅੰਗ ਅੰਗ ਨਾ ਕਹੇ ਜਿਸ ਪਰ ਉੱਤਰ ਦੇਂਦੇ ਹਨ ਕਿ ਚਰਨ ਉਨ੍ਹਾਂ ਗੁਰਮੁਖਾਂ ਨੇ ਸਫਲ ਕੀਤੇ ਹਨ ਜੋ (ਗੁਰਮਾਰਗ) ਭਾਵ ਸ੍ਰੀ ਗੁਰੂ ਦੇ ਰਸਤੇ (ਚਵਨੇ) ਚਲਨਾ (ਕੈ) ਕੀਤਿਆ ਵ ਜਾ ਕਰਕੇ॥

ਲੋਚਨ ਸਫਲ ਗੁਰ *ਦਰਸ ਅਵਲੋਕਨ ਕੈ
ਮਸਤਕ ਸਫਲ ਰਜ ਪਦ ਗਵਨ ਕੈ।

ਅਤੇ (ਲੋਚਨ) ਨੇਤਰ ਸਫਲ ਕੀਤੇ ਹਨ ਗੁਰਾਂ ਦਾ (ਦਰਸ ਅਵਲੋਕਨ ਕੈ) ਦਰਸ਼ਨ ਕਰਕੇ ਭਾਵ ਦਰਸ਼ਨ ਕਰਕੇ (ਕੈ) ਕਰਕੇ ਅਤੇ ਜਿਸ ਨਹੀਂ ਗੁਰਮੁਖਾਂ ਨੇ (ਪਦ) ਚਰਨਾਂ (ਕੈ) ਕਰਕੇ (ਗਵਨ) ਜਾਣਾ ਕੀਤਾ ਹੈ ਜਿਥੇ ਦੀ ਗੁਰੂ ਜੀ ਕੇ ਗੁਰਮੁਖ ਲੰਘੇ ਨੇ ਉਸ ਥਾਂ ਦੀ (ਰਜ) ਧੂੜੀ ਮਥੇ ਤੇ ਲਾਕੇ ਮਸਤਕ ਸਫਲ ਕੀਤਾ ਹੈ॥

ਹਸਤ ਸਫਲ ਨਮ ਸਤਿਗੁਰ *ਬਾਣੀ ਲਿਖੇ
ਸੁਰਤ ਸਫਲ ਗੁਰ ਸਬਦ ਸ੍ਰਵਨ ਕੈ।

ਅਤੇ ਹਥ ਸਫਲ ਕੀਤੇ ਹਨ ਗੁਰਾਂ ਨੂੰ (ਨਮ) ਨਮਸਕਾਰ ਕਰਨੇ ਕਰ ਵਾ (ਗੁਰ ਬਾਣੀ) ਗੁਰੂ ਦੀ ਉਚਾਰੀ ਹੋਈ ਬਾਣੀ ਲਿਖਣ ਨਾਲ ਹਥ ਸਫਲ ਕੀਤੇ ਹਨ ਜੈਸੇ ਆਪ ਨੇ ਵਾ ਗੁਰੂ ਗ੍ਰੰਥ ਸਾਹਿਬ ਜੀ ਪਹਲੇ ਗੁਰੂ ਧਾਰਨ

---

*ਏਹ ਸੁਰ ਸੰਬੰਧੀ ਹੈ ਏਕ ਜਾਤੀ ਕੇ ਦੋ ਸੁਰ ਮਿਲਣੇ ਸੇ ਦੀਰਘ ਹੋਤਾ ਹੈ॥

*ਆਪ ਨੇ ਗੁਰਬਾਣੀ ਦੇ ਲਿਖਾਰੀ ਸਨ ਅਤੇ ਹੋਰਨਾਂ ਨੂੰ ਭੀ ਉਪਦੇਸ਼ ਦਿਤਾ ਕਰਦੇ ਸਨ॥

ਸਾਹਿਬ ਕੋ ਇ ਸੁਖ ਸੁਆਂਙਾ ਉਚਰਿਆਂ ਹੋਇਆ ਲਿਖਿਆ ਸੀ ਅਤੇ (ਸੁਰਤ) ਜੋ ਇਹ ਸਫਲ ਕੀਤੇ ਹਨ ਗੁਰਾਂ ਦਾ ਉਪਦੇਸ਼ ਦ(ਸਬਦ) ਉਪਦੇਸ਼ ਕਰਦਿਆਂ ਸੁਣਕਰ (ਸੁਣਨ ਕੈ) ਸੁਣਨ ਸੇਵ ਸੁਣਨ ਕਰਕੇ ॥

ਸੰਗਤਿ ਸਫਲ ਗੁਰ ਸਿਖ ਸਾਧ ਸੰਗਮ ਕੈ
ਪ੍ਰੇਮ ਨੇਮ ਕੀਮਤਿ ਤ੍ਰਿਕਾਲ ਤ੍ਰਿਭਵਨ ਕੋਪ੍ਰਾ॥੯੧॥

ਉਨ੍ਹਾਂ ਦੀ ਸੰਗਤ ਭੀ ਸਫਲੀਹੈ ਜੋ(ਸਾਧ)ਸ੍ਰੇਸ਼ਟ ਗੁਰੂ ਕੇ ਸਿਖਾਂ ਦੀ ਸੰਗਤ (ਸੰਗਮ) ਕਰਦੇ ਹਨ ਭਾਵ ਜੋ ਗੁਰੂ ਕੇ ਸਿਖਾਂ ਦੇ ਨਾਲ ਰਹਿੰਦੇ ਹਨ ਇਸ ਵਾਸਤੇ ਉਹਨਾਂ ਦੀ ਸੰਗਤ ਸਫਲ ਹੈ ਪਰ ਸੇਵਾ ਕਰਨ ਦੀ ਕਰਦੇ ਹਨ ਜੋ ਉਤਰ ਪ੍ਰੇਮ ਦਾ ਨਿਯਮ ਕਰਦੇ ਹਨ 'ਫਲ ਉਸ ਪ੍ਰੇਮ ਨੇਮ ਦਾ' ਜੋ ਤ੍ਰਿਲੋਕੀ ਨੂੰ ਤਿੰਨਾਂ ਸਮਿਆਂ ਦੀ ਅਤੇ ਤਿੰਨਾਂ ਭਵਨਾਂ ਦੀ (ਕੀਮਤਾ) ਖਬਰ ਅੰਗੀਕਾਰਤਾ ਰਖਦੀ ਹੋ ਦਾ ਅੰਗੀਕਾਰਤਾ ਕਰਕੇ ॥ ੫੨॥ ੯੧॥

ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ
ਸਹਜ ਸਮਾਧਿ ਸੁਖ ਸੰਪਟ ਸਮਾਨੇ ਹੈਂ ॥

ਅਬ ਆਪ ਉਹਨਾ ਗੁਰਮੁਖਾਂ ਦਾ ਵਰਨਨ ਕਰਦੇ ਹਨ ਜੋ ਗੁਰਮੁਖਾਂ ਨਾਲ ਮਿਲ ਕੇ ਗੁਰਾਂ ਦੀ ਚਰਨ ਸਰਨ ਆਏ ਹਨ ਤੇ ਪ੍ਰੇਮਾ ਭਗਤੀ ਕੀਤੀ ਹੈ ਜੋ ਸਿਖ ਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ ਰਸ) ਪ੍ਰੇਮਾਭਗਤੀ ਵਿਚ ਲੁਭਾਇਮਾਨ ਹੋਏ ਹਨ ਅਤੇ (ਸਹਿਜ) ਅਫੁਰ ਸਮਾਧੀ ਦਾ (ਸੰਪਟ) ਡਬਾ ਜੋ ਸੁਖ ਰੂਪ ਹੈ ਉਸ ਵਿਚ ਸਮਾਂਦੇ ਹਨ ॥ ਜੈਸੇ ਭੌਰਾ ਕਮਲਾਂ ਦੀ (ਮਕਰੰਦ) ਸੁਗੰਧੀ ਲੈਣ ਵਾਸਤੇ (ਸੰਪਟ) ਫੁਲਾਂ ਰੂਪੀ ਡਬੇ ਵਿਚ ਸਮਾਂਦਾ ਹੈ ਭਾਵ ਭੌਰਾ ਫੁਲਾਂ ਦੀ ਵਾਸਨਾ ਉਪਰ ਲੁਭਾਇਆ ਹੋਇਆ ਵਿਚ ਹੀ ਮੀਟਿਆ ਜਾਂਦਾ ਹੈ ਇਸੇ ਤ੍ਰਾਂ ਸਿਖ ਭੌਰੇ ਵਤ ਗੁਰਾਂ ਦੇ ਚਰਨਕਮਲਾਂ ਦੀ ਪ੍ਰੇਮਾ ਭਗਤੀ ਵਿਚ ਲੁਭਾਇਮਾਨ ਕਿਆ ਲਗੇ ਹੋਇਨੇ ਜੋ (ਸਹਜ) ਅਫੁਰ ਅਕਾਲਪੁਰਖ ਸੁਖ ਰੂਪ ਵਿਚ ਸਮਾਧੀ ਲਾਕੇ ਸਮਾਏ ਰਹਿੰਦੇ ਹਨ ਭਾਵ ਗੁਰਾਂ ਦੇ ਪਾਸ ਸਿਖ ਨਾਮ ਜਪਦੇ ਹਨ ॥

ਓਹ ਦਾ ਦ੍ਰਿਸ਼ਟਾਂਤ ਸੀ ਅਤੇ ਗੁਰੂ ਨੇ ਸਿਖਾਂ ਦਾ ਦ੍ਰਿਸ਼ਟਾਂਤ ਹੀ ਅਤੇ [illegible] ਤੇ ਕਮਲ ਵਿਚ ਹੀ ਪੰਗਤੀ ਦੇ ਸਨ ਤੇ ਭੌਰਾ ਉਪਰੋਂ [illegible] ਦਿਆਂ ਹੈ ॥

ਜੈਸੇ ਜਲ ਭਯਾਨਕ ਲਹਰ ਨ ਬਿਆਪੈ
ਅਬਿਦਿਆ ਨਿਵਾਰ ਏਕ ਟੇਕ ਠਹਿਰਾਨੇ

ਜਿਸ ਤਰਾਂ ਉਸ ਭੌਰੇ ਨੂੰ ਜਲ ਤੇ ਫੁਲੀ ਹੋਈ ਵਿਚ ਸਮਾਇਆਂ ਹੋਇਆਂ ਭਾਵ ਖੀਰਿਆਂ ਹੋਇਆਂ (ਜਲ) ਪਾਣੀ ਦਾ (ਭੈ) ਡਰ ਅਤੇ (ਭਰਨਿਕ) ਭਰ ਵਾਲੀਆਂ ਲਹਿਰਾਂ (ਬਿਆਪ) ਪੋਹ (ਦੁ ਦਖਾ) ਨਹੀਂ ਸਕਦੀਆਂ ਤਾਤਪਰਜ ਭੌਰੇ ਨੂੰ ਕਮਲ ਵਿਚ ਲੁਕਿਆ ਹੋਇਆ ਪਾਣੀ ਡੋਬ ਨਹੀਂ ਸਕਦਾ ਇਸੀ ਤਰਾਂ ਗੁਰਾਂ ਦੇ ਚਰਨ ਕਮਲਾਂ ਦੀ ਪ੍ਰੇਮਾ ਭਗਤੀ ਵਿਚ ਲੁਭਾਇਮਾਨ ਹੋਇਆਂ ਅਤੇ ਉਹ ਸੁਖ ਰੂਪ ਤਬਾ ਜੋ ਹੈ ਉਸ ਵਿਚ ਗਉਰ ਸਮਾਧੀ ਲਾਇਆ ਹੋਇਆਂ (ਜਲ) ਮਤਲਬ ਸੰਸਾਰ ਦੇ ਡਰ ਵਾਲੇ ਡਰਾ ਨਹੀਂ ਸਕਦੇ ਅਤੇ (ਲਹਿਰਾਂ) ਤ੍ਰਿਸ਼ਨਾਂ ਡਰਵਾਲੀਆਂ (ਬਿਆਪ) ਤੰਗ ਨਹੀਂ ਸਕਦੀਆਂ ਜਿਸਤਰਾਂ ਭੌਰਾ ... ਹੈ ਨਹੀਂ ਸੀ ਜਾਂਦਾ ਅਤੇ ਨਾ ਉਸਨੂੰ ਕੋਈ ਦੁਖ ਪਹੁੰਚ ਸਕਦਾ ਸੀ ਕਿਉਂਕਿ ਇਕ ਪਾਸੇ ਉਸ ਨੇ ਕਮਲ ਦੀ ਲਗੀ ਹੋਈ ਸੀ ਇਸੀ ਤਰਾਂ ਗੁਰਸਿਖ ਨੂੰ ਤ੍ਰਿਸ਼ਨਾ ਤੇ ਡਰ ਦੇ ਲਿਪੀਆਂ ਵਾਲੇ ਸੰਸਾਰ ਨੂੰ ਮਨ ਵਿਚੋਂ ਹਟਾਕੇ ਅਤੇ ਇਕ (ਏਕ) ਓਟ ਕਿਆ ਦੂਰਤਾ (ਨਹਿਰਾਨੇ) ਕਿਆ ਲਿਆਏ ਨੇ "ਏਕੋ" "ਇਹ ਸੰਸਾਰ ਹਰਿਜਾ ਰੂਪ ਹੈ" ਭਾਵ ਸਾਰੇ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਜਾਣਿਆ ਹੈ।

ਦ੍ਰਿਸ਼ਟਿ *ਸਬਦ ਸੁਰਤਿ ਬਰਜ ਬਿਸਰਜਤ
ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰ ਆਨੇ ਹੈ।

ਆਪ ਸ਼ੰਕਾ ਕਰਦੇ ਹਨ ਕਿ ਓਹਨਾਂ ਨੂੰ ਪਛਾਣ ਕੈਸੇ ਸਕੀਏ ਜਿਨ੍ਹਾਂ ਕਰਕੇ ਜਾਣਿਆਂ ਜਾਂਦਾ ਹੈ ਸਾਨੂੰ ਕਿਆ ਪਤਾ ਲਗੇ ਜੋ ਓਹ ਸਮਾਏ ਹੋਏ ਹਨ ਸੋ ਇਸਕਾ ਉੱਤਰ ਆਪ ਦੇਂਦੇ ਹੈਂ ਕਿ (ਦ੍ਰਿਸ਼ਟਿ) ਨਜ਼ਰ ਜੋ ਦੁਰਾਚਾਰ ਵਾਲੀ (ਬਰਜ) ਰੋਕ ਦਿਤੀ ਹੈ ਭਾਵ ਮਾੜੀ ਨਜ਼ਰ ਨਾਲ ਕਿਸੇ ਨੂੰ ਨਹੀਂ ਵੇਖਦੇ ਅਤੇ (ਸੁਰਤ) ਕੰਨ ਜੋ ਨੇ ਇਹਨਾਂ ਨੂੰ (ਸਬਦ) ਖਿਆਲ ਚੋਟਾਂ ਦੇ ਮਾੜਿਆਂ ਗਾਉਣਾਂ ਵਲੋਂ ਅਤੇ ਮਿਰਜ਼ੇ ਸਾਹਿਬਾਂ ਤੇ ਹੀਰ ਦੇ ਟਪਿਆਂ ਵਲੋਂ (ਬਿਸਰਜਤ) ਰੋਕ ਰਖਿਆ ਹੈ ਅਤੇ ਗੁਰਾਂ ਦੇ ਉਪਦੇਸ਼ ਵਿਚ ਲਗਾਇਆ ਹੈ ਭਾਵ ਕੰਨ ਮਾੜਿਆਂ ਗੀਤਾਂ ਵਲੋਂ ਹਟਾਕੇ ਗੁਰਾਂ ਦੇ ਸਬਦ ਵਲ ਲਾਏ ਹਨ॥

ਪਰ ਆਪ ਆਖਦੇ ਨੇ ਕਿ ਗੁਰਾਂ ਦੇ ਸ਼ਬਦ ਵਲ ਪ੍ਰੇਮ ਦਾ ਨੇਮ ਕਰਦੇ ਲਗੇ ਹੋਏ ਭਾਵ ਹਟਦੇ ਨਹੀਂ ਹਨ ਅਤੇ (ਬਿਸਮ) ਅਸਚਰਜ (ਬਿਸ੍ਵਾਸ) ਭਰੋਸਾ ਗੁਰਾਂ ਦੇ ਚਰਨ ਕਮਲਾਂ ਦਾ (ਉਰ) ਹਿਰਦੇ ਵਿਚ ਲਿਆਏ ਨੇ॥

ਜੀਵਨ ਮੁਕਤਿ ਜਗ ਜੀਵਨ ਜੀਵਨ ਮੂਲ

---

* ਸਬਦ ਪਦ ਵਿਚਲੀ ਦੀਪਕ ਹੈ ਜੈਸੇ ਦਲੀਜ਼ਾ ਵਿਚ ਦੀਵਾ ਅੰਦਰ ਬਾਹਰ ਦੋਹੀਂ ਥਾਈਂ ਚਾਨਣ ਕਰਦਾ ਹੈ ਇਸੀ ਤਰ੍ਹਾਂ ਸ਼ਬਦ ਪਦ ਦੋਹਾਂ ਪਾਸੇ ਲਿਆ ਜਾਂਦਾ ਹੈ।

ਆਪਾ ਖੋਇ ਹੋਇ ਅਪਰੰਪਰ ਪਰਵਾਨੇ ਹੈਂ ॥ ਪ੯੨॥ ੯੨॥

(ਜਗ ਜੀਵਨ) ਜੋ ਵਾਹਿਗੁਰੂ ਹੈ (ਜੀਵਨ ਮੁਕਤ) ਸੰਸਾਰ ਦੇ ਜੀਆਂ ਦਾ ਕਾਰਨ ਭਾਵ ਜੀਆਂ ਦੇ ਜੀਵਨ ਦੀ ਜੀਵਨ ਮੁਕਤੀ ਦਾ ਕਾਰਨ ਜੋ ਹੈ ਉਸ ਨੇ (ਅਪਰੰਪਰ) ਸੰਸਾਰ ਦਾ ਪਰ ਰੂਪ ਜਿਨ੍ਹਾਂ ਨੇ ਵਾਹਿਗੁਰੂ ਹੈ ਉਸ ਦੇ (ਪਰਵਾਨੇ) ਪਰਵਾਣ ਕੀਤਾ ਆਸਰੇ ਹੋਏ ਹਨ ਅਤੇ (ਆਪਾ) ਹੰਕਾਰ ਨੂੰ (ਖੋਇ) ਦੂਰ ਕਰ ਦਿਤਾ ਹੈ ਉਹ ਗੁਰਮੁਖ ਜੀਵਨ ਮੁਕਤੀ ਦਾ ਆਨੰਦ ਲੈਂਦੇ ਹਨ ਵਾ ਜੀਵਨ ਮੁਕਤੀ ਜੀਉਂਦੇ ਹੀ ਸੰਸਾਰ ਵਿਚ ਹੋਇ ਹਨ ਭਾਵ ਜਗਤ ਨੂੰ ਬਨਾਉਣ ਵਾਲਾ ਜੋ ਵਾਹਿਗੁਰੂ ਹੈ ਗੁਰਮੁਖ ਹੰਕਾਰ ਨੂੰ ਖੋ ਕੇ ਉਸਦੇ ਆਸਰੇ ਹੋਇਨੇ ਇਸ ਵਾਸਤੇ ਜੀਵਨ ਮੁਕਤੀ ਦਾ ਆਨੰਦ ਲੈਂਦੇ ਹਨ ॥ ਪ੯੨॥ ੯੨॥

ਸਰਿਤਾ ਸਰੋਵਰ ਸਲਿਲ ਮਿਲ ਏਕ ਭਏ

ਏਕ ਮੈਂ ਅਨੇਕ ਹੋਤ ਕੈਸੇ ਨਿਰਵਾਰੋ ਜੀ ।

ਆਪ ਸ਼ੰਕਾ ਕਰਦੇ ਹਨ ਕਿ ਜੋ ਗੁਰਮੁਖ ਪਿਛੇ ਆਪ ਨੇ ਵਾਹਿਗੁਰੂ ਦੇ ਨਾਲ ਅਭੇਦ ਕੀਤੇ ਹਨ ਉਹ ਕਿਸੇ ਅਵਿਦਿਆ ਦੇ ਕਰਨ ਨਾਲ ਵਾਹਿਗੁਰੂ ਨਾਲੋਂ ਵਿਛੜ ਭੀ ਸਕਦੇ ਹਨ ਕਿ ਨਹੀਂ ਭਾਵ ਉਹ ਗੁਰਮੁਖ ਕਿਸੇ ਭਰਮ ਭੁਲਾ ਭੁਲਾ ਨਾਲੋਂ ਵਿਛੜਦੇ ਹਨ ਕਿ ਨਹੀਂ ਅਤੇ ਇਹ ਭੀ ਆਖੋ ਕਿ ਫੇਰ ਉਸ ਦਾ ਵਾਹਿਗੁਰੂ ਨਾਲੋਂ ਜੁਦਾ ਨਹੀਂ ਹੁੰਦੇ ਸਨ ਆਪ ਉੱਤਰ ਦੇਂਦੇ ਹਨ ਕਿ ਜੈਸੇ (ਸਰਿਤਾ) ਨਦੀ ਅਤੇ (ਸਿਰੋਵਰ) ਤਲਾਉ ਦੀ (ਸਲਿਲ) ਜਲ ਮਿਲਕੇ ਇਕ ਰੂਪ ਹੋਇਆ ਭਾਵ ਜਦ ਨਦੀ ਤਲਾਉ ਦੋਨੋਂ ਮਿਲਕੇ ਇਕ ਰੂਪ ਹੋ ਜਾਏ ਤਾਂ ਉਹਨਾਂ ਦੇ ਜਲ ਨੂੰ ਅਤੇ ਉਹਨਾਂ ਦਿਆਂ ਨੂੰ ਵਖਰਾ ਕਰਨਾ ਚਾਹੀਏ ਤਾਂ ਵਖਰੇ ਨਹੀਂ ਹੋ ਸਕਦੇ । ਜੋ ਦੋਨੋ ਮਿਲ ਗਏ ਹਨ ਉਹਨਾਂ ਦਿਆਂ ਨੂੰ ਇਕ ਤੋਂ (ਨਿਰਵਾਰੋ ਜੀ), ਵਖੇ ਵਖ ਕਰੇ ਆਂ ਭਲਾ ਸੋ ਉਹ (ਅਨਿਕ) ਅਨੇਕ ਰੂਪ ਕੈਸੀ ਹੋ ਸਕਦੇ ਹਨ ਭਾਵ ਨਦੀ ਭੀ ਸਮੁੰਦ੍ਰ ਵਖਰਾ ਨਹੀਂ ਹੁੰਦਾ ਇਵੇਂ ਗੁਰਮੁਖ ਭਗਤ ਪ੍ਰਭੂ ਨਾਲੋਂ ਵਖਰੇ ਨਹੀਂ ਹੋ ਸਕਦੇ ॥

ਪਾਨ ਚੂਨਾ ਕਾਥਾ ਸੁਪਾਰੀ ਖਾਏ ਸੁਰੰਗ ਭਏ

ਚਹੁੰ ਨ ਉਤਰ ਬਰਨ ਬਿਸਥਾਰੋ ਜੀ ।

ਹੋਰ ਦ੍ਰਿਸ਼ਟਾਂਤ, ਜੈਸੇ ਪਾਨ ਜੋ ਹੈ ਅਤੇ (ਚੂਨਾ) ਜੋ ਹੈ ਅਤੇ ਕਾਥਾ ਤੇ ਸੁਪਾਰੀ ਜੋ ਹਨ ਇਹ ਚਹੁੰਆਂ ਨੂੰ ਮਿਲਾਕੇ ਪਾਨ ਬੀੜਾ ਬਨਾ ਕੇ ਖਾਈਦਾ ਹੈ ਤਾਂ [illegible] ਰੰਗ ਹੁੰਦਾ ਹੈ ਭਾਵ ਇਹਨਾਂ ਚਹੁੰਆਂ ਦੇ ਮਿਲ ਜਾਣ ਨਾਲ [illegible] ਰੰਗ [illegible] ਹੋ ਜਾਂਦਾ ਹੈ ਫਿਰ ਚਾਰ (ਬਰਨ) ਰੰਗਾਂ ਨੂੰ (ਬਿਸਥਾਰੋ ਜੀ) [illegible] ਰੂਪ ਵਖੋ ਵਖ ਹੋ ਸਕਦੇ ਹਨ ਭਾਵ ਨਹੀਂ ਇਹ ਮਿਸਾਲ ਗੁਰਮੁਖਾਂ ਦੀ [illegible]

ਦੇ ਹਰੀ ਨਾਲੋਂ

ਪਾਰਸ ਪਰਸ ਹੋਤ ਕਨਿਕ ਅਨਿਕ ਧਾਤ
ਕਨਿਕ ਮੈਂ ਅਨਿਕ ਨ ਹੋਤ ਚੌਥਾ ਚਾਰੋਂ ਜੀ ।

ਹੋਰ ਦ੍ਰਿਸ਼ਟਾਂਤ-ਜੈਸੇ ਪਾਰਸ ਨੂੰ (ਪਰਸ) ਛੋਹ ਕਰਕੇ ਅਨੇਕਾਂ ਧਾਤੂਆਂ ਪਿੱਤਲ ਆਦਕ (ਕਨਿਕ) ਸੋਨਾ ਹੋ ਜਾਂਦੀਆਂ ਹਨ ਤਾਂ ਫਿਰ ਉਸ (ਕਨਿਕ) ਸੋਨੇ ਨਾਲੋਂ ਓਹ ਜੋ ਅਨਿਕ ਧਾਤੂਆਂ ਸਨ (ਤਾਂਬਾ ਚਾਂਦੀ) ਸਿੱਕਾ ਲੋਹਾ ਪਿੱਤਲ ਸੀ ਅਤੇ ਇਹ ਗਿਲਟ ਜੋ ਓਹ ਹੀ (ਚੌਥਾ ਚਾਰ) ਜਾਤੀਆਂ ਹੁੰਦੀਆਂ ਦੋਆ ਸੋਨਾ ਹੀ ਪਛਾਣ ਕਰੋ ਪਾ ਕਰੀ ਜਾਂਦੀ ਹੈ ਇਸਤ੍ਰਾਂ ਵਾਹਿਗੁਰੂ ਦੇ ਭਗਤ ਵਾਹਿਗੁਰੂ ਨਾਲ ਮਿਲੇ ਹੋਏ ਵਖਰੇ ਨਹੀਂ ਹੋ ਸਕਦੇ ॥

ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ
ਭਗਤ ਜਗਤ ਪਤਿ ਬਿਸਮ ਬਿਚਾਰੋ ਜੀ ॥ ੫੯॥੬੦

ਹੋਰ ਦ੍ਰਿਸ਼ਟਾਂਤ ਜੈਸੇ ਚੰਦਨ ਬ੍ਰਿਛ ਦੀ ਸ੍ਰੇਸ਼ਟ ਵਾਸ਼ਨਾ ਕਰਕੇ ਸਾਰੀ (ਬਨਾਸਪਤੀ) ਫੁਲਵਾੜੀ ਦਾ ਜੋ ਬਾਗ ਬਗੀਚੇ ਆਦਿਕ ਸੰਸਾਰ ਦੇ ਓਹ ਸਭ ਚੰਗੀ ਵਾਸ਼ਨਾ ਵਾਲੇ ਹੋ ਜਾਂਦੇ ਹਨ ਭਾਵ ਜਿਸਤ੍ਰਾਂ ਚੰਦਨ ਦੀ ਵਾਸਨਾ ਨਾਲ ਬਨਾਸਪਤੀ ਵਾਸ਼ਨਾ ਵਾਲੀ ਹੁੰਦੀ ਹੈ ਇਸੀਤ੍ਰਾਂ ਭਗਤ ਗੁਰਮੁਖ ਸੰਤ ਅਤੇ (ਜਗਤ ਪਤਿ) ਗੁਰੂ ਨਾਨਕ, ਵ ਵਾਹਿਗੁਰੂ ਇਕ ਰੂਪ ਹਨ ਇਹ (ਬਿਸਮ) ਅਸਚਰਜ ਵਿਚਾਰ ਹੈ ਸੋ ਤੁਸੀ ਵਿਚਾਰੋ ਜੀ ॥ ੫੮ ॥ ੨੩ ॥

ਨੋਟ ਇਹ ਕਬਿਤ ਸਾਰਾ ਦ੍ਰਿਸ਼ਟਾਂਤ ਵਿਚ ਆਇਆ ਹੈ ਪਰ ਅੰਤ ਦੀ ਪੰਗਤੀ ਦਾਸ਼ਟਾਂਤ ਉਪਰ ਕਹੀ ਹੈ ॥

ਚਤੁਰ ਬਰਨ ਮਿਲ ਸੁਰੰਗ ਤੰਬੋਲ ਰਸ
ਗੁਰ ਸਿਖ ਸਾਧ ਸੰਗ ਰੰਗ ਮੈਂ ਰੰਗੀਲੇ ਹੈਂ ।

ਇਸ ਕਬਿਤ ਨੂੰ ਆਪ ਦ੍ਰਿਸ਼ਟਾਂਤ ਵਿਚ ਵੀ ਅਤੇ ਦਾਸ਼੍ਰਾਂਤ ਵਿਚ ਭੀ ਰਖਦੇ ਹੈਨ ਭਾਵ ਅਧੀ ਪਹਲੀ ਪੰਗਤੀ ਦ੍ਰਿਸ਼ਟਾਂਤ ਵਿਚ ਅਤੇ ਅਗਲੀ ਅਧੀ ਦਾਸ਼ਟਾਂਤ ਵਿਚ ਹੈ ਆਪ ਆਖਦੇ ਹਨ ਕਿ (ਚਤੁਰ ਬਰਨ) ਚਾਰ ਰੰਗ ਮਿਲਕੇ ਸ੍ਰੇਸ਼ਟ ਰੰਗ ਵਾਲਾ ਤੰਬੋਲ ਪਾਨ ਬੀੜਾ (ਰਸ) ਅਨੰਦ ਦਾਇਕ ਹੁੰਦਾ ਹੈ ਭਾਵ ਜਾਂਦੇ ਰੰਗ ਰਲਕੇ ਚੰਗੇ ਰੰਗ ਵਾਲਾ ਪਾਨ ਬੀੜਾ ਬਣਿਆ ਸੀ ਇਸੀਤਰਾਂ ਗੁਰੂ ਕੇ ਸਿਖਾਂ ਦੀ ਜੋ ਸਾਧ ਸੰਗਤ ਹੈ ਤੰਬੋਲ ਰਸ ਵਾਂਗੂ ਗਾੜ੍ਹਾ ਰੰਗ ਦੇਣ ਵਾਲੀ ਉਸ ਵਿਚ (ਰੰਗ) ਪ੍ਰੇਮ ਕਰਕੇ (ਰੰਗੀਲੇ) ਰੰਗ ਵਾਲੇ ਹਿਆ ਅਨੰਦ ਲੈਣ ਵਾਲੇ ਹੋਏ ਜਾਂਦੇ ਹਨ ਤੇ ਵਾਹਿਗੁਰੂ ਦੇ ਰੰਗ ਵਿਚ ਰੰਗੇ ਜਾਂਦੇ ਹਨ ॥

ਖਾਂਡ ਘ੍ਰਿਤ ਚੂਨ ਜਲ ਮਿਲੇ ਬਿੰਜਨਾਦਿ ਸ੍ਵਾਦ
ਪ੍ਰੇਮ ਰਸ ਅੰਮ੍ਰਿਤ ਮੈਂ ਰਸਕ ਰਸੀਲੇ ਹੈਂ ।

ਹੋਰ ਦ੍ਰਿਸ਼ਟਾਂਤ—ਜੈਸੇ ਖੰਡ ਘਿਉ ਅਤੇ (ਚੂਨ) ਆਟਾ ਤੇ ਪਾਣੀ ਇਹ ਸਭ ਮਿਲਕੇ (ਬਿੰਜਨਾਦਿ) ਭੋਜਨ ਆਦਿਕ ਕਿਆ ਕੜਾਹ ਪ੍ਰਸ਼ਾਦ ਸ੍ਵਾਦ ਵਾਲਾ ਹੁੰਦਾ ਹੈ ਇਸੀ ਤਰਾਂ ਜੋ ਪ੍ਰੇਮ ਰਸ ਅੰਮ੍ਰਿਤ ਵਿਚ ਭਾਵ ਵਾਹਿਗੁਰੂ ਦੇ ਨਾਮ ਦੇ ਅਨੰਦ ਵਿਚ (ਰਸਕ) ਤਦਾਕਾਰ ਚੰਗੀ ਤਰਾਂ ਲਗੇ ਹੋਏ ਨੇ ਉਹ (ਰਸੀਲੇ) ਪੂਰਣ ਅਨੰਦ ਲੈਣ ਵਾਲੇ ਹੋਏ ਹਨ ॥

ਸਕਲ ਸੁਗੰਧ ਸਨਬੰਧ ਅਰਗਜਾ ਹੋਇ
ਸਬਦ ਸੁਰਤ ਲਿਵ ਬਾਸਨਾ ਬਸੀਲੇ ਹੈਂ ॥

ਜੈਸੇ ਸਾਰੀਆਂ ਸੁਗੰਧੀਆਂ (ਸਨਬੰਧ) ਮਿਲਕੇ ਅਰਗਜਾ ਹੋਂਦਾ ਹੈ ਭਾਵ ਖੁਸ਼ਬੋਈਆਂ ਵਾਸਨਾਂ ਕਠੀਆਂ ਕਰੀਏ ਤਾਂ ਉਸਦਾ ਨਾਮ ਅਰਗਜਾ ਬੋਲਦੇ ਹਨ ਇਸੀ ਤਰਾਂ ਜੋ ਗੁਰਾਂ ਦੇ (ਸਬਦ) ਉਪਦੇਸ਼ ਦੀ (ਸੁਰਤ) ਹਾਲਤ ਵਿਚ (ਲਿਵ) ਪ੍ਰੀਤੀ ਲਗਾਉਂਦੇ ਹਨ ਅਤੇ ਸਾਧ ਸੰਗਤ ਜੋ ਹੈ ਉਸ ਵਿਚ ਜੋ ਲਿਵ ਲਾਉਣੀ ਹੈ ਇਹੋ ਹੀ ਅਰਗਜਾ ਰੂਪ ਭਗਤੀ ਹੈ ਅਤੇ ਭਗਤੀ ਦੀਆਂ ਵਾਸਨਾ ਸਾਰੀਆਂ ਉਹਨਾਂ ਵਿਚ (ਬਸੀਲੇ) ਵਸੀਆਂ ਹੋਨ ਵਾ ਉਹ ਵਾਸਨਾ ਦੇ ਵਿਚ ਨ ਵਸੇ ਹੋਨ ਵਾ ਉਹਨਾਂ ਦੇ ਜੋ ਵਾਸਨਾਂ ਤ੍ਰਿਸ਼ਨਾਂ ਆਦਿਕ (ਬਸੀਲੇ) ਵਸੀਕਾਰ ਹੋਈਆਂ ਹੋਨ ਏਹੋ ਹੀ ਉਹਨਾਂ ਨੂੰ ਗਾਹੜਾ ਰੰਗ ਹੈ ॥

ਪਾਰਸ ਪਰਸ ਜੈਸੇ ਕਨਕ ਅਨਿਕ ਧਾਤ
ਦਿਬਜ ਦੇਹ ਮਨ ਉਨਮਨ ਉਨਮੀਲੇ ਹੈਂ ॥੬੦॥੮੪॥

ਜੈਸੇ ਪਾਰਸ ਨੂੰ (ਪਰਸ) ਛੋਹ ਕਰਕੇ ਅਨੇਕ ਧਾਤਾਂ (ਕਨਿਕ) ਸੋਨਾ ਹੋ ਜਾਂਦੀਆਂ ਹਨ ਇਸੀ ਤਰਾਂ ਗੁਰੂ ਪਾਰਸ ਹਨ ਅਤੇ ਅਨੇਕ ਧਾਤੂਆਂ ਬਰਨ ਆ ਸ਼ਰਮ ਜੋ ਹੈਨ ਇਹ (ਕਨਿਕ) ਸੋਨੇ ਵਤ ਸ਼ੁਧ ਹੋ ਜਾਂਦੀਆਂ ਹਨ ਭਾਵ ਗੁਰਾਂ ਨਾਲ ਮਿਲਕੇ ਨੀਚ ਜਾਤਾਂ ਉਤਮ ਹੋ ਸਕਦੀਆਂ ਹਨ ਪਰ ਨਾਮ ਜਪਕੇ ਪਰ ਆਪ ਆਖਦੇ ਹਨ ਕਿ ਇਹ ਕੈਸੇ ਜਾਣਿਆਂ ਜਾਵੇ ਸੋ ਕਹਿੰਦੇ ਹਨ ਕਿ ਜਾਂਦੇ ਗੁਰਾਂ ਦੀ ਸਿਖਿਆ ਲਈ ਗੁਰਾਂ ਨਾਲ ਮਿਲਕੇ ਤਾਂ (ਦਿਬਜ ਦੇਹ) ਸ਼ੁਧ ਦੇਹ [illegible] ਦਿਆ ਵਾਲੀ ਦੇਹ ਹੋ ਗਈ ਪਰ ਪਹਿਲੇ ਮਨ ਨੂੰ (ਉਨ) ਉਲਟਾਇਆ ਸੀ [illegible] ਵਲੋਂ ਤੇ (ਉਨਮਨ) ਤੁਰੀਆ ਪਦ ਵਾਹਿਗੁਰੂ ਵਿਚ ਦਿਨੇ ਰਾਤ (ਮੀਲੇ) ਮਿਲੇ ਰਹਿੰਦੇ ਹਨ ਇਹ ਗੁਰਮੁਖਾਂ ਦੀ ਪਛਾਣ ਹੈ ॥ ੬੦ ॥ [illegible]

ਉਥਾਨਕਾ

—ਆਪ ਆਖਦੇ ਹਨ ਕਿ ਗੁਰਮੁਖ ਤਾਂ ਉਸ ਵਾਹਿਗੁਰੂ ਵਿਚ ਸਮਾਏ ਰਹਿੰਦੇ ਹਨ ਤੇ ਮਨਮੁਖਾਂ ਦਾ ਕੀ ਕਸੂਰ ਹੈ ਜੋ ਬਾਹਰ ਭਟਕਦੇ ਫਿਰਦੇ ਹਨ, ਸੋ ਆਖਦੇ ਹਨ ਕਿ ਇਹ ਕਸੂਰ ਹੈ ਮਨਮੁਖਾਂ ਦਾ ॥ ਮਨਮੁਖਾਂ ਦਾ ਹਾਲ

ਪਵਨ ਗਵਨ ਜੈਸੇ ਗੁਡੀਆ ਉਡਤ ਰਹੈ
ਪਵਨ ਰਹਤ ਗੁਡੀ ਉਡਿ ਨ ਸਕਤ ਹੈ।

ਜੈਸੇ ਪੌਨ ਦੇ (ਗਵਨ) ਚਲਨੇ ਕਰਕੇ ਗੁਡੀ ਉਡਦੀ ਰਹਿੰਦੀ ਹੈ ਅਤੇ ਪੌਣ ਨਾ ਹੋਵੇ ਤਾਂ ਗੁਡੀ ਉਡ ਨਹੀ ਸਕਦੀ ॥

ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ
ਤਾਉ ਹਾਉ ਮਿਟੈ ਗਿਰ ਪਰੈ ਹੈ ਥਕਤ ਹੈ।

ਹੋਰ ਦ੍ਰਿਸ਼ਟਾਂਤ–ਜੈਸੇ (ਡੋਰੀ) ਜਾਲੀ ਦੀ (ਮਰੋਰ) ਮਰੋੜੀ ਨਾਲ ਲਾਟੂ ਫਿਰਦਾ ਰਹਿੰਦਾ ਹੈ ਭਾਵ ਜਾਲੀ ਦੇ ਵੱਟ ਨਾਲ ਲਾਟੂ ਭੌਂਦਾ ਰਹਿੰਦਾ ਹੈ ਅਤੇ ਵੱਟ ਦਾ ਤਾਉ ਦਿਤਾ ਹੋਇਆ (ਹਾਉ) ਜ਼ੋਰ ਨਾਲ ਜਿਹ (ਮਿਟੈ) ਦੂਰ ਹੋ ਜਾਵੇ ਤਾਂ ਥਕ ਕੇ ਡਿਗ ਪੈਂਦਾ ਹੈ ਭਾਵ ਲੜਕੇ ਜੋ ਲਾਟੂ ਚਕਲਾਂ ਆਦਿਕ ਭਵਾਂਵਦੇ ਹਨ ਸੋ ਉਸਨੂੰ ਜਿਨਾਂ ਜਾਲੀ ਦਾ ਬਹੁਤਾ ਜ਼ੋਰ ਦਿੰਦੇ ਹਨ ਉਤਨਾ ਹੀ ਉਹ ਲਾਟੂ ਜ਼ੋਰ ਨਾਲ ਫਿਰਦਾ ਹੈ ਅਤੇ ਜਿਸ ਵਕਤ ਉਹ ਜਾਲੀ ਦਾ ਜ਼ੋਰ ਦੂਰ ਹੋ ਜਾਵੇ ਤਾਂ ਲਾਟੂ ਗਿਰ ਪੈਂਦਾ ਹੈ ॥

ਕੰਚਨ ਅਸੁਧ ਜੈਸੇ ਕੁਠਾਰੀ ਠਹਿਰਾਤ ਨਾਹੀਂ
ਸੁਧ ਭਏ ਨਿਹਚਲ ਛਬਿ ਕੈ ਛਕਤ ਹੈ ॥

ਹੋਰ ਦ੍ਰਿਸ਼ਟਾਂਤ- ਸੁਨਿਆਰੇ ਜਦ ਸੋਨੇ ਨੂੰ ਕੁਠਾਰੀ ਵਿਚ ਪਾਕੇ ਗਾਲਣ ਲਗਦੇ ਹਨ ਤਾਂ ਜੈਸੇ (ਕੰਚਨ) ਸੋਨਾਂ ਅਸ਼ੁਧ ਖੋਟਾ ਕੁਠਾਲੀ ਵਿਚ (ਠਹਿਰਾਤ) ਖਲੋਂਦਾ ਨਹੀ ਹੈ ਭਾਵ ਬਹੁਤ ਹਿਲਦਾ ਹੈ ਅਤੇ ਜਦ ਗਲਕੇ ਸੁਧ ਬਾਰਾਂ ਵੰਨੀਆਂ ਦਾ ਹੋ ਜਾਂਦਾ ਹੈ ਤਾਂ ਨਿਹਚਲ ਹੋ ਜਾਂਦਾ ਹੈ ਅਤੇ ਜਦ ਦਿਵ ਰਿਸ਼ਮਾਂ ਭਾ (ਛਬਿ) ਜੋ ਉਸਦੀ ਦਮਕ ਚਮਕਦੀ ਉਸ ਕਰਕੇ (ਛਕਤ) ਪ੍ਰਸੰਨ ਭਾਵ ਸੁਭਾਇਮਾਨ ਹੁੰਦਾ ਹੈ ਅਤੇ ਸਭਕੋ ਪ੍ਰਸੰਨ ਕਰਦਾ ਹੈ ॥

ਨੋਟ–(ਛਕਤ) ਦਾ ਅਖਰੀ ਅਰਥ ਪੂਰਨ ਪ੍ਰਸੰਨ ਹੋ ਜਾਣਾ ਹੈ ਸੋ ਇਸ ਜਗ੍ਹਾ ਸੁਭਾਇਮਾਨ ਪ੍ਰਤੀਤ ਹੋਇਆ ਅਰਥ ਲਗੇਗਾ ॥

ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ

ਗੁਰਮਤਿ ਏਕ ਟੇਕ ਮੋਨਿ ਨ ਬਕਤ ਹੈਂ ॥੬੦॥੯੫॥

ਇਸੇ ਤਰ੍ਹਾਂ (ਗੁਰਮਤਿ) ਵਾਲੀ ਰੂਪੀ ਅਕਲ ਜਰਨ (ਦੁਬਿਧਾ) ਦੇ ਵਿਚੀਆਂ ਵਾਲੇ ਸੰਸਾਰੀਆਂ ਰਹੇਆਂ ਹੈਨਾਂ ਵਿਚ ਮਨਮੁਖ (ਭਰਮ) ਭਟਕ ਦਾ ਫਿਰਦਾ ਹੈ ਇਹ ਮਨਮੁਖਾਂ ਵਿਚ ਕਸੂਰ ਹੈ ਇਸ ਵਾਸਤੇ ਉਸ ਅਨੰਦ ਨੂੰ ਨਹੀਂ ਲੈ ਸਕਦੇ ਅਤੇ ਜਿਨਾਂ ਗੁਰਮੁਖਾਂ ਨੂੰ (ਗੁਰਮਤਿ) ਗੁਰਾਂ ਦੀ ਸਿਖਿਆ ਮਿਲੀ ਹੈ ਵ ਗੁਰਾਂ ਦੀ ਅਕਲ ਪ੍ਰਾਪਤ ਹੋਈ ਹੈ ਉਨ੍ਹਾਂ ਨੂੰ ਇਕ (ਟੇਕ) ਓਟ ਦਾ ਦ੍ਰਿੜਤਾ ਹੋਈ ਹੈ ਭਾਵ ਜੋ ਉਹਨਾਂ ਨੇ ਸਤਿਗੁਰਾਂ ਦਾ ਆਸਰਾ ਲਿਆ ਹੈ ਇਸੀ ਵਾਸਤੇ (ਮੋਨ) ਚੁਪ ਰਹਿੰਦੇ ਹੈਨ ਤੇ ਐਵੇਂ ਆਪ ਵਦਨ ਰਸਨਾ ਕਰਕੇ (ਬਕਤ) ਬੋਲਦੇ ਨਹੀਂ ਹਨ ॥੬੦॥੯੫॥

ਨੋਟ—ਪਿਛੇ ਦ੍ਰਿਸ਼ਟਾਂਤ ਵਿਚ ਮਨਮੁਖਾਂ ਦਾ ਵਰਨਨ ਕੀਤਾ ਅਤੇ ਅਗੇ ਆਪੀ ਪੰਗਤੀ ਵਿਚ ਦਾਰਸ਼ਾਂਤ ਦੇਕੇ ਗੁਰਮੁਖਾਂ ਦਾ ਹਾਲ ਵੀ ਵਰਨਨ ਕੀਤਾ ਹੈ।

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ
ਪਰਮਦ ਭੂਤ ਗਤਿ ਆਤਮ ਤਰੰਗ ਹੈ।

ਹੁਣ ਫਿਰ ਆਪ ਪਿਛੇ ਜੋ ਗੁਰਮੁਖਾਂ ਦਾ ਵਰਨਨ ਕੀਤਾ ਸੀ ਉਸੇ ਦਾ ਹੀ ਅਨੁਵਾਦ ਕਰਦੇ ਹਨ ਕਿ ਜੋ ਤੁਨਾਂ ਨੂੰ ਅਨੰਦ ਪ੍ਰਾਪਤ ਹੋਇਆ ਹੈ ਉਸ ਦਾ ਸਾਨੂੰ ਵਰਨਨ ਕਰਕੇ ਦਸੋ ਕਿ ਗੁਰਮੁਖ ਕਿਸ ਲੀਏ ਚੁਪ ਹੋਏ ਹਨ ਤਿਸ ਪਰ ਆਪ ਵਰਨਨ ਕਰਦੇ ਹਨ ਕਿ ਗੁਰਾਂ ਦੇ ਚਰਨ ਕਮਲਾਂ ਦਾ ਜੋ ਪ੍ਰੇਮ ਰਸ ਅੰਮ੍ਰਿਤ ਦਾ (ਨਿਧਾਨ) ਸਮੁੰਦ੍ਰ ਹੈ ਉਸ ਨੂੰ (ਪਾਨ) ਪੀਕੇ ਪੂਰਨ ਪ੍ਰਸੰਨ ਹੋਏ ਹਨ ਇਸੀ ਵਾਸਤੇ ਉਨ੍ਹਾਂ ਗੁਰਮੁਖਾਂ ਦੀ (ਪਰਮਦ ਭੂਤ) ਅਸਚਰਜ (ਗਤਿ) ਹੋਈ ਹੈ ਅਤੇ ਆਤਮ ਰੂਪੀ ਸਮੁੰਦ੍ਰ ਦਾ ਆਪਣੇ ਆਪਨੂੰ (ਤਰੰਗ) ਉਛਾਲਾਂ ਦਾ ਬੁਦ ਬੁਦਾ ਸਮਝਿਆ ਭਾਵ ਵਾਹਿਗੁਰੂ ਨਾਲੋਂ ਆਪਣੇ ਆਪ ਨੂੰ ਵੱਖਰਾ ਨਹੀਂ ਸਮਝਦਾ ॥

ਇਤ ਤੇ ਦ੍ਰਿਸ਼ਟਿ ਸੁਰਤਿ ਸਬਦ ਬਿਸਰਜਤ
ਉਤ ਤੇ ਬਿਸਮ ਅਸਚਰਜ ਪ੍ਰਸੰਗ ਹੈ।

ਅਤੇ ਇਸ ਸੰਸਾਰ ਵਲੋਂ ਦ੍ਰਿਸ਼ਟੀ ਦੀ ਤੇ (ਸੁਰਤਿ) ਕੰਨ ਦੀ ਤੇ (ਸਬਦ) ਬਾਣੀ ਦੀ (ਬਿਸਰਜਤ) ਰੋਕ ਲਈ ਭਾਵ ਭਾਵੇਂ ਸਾਰੇ ਇੰਦ੍ਰੇ ਇਸ ਸੰਸਾਰ ਦੇ ਪਦਾਰਥਾਂ ਦੇ ਵਿਸ਼ਿਆਂ ਵਲੋਂ ਹਟਾ ਲਏ ਹਨ ਅਤੇ ਉਸ ਵਾਹਿਗੁਰੂ ਦੇ ਪਰਾਇਣ ਹੋਕੇ ਸੰਸਾਰ ਦੇ ਜੀਵਾਂ ਨੂੰ ਕਥਾ ਕੀਰਤਨ ਦੇ ਪ੍ਰਸੰਗ ਸੁਨਾਂਦੇ ਹੈਨ ਇਹ ਪਰ ਉਪਕਾਰ ਕਰਦੇ ਹੈਨ ॥

ਨੋਟ (ਬਿਸਮ) ਭੂਲੇ ਸੰਸਾਰ ਦਾ ਨਾਮ ਭੀ ਹੈ ਅਤੇ ਅਸਚਰਜ ਵਾਹਿ

ਗੁਰੂ ਦਾ ਹੀ ਹੈ, ਜਿਗਿਆਸੂਆਂ ਦੀ ਕਲਿਆਣ ਅਰਥ ਕਰਦੇ ਹਨ ਕਿ ਉਸ ਸ਼ਿਸ਼
ਨੂੰ ਸੰਸਾਰ ਦੇ ਲੋਕ ਹਟਕੇ ਅਸਚਰਜ ਦਾ ਹਿਰਦੂ ਦੇ ਪ੍ਰੇਮੀਆਂ ਸੰਗਤਾਂ ਨੂੰ ਸੁਣਾਉਂਦੇ ਹਨ।

ਦੇਖੈ ਸੋ ਦਿਖਾਵੈ ਕੈਸੇ ਸੁਨੈ ਸੋ ਸੁਨਾਵੈ ਕੈਸੇ
ਚਾਖੈ ਸੋ ਬਤਾਵੈ ਕੈਸੇ ਰਾਗ ਰਸ ਰੰਗ ਹੈ।

ਪ੍ਰਸ਼ਨ—ਆਪ ਸ਼ੰਕਾ ਕਰਦੇ ਹਨ ਕਿ ਜੋ ਪਿਛੇ ਆਪਨੇ ਵਰਨਨ ਕੀਤਾ ਹੈ ਕਿ ਗੁਰਮੁਖਾਂ ਨੂੰ ਐਸਾ ਅਨੰਦ ਆਯਾ ਹੈ ਉਸ ਆਨੰਦ ਦਾ ਅਨੰਦ ਕੁਝ ਸਾਨੂੰ ਭੀ ਵਰਨਨ ਕਰਕੇ ਦਸੋ॥ ਉਤਰ—ਆਪ ਆਖਦੇ ਹਨ ਕਿ ਜੋ ਉਹਨਾਂ ਗੁਰਮੁਖਾਂ ਨੇ (ਰੰਗ) ਅਨੰਦ ਦੇਖਿਆ ਹੈ ਤੁਰੀਆ ਪਦ ਦੇ ਰਸਤੇ ਜਾਕੇ ਉਹ ਅਨੰਦ ਅਸੀ ਤੁਸਾਨੂੰ ਕੀਕੂੰ ਵਿਖਾਈਏ ਉਹ ਤਾਂ ਉਨ੍ਹਾਂ ਨੇ ਹੀ ਦੇਖਿਆ ਹੈ ਜੋ ਉਨ੍ਹਾਂ ਨੂੰ ਅਨੰਦ ਆਯਾ ਉਹ ਅਸੀਂ ਕੈਸੇ ਵੇਖਾਈਏ ਉਸ ਜੈਸਾ ਹੋਰ ਅਨੰਦ ਕੋਈ ਨਹੀਂ ਹੈ ਅਤੇ ਜੋ ਉਸ ਜਗਾ ਉਨ੍ਹਾਂ ਨੂੰ ਉਸ ਅਨੰਦ ਦੇ (ਰਾਗ) ਸ਼ਬਦ ਕੀਰਤਨ ਦਾ ਅਨੰਦ ਆਯਾ ਹੈ ਉਹ ਵੀ ਨਹੀਂ ਕਿਹਾ ਜਾਂਦਾ ਵਾ ਜੋ ਉਨ੍ਹਾਂ ਨੇ ਰਾਗ ਦਾ ਅਨੰਦ ਸੁਣਿਆ ਹੈ ਉਹ ਅਸੀ ਤੁਸਾਂ ਨੂੰ ਕੈਸੇ ਸੁਣਾਈਏ ਉਹ ਉਨ੍ਹਾਂ ਨੂੰ ਹੀ ਸੁਣਿਆ ਜਾਂਦਾ ਹੈ ਹੋਰ ਕੋਈ ਉਸਨੂੰ ਸੁਣਕੇ ਨਹੀਂ ਸੁਣਾ ਸਕਦਾ ਤੇ ਜੋਹੜਾ ਉਨ੍ਹਾਂ ਨੇ (ਰਸ) ਸੁਆਦ ਚਖਿਆ ਹੈ ਉਸ ਨਾਮ ਦੇ ਸੁਆਦ ਦਾ ਉਹ ਵੀ ਕਿਸੇ ਨੂੰ (ਬਤਾਵੈ) ਦਸਿਆ ਨਹੀਂ ਜਾਂਦਾ ਕਿਉਂਕਿ ਉਸ ਰਸ ਵਰਗਾ ਹੋਰ ਕਿਸੇ ਰਸ ਦਾ ਅਨੰਦ ਨਹੀਂ ਹੈ॥

ਰੰਗ—ਦੇਖੈ ਸੋ ਦਿਖਾਵੈ ਕੈਸੇ। ⎫ ਇਹ ਪੰਕਤੀ ਇਕਰ ਅਦ੍ਰੈ
ਰਾਗ—ਸੁਨੈ ਸੋ ਸੁਨਾਵੈ ਕੈਸੇ। ⎬ ਹੋਕੇ ਲਗਦੀ ਹੈ।
ਰਸ—ਚਾਖੈ ਸੋ ਬਤਾਵੈ ਕੈਸੇ॥ ⎭

ਅਕਥ ਕਥਾ ਬਿਨੋਦ ਅੰਗ ਅੰਗ ਥਕਤ ਹੈ
ਹੇਰਤ ਹਿਰਾਨੀ ਬੂੰਦ ਸਾਗਰ ਸੰਬੰਧ ਹੈ॥੬੨॥੯੬

ਆਪ ਸ਼ੰਕਾ ਕਰਦੇ ਹੈਨ ਕਿ ਐਸੇ ਅਨੰਦ ਨੂੰ ਨਾ ਕੋਈ ਦਿਖਾ ਸਕਦਾ ਹੈ ਅਤੇ ਨਾ ਸੁਣਾ ਸਕਦਾ ਹੈ ਤੇ ਨਾ ਦਸਾ ਸਕਦਾ ਹੈ ਤੇ ਫਿਰ ਕਿਆ ਹੋਇਆ ਭਾਵ ਕੀ ਕੁਝ ਵੀ ਨਾ ਹੋਇਆ ਕਿਉਂਕਿ ਜਿਨਾਂ ਚਿਰ ਕੋਈ ਵਸਤੂ ਦੇਖੇ ਨਾ ਉਤਨਾ ਚਿਰ ਉਸਦੀ ਇਛਾ ਕਿਕੂੰ ਹੁੰਦੀ ਹੈ ਭਾਵ ਕੀ ਕਿ ਸੰਸਾਰੀਆਂ ਨੂੰ ਇਸ ਸੈਨ ਆਉਣ ਦੀ ਕੀਕੂੰ ਇਛਾ ਹੋਵੇ ਜਿਨਾਂ ਚਿਰ ਕੁਛ ਅਨੰਦ ਦਾ ਰਸ ਨਾ ਦਸਿਆ ਜਾਵੇ ਤਾਂ ਉਤਰ ਦੇਂਦੇ ਹੈਂ ਕਿ ਉਸ ਬਿਨੋਦ ਅਨੰਦ ਦੀ ਅਕਥ ਕਥਾ ਹੈ ਭਾਵ ਜੋ ਅਨੰਦ ਉਨ੍ਹਾਂਨੂੰ ਮਿਲਿਆ ਹੈ ਉਸ ਨੂੰ ਕੈਹਕੇ ਉਨ੍ਹਾਂ ਦੇ ਅੰਗ ਅੰਗ (ਥਕਤ) ਬਿਸਮਾਦ ਹੋਗਏ ਹੈਨ ਅੰਗ ਵੀ ਸਰੀਰ ਦੇ ਸਾਰੇ ਸਾਰੇ (ਅੰਗੀ) ਵਿਚ

ਜੀ ਵਾਹਿਗੁਰੂ ਦੇ ਨਾਮ ਵਿਚ ਇਸਥਿਤ ਹੋਇਆ ਹੈ, ਦ੍ਰਿਸ਼ਟਾਂਤ ਜਿਸੇ ਤਰਾਂ (ਸਰਬੰਗ) ਸਾਰਿਆਂ ਅੰਗਾਂ ਕਰਕੇ ਵਾ ਸਭ ਤਰਾਂ ਕਰਕੇ (ਸਾਗਰ) ਸਮੁੰਦ੍ਰ ਨੂੰ (ਹੇਰਤ) ਦੇਖਕੇ ਬੂੰਦ ਸਮੁੰਦਰ ਦਾ (ਹਿਰਾਨੀ) ਹੈਰਾਨ ਹੋਕੇ ਰੂਪ ਹੀ ਹੋਗਈ ਭਾਵ ਜਿਸਤ੍ਰਾਂ ਬਦਲ ਦੀ ਬੂੰਦ ਸਮੁੰਦ੍ਰ ਦਾ ਰੂਪ ਹੀ ਹੋਜਾਂਦੀ ਹੈ "ਦਾਰਸ਼ਟਾਂਤ" ਇਸੇ ਤਰਾਂ ਆਤਮਾ ਰੂਪੀ ਸਮੁੰਦ੍ਰ ਨੂੰ ਜੀਵ ਰੂਪੀ ਬੂੰਦ (ਹੇਰਤ) ਦੇਖਕੇ ਹੈਰਾਨ ਹੋਗਈ ਭਾਵ ਉਸਦਾ ਰੂਪ ਹੀ ਹੋਗਈ ਭਾਵ ਗੁਰਮੁਖ ਵਾਹਿਗੁਰੂ ਦਾ ਰੂਪ ਹੀ ਹੋਗਏ ॥ ੬੨ ॥ ੯੬ ॥

ਸਾਧ ਸੰਗ ਗੰਗ ਮਿਲ ਸ੍ਰੀ ਗੁਰ ਸਾਗਰ ਮਿਲੇ
ਗਿਆਨ ਧਿਆਨ ਪਰਮ ਨਿਧਾਨ ਲਿਵਲੀਨ ਹੈ ।

ਅਬ ਆਪ ਟੀਕਾ ਕਰਦੇ ਹਨ ਕਿ ਕਿਸਤ੍ਰਾਂ ਉਸ ਵਾਹਿਗੁਰੂ ਪਾਸ ਗੁਰਮੁਖ ਪਹੁੰਚੇ ਅਤੇ ਕਿਸਤ੍ਰਾਂ ਉਸ ਦਾ ਰੂਪ ਹੋਗਏ ਅਤੇ ਐਸੀ ਸਰਬੱਗਤਾ ਉਹਨਾਂ ਨੇ ਕਿਸਤ੍ਰਾਂ ਪ੍ਰਾਪਤ ਹੋਈ ॥

ਦ੍ਰਿਸ਼ਟਾਂਤ—ਜੇਹੜਾ ਜਲ ਗੰਗਾ ਨਾਲ ਮਿਲਿਆ ਓਹ ਸਮੁੰਦ੍ਰ ਵਿਚ ਜਾ ਪਿਆ, ਦਾਰਸ਼ਟਾਂਤ, ਇਸੇ ਤ੍ਰਾਂ ਸਾਧ ਸੰਗਤ ਗੰਗਾ ਵਿਚ ਜੋ ਜੀਵ ਮਿਲੇ ਹਨ ਓਹ ਗੁਰੂ ਰੂਪੀ ਸਮੁੰਦ੍ਰ ਵਿਚ ਜਾ ਮਿਲੇ ਹਨ ॥

ਟੀਕਾ—ਆਪ ਆਖਦੇ ਹਨ ਜੇਕਰ ਆਪਨੇ ਓਨ੍ਹਾਂ ਜੀਵਾਂ ਨੂੰ ਓਹ ਸਮੁੰਦ੍ਰ ਵਿਚ ਪਹੁੰਚਾਇਆ ਤਾਂ ਓਹਨਾਂ ਨੂੰ ਸਮੁੰਦ੍ਰ ਦੀਆਂ ਸਾਰੀਆਂ ਵਸਤੂਆਂ ਦਾ ਪਤਾ ਲਗਣਾ ਚਾਹੀਦਾ ਹੈ ਭਾਵ ਰਤਨ ਮੋਤੀ ਆਦਿਕ ਉਸਨੂੰ ਲੱਭਣੇ ਚਾਹੀਦੇ ਹਨ ਸੋ ਉੱਤਰ ਦੇਂਦੇ ਹਨ ਕਿ ਉਪਰ ਤਾਂ (ਨਿਧਾਨ) ਖਜਾਨੇ ਰਤਨਾਂ ਦੇ ਮਿਲਦੇ ਹਨ ਜੋ ਸਮੁੰਦ੍ਰ ਵਿਚ ਜਾਕੇ ਏਪਰ ਗੁਰੂ ਰੂਪੀ ਸਮੁੰਦ੍ਰ ਵਿਚ ਜਾਕੇ ਕਿਆ ਕਿਆ ਪ੍ਰਾਪਤ ਹੁੰਦਾ ਹੈ ਸੋ ਆਖਦੇ ਹਨ ਕਿ ਗਿਆਨ ਧਿਆਨ ਰੂਪੀ ਜੋ (ਪਰਮ) ਉਤਕ੍ਰਿਸ਼ਟ ਅਰਥ ਨਿਧਾਨ ਖਜਾਨੇ ਹਨ ਸੋ (ਲਿਵ) ਬ੍ਰਿਤੀ ਲਾਕੇ (ਲੀਨ) ਮਗਨ ਰਹਿੰਦੇ ਹਨ ਓਨ੍ਹਾਂ ਵਿਚ ਭਾਵ ਗਿਆਨ ਧਿਆਨ ਆਦਿਕ ਸਭ ਗੁਰਮੁਖਾਂ ਨੂੰ ਹੋਗਏ ਹਨ ਅਤੇ ਖਜਾਨ ਰਿਧੀਆਂ ਸਿਧੀਆਂ ਨਿਧੀਆਂ ਦੇ ਸਾਰੇ ਓਹਨਾਂ ਦਾ ਕਹਿਣਾ ਮੰਨਦੇ ਹਨ, ਆਪ ਆਖਦੇ ਹਨ ਕਿ ਸਮੁੰਦ੍ਰ ਦੇ ਕਿਨਾਰੇ ਫੁਲਾਂ ਦਾ ਬਗੀਚਾ ਵੀ ਹੁੰਦਾ ਹੈ ਅਤੇ ਉਸ ਬਗੀਚੇ ਵਿਚ ਕੋਮਲ ਵੀ ਹੁੰਦੇ ਨੇ ਜੋ ਓਹਨਾਂ ਦੀ ਵਾਸ਼ਨਾ ਲੈਣ ਵਾਲੇ ਭੌਰ ਵੀ ਹੁੰਦੇ ਨੇ ਸੋ ਭੌਰਾ ਪ੍ਰਾਪਤ ਹੋਕੇ ਚਰਨ, ਵਿਚ ਰਹਿੰਦਾ ਫਿਰਦਾ ਹੈ ਕਮਲ ਉਪਰ ਉਸ ਦੀ ਮਕਰੰਦ ਲੈਣ ਵਾਸਤੇ ॥

ਚਰਨ ਕਮਲ ਮਕਰੰਦ ਮਧੁਕਰ ਗਤਿ
ਚੰਦ੍ਰਮਾ ਚਕੋਰ ਗੁਰ ਧਿਆਨ ਰਸ ਲੀਨ ਹੈ ॥

ਇਸੇ ਤਰ੍ਹਾਂ ਗੁਰੂ ਜੋ ਸਮੁੰਦ੍ਰ ਹਨ ਉਹਨਾਂ ਦੇ ਚਰਨ ਕਮਲਾਂ ਦੇ ਮਕਰੰਦ ਵਾਸਤੇ ਭੁਰਾਂਤੇ ਦੇ ਪੂਰੀ ਲੈਣ ਵਾਸਤੇ (ਮਕਰੰਦ) ਭੁਰ ਚਾਉਂ ਸਿਖ (ਗਹਿ) ਪ੍ਰਾਪਤ ਹੋਕੇ ਅਨੰਦ ਲੈਂਦੇ ਹਨ।

ਸ਼ੰਕਾ, ਆਪ ਆਖਦੇ ਹਨ ਕਿ ਸਮੁੰਦ੍ਰ ਵਿਚੋਂ ਚੰਦ੍ਰਮਾ ਜੋ ਨਿਕਲਿਆ ਹੈ ਅਤੇ ਉਸ ਨਾਲ ਚਕੋਰ ਵੀ ਪ੍ਰੇਮ ਕਰਦੇ ਹਨ ਭਾਵ ਜੀ ਕਿ ਦੇਖ ਜੋ ਚੰਦ੍ਰਮਾ ਸਮੁੰਦ੍ਰ ਵਿਚੋਂ ਨਿਕਲਿਆਂ ਸੋ ਉਸ ਨਾਲ ਵੀ ਚਕੋਰ ਪ੍ਰੇਮ ਕਰਦੇ ਹਨ ਪ੍ਰੇਮੀਆਂ ਦਾ ਇਹ ਖਿਆਲ ਨਹੀਂ ਹੁੰਦਾ ਕਿ ਜੋ ਮੋਤ ਗੁਰ ਵਿਚੋਂ ਨਿਕਲਿਆ ਹੈ ਉਸ ਨਾਲ ਪ੍ਰੇਮ ਪ੍ਰਗਟ ਕਰਾਂ ਨਹੀਂ ਸਗੋਂ ਉਸ ਨਾਲ ਬਹੁਤ ਪ੍ਰੇਮ ਕਰਦਾ ਹੈ ਚਕੋਰ ਚੰਦ੍ਰਮਾਂ ਨੂੰ ਧਿਆਨ ਲਾ ਕੇ ਦੇਖਦਾ ਹੈ (ਗੁਰੂ) ਸਮੁੰਦਰ ਵਿਚੋਂ ਜੋ ਨਿਕਲਿਆ ਹੈ (ਰਸ) ਪ੍ਰੇਮ ਵਿਚ ਭਿਜਾ ਹੋਇਆ ਇਸੀ ਤਰ੍ਹਾਂ ਗੁਰੂ ਜੋ ਸਮੁੰਦਰ ਹਨ ਜਿਨਾਂ ਵਿਚੋਂ ਜੋ (ਚੰਦ੍ਰਮਾ) ਵਿਰਾਗ ਨਿਕਲਿਆ ਹੈ ਉਸ ਦਾ (ਚਕੋਰ) ਵੈਰਾਗੀ ਸਿਖ ਧਿਆਨ ਕਰਦੇ ਹਨ ਅਤੇ ਪ੍ਰੇਮ ਵਿਚ (ਭੀਨ, ਭਿਜੇ ਰਹਿੰਦੇ ਹਨ ਵਾ ਰਿਦੇ ਰੂਪੀ ਅਕਾਸ਼ ਵਿਚੋਂ ਜੋ ਚੰਦ੍ਰਮਾ ਉਦੇ ਹੋਇਆ ਭਾਵ ਚੜ੍ਹਿਆ ਹੈ ਉਸਨੂੰ ਵੈਰਾਗੀ ਸੰਤ ਵੈਰਾਗ ਹੋਰਨਾਂ ਸੰਤਾਂ ਦਾ ਦੇਖਕੇ ਪ੍ਰੇਮ ਕਰਦੇ ਹਨ ਅਤੇ ਪ੍ਰੇਮ ਵਿਚ ਭਿਜੇ ਰਹਿੰਦੇ ਹਨ॥

ਸਬਦ ਸੁਰਤ ਮੁਕਤਾਹਲ ਅਹਾਰ ਹੰਸ
ਪ੍ਰੇਮ ਪਰਮਾਰਥ ਬਿਮਲ ਜਲ ਮੀਨ ਹੈਂ।

ਇਧਰ ਸਮੁੰਦਰ ਉਤੇ ਹੰਸ ਭੀ ਹੁੰਦੇ ਹਨ ਅਤੇ ਉਨ੍ਹਾਂ ਦਾ (ਅਹਾਰ) ਖਾਣਾ (ਮੁਕਤਾਹਲ) ਮੋਤੀ ਭੀ ਹੁੰਦਾ ਹੈ ਸੋ ਏਧਰ ਆਪ ਆਖਦੇ ਹਨ ਕਿ (ਹੰਸ) ਜੋ ਸੰਤ ਹਨ ਉਹ ਮੋਤੀ ਗੁਣਾਂ ਨੂੰ ਗ੍ਰਹਨ ਕਰਦੇ ਹਨ ਗੁਰੂ ਰੂਪੀ ਸਮੁੰਦਰ ਉਪਰ ਜਾਕੇ ਅਤੇ ਸਾਧ ਸੰਗਤ ਰੂਪੀ ਮਾਨ ਸਰੋਵਰ ਤੋਂ ਭਾਵ ਗੁਰਾਂ ਦੀ ਆਗਿਆ ਵਿਚ ਸੰਤ ਜਾ ਕੇ ਨਾਮ ਜਪਦੇ ਹਨ ਮਾਨ ਸਰੋਵਰ ਸਮੁਦ੍ਰ ਨਾਲੋਂ ਵਖਰਾ ਹੁੰਦਾ ਹੈ ਸਮੁੰਦਰ ਦੇ ਵਿਚ ਇਕ ਐਸੀ ਜਗ੍ਹਾ ਹੁੰਦੀ ਹੈ ਜਿਸ ਜਗ੍ਹਾ ਸੁਧ ਪਾਣੀ ਖੜੋਤਾ ਹੁੰਦਾ ਹੈ ਅਤੇ ਉਸ ਜਗ੍ਹਾ ਹੰਸ ਮੋਤੀਆਂ ਨੂੰ ਖਾਂਦੇ ਰਹਿੰਦੇ ਹਨ। ਸ਼ੰਕਾ—ਆਪ ਆਖਦੇ ਹਨ ਕਿ ਜਿੰਨਾ ਚਿਰ ਰੁਚੀ ਨਹੀ ਹੁੰਦੀ ਉਤਨਾ ਚਿਰ ਅਹਾਰ ਖਾਧਾ ਨਹੀਂ ਜਾਂਦਾ ਫਿਰ ਗੁਰਮੁਖ ਹੰਸਾਂ ਨੂੰ ਕੇਹੜੀ ਰੁਚੀ ਹੈ। ਉਤਰ—(ਸਬਦ) ਉਪਦੇਸ਼ ਗੁਰਾਂ ਦੇ ਦੀ (ਸੁਰਤ) ਗਿਆਤ ਜੋ ਕਰਨੀ ਹੈ ਇਸ ਰਹਿਤ ਕਰਕੇ ਦੈਵੀ ਸੰਪਦਾ ਦੇ ਗੁਣ ਗ੍ਰਹਨ ਕਰਦੇ ਹਨ। ਸ਼ੰਕਾ—ਸਮੁੰਦਰ ਵਿਚ ਜਲ ਅਤੇ ਮੀਨ ਵੀ ਹੁੰਦੇ ਹਨ ਤਾਂਤੇ ਇਧਰ ਮੀਨ ਤੇ ਜਲ ਕੇਹੜਾ ਹੈ ਸੋ ਉਤਰ (ਪ੍ਰੇਮ) ਪ੍ਰੇਮੀ ਜਨ (ਮੀਨ) ਮੱਛ ਹਨ ਅਤੇ (ਪਰਮਾਰਥ) ਸਿਧਾਂਤ ਵਿਚਾਰ (ਬਿਮਲ) ਨਿਰਮਲ ਜਲ ਨਾਮ ਹੈ॥

ਅੰਮ੍ਰਿਤ ਕਟਾਛ੍ਯ ਅਮਰਾਪਦ ਕ੍ਰਿਪਾ ਕ੍ਰਿਪਾਲ ਕਮਲਾ ਕਲਪਤਰੁ ਕਾਮਧੇਨਾ ਧੀਨ ਹੈ॥ ੬੨॥੯੭

ਆਪ ਆਖਦੇ ਹਨ ਕਿ ਸਮੁੰਦਰ ਵਿਚ ਲਛਮੀ ਅਤੇ ਕਲਪ ਬ੍ਰਿਛ ਕਾਮਧੇਨ ਗਊ ਆਦਿਕ ਜੋ ਹਨ ਸੋ ਇਧਰ ਕੇਹੜੀਆਂ ਵਸਤੂਆਂ ਹਨ ਜੋ ਉਤ ਨਾ ਹੁੰਦੇ ਹਨ ਜਦ ਕ੍ਰਿਪਾਲੂ ਗੁਰਾਂ ਨੇ ਅੰਮ੍ਰਿਤ ਰੂਪੀ ਕ੍ਰਿਪਾ (ਕਟਾਛ੍ਯ) ਕ੍ਰਿਪਾ ਦੀ ਭਰੀ ਹੋਈ ਦ੍ਰਿਸ਼ਟੀ ਕੀਤੀ ਤਾਂ (ਅਮਰਾਪਦ) ਜੋ ਨਾ ਮਰੇ ਭਾਵ ਵਾਹਿਗੁਰੂ ਨੂੰ ਪਾ ਲਿਆ ਅਤੇ (ਕਮਲਾ) ਲਛਮੀ ਅਤੇ (ਕਲਪਤਰ) ਕਲਪ ਬ੍ਰਿਛ ਅਤੇ (ਕਾਮਧੇਨਾ ਧੀਨ) ਕਾਮ ਧੇਨ ਗਊ ਆਦਿਕ ਸਭ ਅਧੀਨ ਵਸੀਕਾਰ ਹੋ ਜਾਂਦੀਆਂ ॥

ਹੋਰ ਕਾਮਧੇਨਾਧੀਨ ਸੁਰ ਸੰਧੀ ਹੈ । ਜੈਸੇ

ਦੋਹਾ

ਦੋ ਸੁਰ ਮਿਲ ਇਕ ਜਾਤਿ ਕੇ ਦੀਰਘ ਸੋ ਹੂੰ ਜਾਇ । ਦੋਨਹ ਮਹਿ ਜਿਉਂ ਦੇਵਤਰਿ ਸੁਰ ਸੰਧੀ ਕਹਾਇ ॥ ੬੨ ॥ ੯੭ ॥

ਏਕ ਬ੍ਰਹਮੰਡ ਕੇ ਬਿਥਾਰ ਕੀ ਅਪਾਰ ਕਥਾ ਕੋਟ ਬ੍ਰਹਮੰਡ ਕੋ ਨਾਇਕ ਕੈਸੇ ਜਾਨੀਐ ।

ਅਬ ਆਪ ਗੁਰੂ ਕੀ ਸਮਰੱਥਤਾ ਅਤੇ ਅਕਾਲ ਪੁਰਖ ਦੀ ਉਸਤਤਿ ਵਰਨਨ ਕਰਦੇ ਹਨ ਆਪ ਆਖਦੇ ਹਨ ਕਿ ਇਕ ਵਾਹਿਗੁਰੂ ਦੇ (ਬ੍ਰਹਮੰਡ) ਇਸ ਸੰਸਾਰ ਦੇ ਫੈਲਾਓ ਭਾਵ (ਬਿਥਾਰ) ਫੈਲਾਉ ਜੋ ਕਿ ਇਸ ਵਿਚ ਤਿੰਨ ਲੋਕ ਹਨ ਅਤੇ ਚੌਦਾਂ ਲੋਕ ਹਨ ਇਤਿਆਦਿਕ ਲੋਕ ਕਈ ਤਰਾਂ ਕਰਕੇ ਕਲਪਣ ਕਰਦੇ ਹਨ ਤਾਂ ਤੇ ਇਸਦੀ (ਅਪਾਰ) ਬੇਅੰਤ ਕਥਾ ਹੈ ਭਾਵ ਵਾਹਿਗੁਰੂ ਦੇ ਇਕ ਸੰਸਾਰ ਬਣਾਏ ਹੋਏ ਦਾ ਅੰਤ ਨਹੀਂ ਪਾਇਆ ਜਾਂਦਾ ਤੇ ਜੋ ਕਰੋੜਹਾਂ ਬ੍ਰਹਮੰਡਾਂ ਦਾ (ਨਾਇਕ) ਮਾਲਕ ਹੈ ਉਸਨੂੰ ਕੈਸੇ ਜਾਣੀਐ ਭਾਵ ਜਿਸ ਵਾਹਿਗੁਰੂ ਨੇ ਬਹੁਤ ਸੰਸਾਰ ਰਚੇ ਨੇ ਉਸਨੂੰ ਕਿਸ ਤਰਾਂ ਜਾਣੀਏ ਉਸਦਾ ਕਿਸੇ ਨੂੰ ਪਤਾ ਨਹੀਂ ਲਗਦਾ ॥

ਘਟਿ ਘਟਿ ਅੰਤਰ ਔ ਸਰਬ ਨਿਰੰਤਰ ਹ੍ਵੈ ਸੂਖਮ ਸਥੂਲ ਮੂਲ ਕੈਸੇ ਪਹਿਚਾਨੀਐ ।

ਸ਼ੰਕਾ-ਆਪ ਆਖਦੇ ਹਨ ਕਿ ਧਰਮ ਆਪਨੇ ਤਾਂ ਤਥਾ ਹੀ 'ਧਰਮ' ਕਰ ਦਿਖਾਏ ਕਿ ਆਪ ਆਖਦੇ ਹੋ ਉਸਦਾ ਪਤਾ ਹੀ ਨਹੀਂ ਲਗਦਾ ਤਾਂ ਉਸ ਨੂੰ ਲੱਭਣਾ ਹੀ ਨਾ ਕਿਵੇਂ ਲਭੀਏ ਜੋ ਸਭਨਾਂ ਦੀ ਪਰੀਖਿਆ ਵਾਸਤੇ ਪਰ

ਕਿ ਉਸ ਵਾਹਿਗੁਰੂ ਦਾ ਸਭ ਜੀਵਾਂ ਦੇ ਅੰਦਰ ਪ੍ਰਤੱਖ ਹਿਰਦਿਆਂ ਵਿਚ (ਅੰਤਰ) ਵਿਚ ਨਿਵਾਸ (ਨਿਰੰਤਰ ਇਕ ਰਸ ਹੈ ਭਾਵ ਭੀ ਕਿ ਸਭਨਾਂ ਜੀਵਾਂ ਵਿਚ ਵਾਹਿਗੁਰੂ ਹੈ ਆਪ ਲਭ ਲਵੋ ਅਤੇ ਫਿਰ ਉਹ ਕੈਸਾ ਹੈ ਕਿ (ਸੂਖਮ) ਨਿਰਗੁਨ ਅਤੇ (ਸਥੂਲ) ਸਰਗੁਨ ਅਵਤਾਰਾਂ ਦਾ (ਮੂਲ) ਕਾਰਨ ਕਰਨ ਵਾਲਾ ਹੈ ਭਾਵ (ਸੂਖਮ) ਨਿਕਿਆਂ (ਸਥੂਲ) ਵਡਿਆਂ ਜੀਵਾਂ ਦਾ (ਮੂਲ) ਰਚਨ ਵਾਲਾ ਹੈ ਸੋ ਉਸਨੂੰ ਕਿਸ ਤਰਾਂ ਪਹਿਚਾਨੀਐ) ਜਾਣੀਐ ॥

ਨਿਰਗੁਨ ਅਦ੍ਰਿਸ਼ਿ ਦ੍ਰਿਸ਼ਟਿ ਮੈਂ ਨਾਨਾ ਪ੍ਰਕਾਰ
ਅਲਖ ਲਖ੍ਯੋ ਨ ਜਾਇ ਕੈਸੇ ਉਰ ਆਨੀਐ ।

ਸ਼ੰਕਾ-ਬਸ ਆਪਨੇ ਤਾਂ ਛੇਰੋ ਹੀ ਢਾਹ ਦਿਤੀ । ਉਤਰ—ਓਹ ਨਿਰਗੁਨ (ਅਦ੍ਰਿਸ਼ਟਿ) ਦ੍ਰਿਸ਼ਟੀ ਨਜ਼ਰ ਨਹੀਂ ਆਉਂਦਾ ਅਤੇ (ਦ੍ਰਿਸ਼ਟਿ ਮੈ) ਸਰਗੁਨ ਸਰੂਪ ਜੋ ਹੈਂ ਸੋ ਓਹ ਨਾਨਾ ਪ੍ਰਕਾਰ ਕਰਕੇ ਹੈ ਸੋ ਉਹ (ਅਲਖ) ਜੋ ਨਾ ਦੇਖਿਆ ਜਾਵੇ ਵਾਹਿਗੁਰੂ ਓਹ (ਲਖ੍ਯੋ) ਦੇਖਿਆ ਨਹੀਂ ਜਾਂਦਾ ਭਾਵ ਓਹ ਅਲਖ ਲਖਿਆ ਨਹੀਂ ਜਾਂਦਾ ਭਾਵ ਉਸ ਨਿਰਗੁਣ ਵਾਹਿਗੁਰੂ ਦੇ ਬਹੁਤ ਆਕਾਰ ਨਜ਼ਰ ਆਉਂਦੇ ਹਨ ਤਾਂ ਇਸ ਵਾਸਤੇ ਓਹ ਦੇਖਿਆ ਨਹੀਂ ਜਾਂਦਾ ਤੇ ਉਸਨੂੰ (ਉਰ) ਹਿਰਦੇ ਵਿਚ ਕਿਸ ਤਰਾਂ (ਆਨੀਐ) ਲਿਆਈਏ ਬਸ ਆਪ ਨੇ ਇਹ ਅਕਾਲ ਪੁਰਖ ਦੀ ਉਪਮਾਂ ਸਾਰੀ ਕਹੀ ਕਿ ਓਹ ਦੇਖਿਆ ਨਹੀਂ ਜਾਂਦਾ ਕਿਉਂਕਿ ਬਿਅੰਤ ਹੈ ਸੋ ਹੁਣ ਅਗੇ ਗੁਰਾਂ ਦੀ ਸਮਰਥਤਾ ਦਸਦੇ ਹਨ ॥

ਸੱਤਿ ਰੂਪ ਸਤਿ ਨਾਮੁ ਸੱਤਿ ਗੁਰੂ ਗਿਆਨ ਧਿਆਨ
ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ ॥ ੬੪॥੯੮

ਸਤਿਗੁਰੂ ਦੁਵਾਰੇ ਕਿਆ ਗੁਰਾਂ ਕਰਕੇ ਸਤਿਨਾਮ ਦਾ ਜਦ ਧਿਆਨ ਕੀਤਾ ਤਾਂ (ਸਤਿ ਰੂਪ) ਵਾਹਿਗੁਰੂ ਦਾ ਗਿਆਨ ਹੋਇਆ ਪਰ
ਸ਼ੰਕਾ-ਆਪ ਆਖਦੇ ਹਨ ਕਿ ਕੀ ਗਿਆਨ ਹੋਯਾ ਅਤੇ ਕੀ ਉਨਾਂ ਨੇ ਜਾਣਿਆ ਸੋ ਉਤਰ—ਕਿ ਸਾਰਿਆਂ ਵਿਚ ਜੋ (ਪੂਰਨ ਬ੍ਰਹਮ) ਪੂਰਿਆ ਹੋਇਆ ਵਾਹਿਗੁਰੂ ਹੈ ਉਸਨੂੰ ਆਪਣਾ ਆਤਮਾ ਰੂਪ ਮੰਨਿਆਂ ਭਾਵ ਕਿ ਮੈ ਵਾਹਿਗੁਰੂ ਦਾ ਰੂਪ ਹਾਂ ਅਤੇ ਵਾਹਿਗੁਰੂ ਮੇਰਾ ਰੂਪ ਹੈ ਵ ਵਾਹਿਗੁਰੂ ਨੂੰ ਸਭ ਆਤਮਾ ਦੇ (ਕੇ) ਰਚਨ ਵਾਲਾ ਜਾਣਿਆ ਭਾਵ ਕਿ ਜੜ ਚੇਤਨ ਵਿਚ ਵਾਹਿਗੁਰੂ ਨੂੰ ਨਿਵਾਸ ਕਰਦਾ ਹੋਇਆ ਦੇਖਿਆ ਅਤੇ ਕਿਸੇ ਨੂੰ ਦੁਖ ਨਾ ਦਿਤਾ ॥

ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ

ਪੂਰਨ ਕ੍ਰਿਪਾ ਕੈ ਪਰ ਪੂਰਨ ਕੈ ਜਾਨੀਐ।

ਅਬ ਆਪ ਆਖਦੇ ਹਨ ਕਿ ਐਸਾ ਜੋ ਆਪ ਨੇ ਵਾਹਿਗੁਰੂ ਪਿਛੇ ਕਥਨ ਕਰਿਆ ਹੈ ਜਿਸਦੇ ਲਛਨ ਪਿਛੇ ਪ੍ਰਤੱਛ ਹਨ ਕਿ ਵੇਖਿਆ ਨਹੀਂ ਜਾਂਦਾ ਅਤੇ ਹਿਰਦੇ ਵਿਚ ਨਹੀਂ ਆ ਸਕਦਾ ਪਰ ਐਸੇ ਵਾਹਿਗੁਰੂ ਨੂੰ ਗੁਰੂ ਦਿਖਾ ਦਿੰਦੇ ਹਨ ਪਰ ਓਹ ਗੁਰੂ ਪ੍ਰਮਾਤਮਾ ਨੂੰ ਦਿਖਾਉਨ ਵਾਲੇ ਆਪ ਕਿਆ ਸਰੂਪ ਹਨ ਜੈਸੇ ਕਿਸੇ ਨੇ ਪੁਛਿਆ ਇਸ ਹੀਰੇ ਦੀ ਕੀਮਤ ਇਤਨੀ ਕਿਉਂ ਹੈ ਤਾਂ ਅਗੋਂ ਉਤਰ ਮਿਲਿਆ ਕਿ ਇਹ ਅਮੋਲਕ ਹੀਰਾ ਹੈ ਜਿਸ ਕਰਕੇ ਇਸ ਦੀ ਇਤਨੀ ਕੀਮਤ ਹੈ, ਜੋ ਉਸ ਪ੍ਰਮਾਤਮਾ ਦੀ ਪਿਛਲੇ ਕਬਿਤ ਵਿਚ ਉਸਤਤ ਕਰਕੇ ਅਤੇ ਫਿਰ ਗੁਰਾਂ ਦੀ ਸਮਰਥਤਾ ਦਸੀ ਤਾਂ ਉਹ ਗੁਰੂ ਆਪ ਕਿਆ ਸਰੂਪ ਹਨ ਤਿਸ ਪਰ ਭਾਈ ਸਾਹਿਬ ਜੀ ਵਰਨਨ ਕਰਦੇ ਹਨ:-

ਆਪ ਆਖਦੇ ਹਨ ਕਿ ਪੂਰਨ(ਬ੍ਰਹਮ)ਵਾਹਿਗੁਰੂ ਜੋ ਅਰਥ (ਸਭਨੀ) ਰੂਪ ਹੈ ਭਾਵ ਕਿ ਸਾਰਿਆਂ ਜੀਵਾਂ ਦਾ ਰੂਪ ਅਤੇ ਪਾਲਨ ਰਚਨ ਆਦਿਕ ਕਰੇਨ ਵਾਲਾ ਜੋ ਵਾਹਿਗੁਰੂ ਹੈ ਓਹੋ ਹੀ ਪੂਰਨ (ਗੁਰੂ)ਗੁਰੂ ਨਾਨਕ ਜੀ ਹਨ ਅਤੇ ਅਗੇ ਵੀ ਉਨ੍ਹਾਂ ਨੇ ਹੀ ਪੂਰਨ ਗੁਰੂ ਰੂਪ ਧਾਰਿਆ ਹੈ ਭਾਵ ਕੀ ਕਿ ਐਸੇ ਵਾਹਿਗੁਰੂ ਦਾ ਸਰੂਪ ਗੁਰੂ ਸਾਹਿਬ ਜੀ ਹਨ॥

ਨੋਟ-ਇਹ ਅਧੀ ਪੰਗਤੀ ਅਨੁੰ ਕਰਕੇ ਲਗਾਈ ਗਈ ਹੈ ਅਤੇ ਬਾਕੀ ਦੀ ਅਧੀ ਪੰਗਤੀਦਾ ਅਗੇ ਨੂੰ ਅਰਥ ਕੀਤਾ ਜਾਵੇਗਾ ਕਿਉਂਕਿ ਜਥਾ ਕ੍ਰਮਅਰਥ ਕਰਨਾ ਚਾਹੀਦਾ ਹੈ॥

ਦਰਸ ਧਿਆਨ ਲਿਵ ਏਕ ਔ ਅਨੇਕ ਮੇਕ
ਸਬਦ ਬਿਬੇਕ ਟੇਕ ਏਕੈ ਉਰ ਆਨੀਐ।

ਸ਼ੰਕਾ-ਆਪ ਆਖਦੇ ਹਨ ਕਿ ਤੁਸਾਂ ਨੇ ਸਾਧਨ ਨਹੀਂ ਦਸੇ ਜੋ ਉਸ ਪ੍ਰਮਾਤਮਾ ਨੂੰ ਕਿਥੇ ਕਿਥੇ ਪਰੀਪੂਰਨ ਜਾਣੀਏ ਹੈ ਸੋ ਉਤਰ- ਜਦ ਗੁਰਾਂ ਦੇ(ਦਰਸ) ਦਰਸ਼ਨ ਦੇ (ਧਯਾਨ) ਦੇਖਣ ਵਿਚ (ਲਿਵ) ਬ੍ਰਿਤੀ ਲਗਾਈ ਤਾਂ ਅਨੇਕਾਂ ਵਿਚ ਇਕ (ਵਾਹਿਗੁਰੂ) ਨੂੰ (ਮੇਕ) ਮਿਲਿਆਂ ਹੋਇਆ ਜਾਣਿਆ ਤੇ ਜਦ ਗੁਰਾਂ ਦੇ (ਸਬਦ) ਉਪਦੇਸ਼ ਦੇ (ਬਿਬੇਕ) ਵਿਚਾਰ ਦੀ (ਟੇਕ) ਓਟ ਲਈ ਤਾਂ ਇਕ ਪ੍ਰਮਾਤਮਾ ਨੂੰ ਹੀ ਆਪਣੇ (ਉਰ) ਹਿਰਦੇ ਵਿਚ ਜਾਣ ਲਿਆ ਪਰ ਇਹ ਗੁਰੂ ਪੂਰਿਆਂ ਨੇ ਜਦ ਅਧਕਾਰੀ ਜਗਿਆਸੂ ਨੂੰ ਵੇਖਿਆ ਤਾਂ ਇਹ ਪੂਰਨ ਕਿਰਪਾ ਦ੍ਰਿਸ਼ਟੀ ਕਰੀ ਤੇ ਜਗਯਾਸੂ ਨੇ ਪਰ ਪੂਰਨ ਨੂੰ ਪੂਰਨ (ਕੈ) ਕਰਕੇ ਸਾਰਿਆਂ ਦੇ ਅੰਦਰ ਬਾਹਰ ਜਾਣ ਲਿਆ॥ ਚੰਕ-ਆਪਣੇ ਹਿਰਦੇ ਵਿਚ ਵੀ ਪਰੀ ਪੂਰਨ ਜਾਣਿ ਲਿਆ ਅਤੇ ਸਾਰਿਆਂ ਵਿਚ ਵੀ ਪ੍ਰਮਾਤਮਾ ਨੂੰ ਪਰੀ ਪੂਰਨ ਜਾਣ ਲਿਆ ਪਰ ਇਹ

ਵਸ ਨਾਦਮੀ ਤ੍ਰਿ ਕਿਸਤ੍ਰਾ ਨਾਲ ਲਿਆ ॥

ਦ੍ਰਿਸ਼ਟਿ ਦਰਸ ਅਰ ਸਬਦ ਸੁਰਤਿ ਮਿਲ
ਪੇਖਤਾ ਬਕਤਾ ਸ੍ਰੋਤਾ ਏਕੈ ਪਹਿਚਾਨੀਐ।

ਦ੍ਰਿਸ਼ਟੀ ਕਰਕੇ ਦਰਸ) ਦਰਸ਼ਨ ਨੂੰ (ਪੇਖਤਾ) ਵੇਖਦਾ ਹੈ ਤਿਸ ਵਿਚ ਵੀ ਮਿਲਿਆ ਹੋਇਆ ਹੈ ਭਾਵ ਜੋ ਜੀਵ ਦੇਖਦਾ ਹੈ ਇਸ ਵਿਚ ਵੀ ਹਰੀ ਮਿਲਿਆ ਹੋਇਆ ਹੈ (ਅਰ) ਫਿਰ ਜੋ (ਸਬਦ) ਬਾਣੀ ਕਰਕੇ (ਬਕਤਾ) ਬੋਲਦਾ ਹੈ ਤਿਸ ਵਿਚ ਵੀ ਮਿਲਿਆ ਹੋਇਆ ਹੈ ਭਾਵ ਜੋ ਬਚਨ ਜੀਵ ਉਚਾਰਦਾ ਹੈ ਇਸ ਵਿਚ ਵੀ ਵਾਹਿਗੁਰੂ ਮਿਲਿਆ ਹੋਇਆ ਹੈ ਅਤੇ (ਸੁਰਤਿ) ਕੰਨ ਕਰਕੇ ਜੋ (ਸ੍ਰੋਤਾ) ਸੁਣਨ ਵਾਲਾ ਬਚਨ ਕੋ ਸੁਣ ਰਿਹਾ ਹੈ ਤਿਸ ਵਿਚ ਵੀ ਮਿਲ ਰਹਿਆ ਹੈ ਭਾਵ ਜੋ ਕੰਨਾ ਕਰਕੇ ਜੀਵ ਸੁਣਦਾ ਹੈ ਸੋ ਤਿਸ ਵਿਚ ਵੀ ਵਾਹਿਗੁਰੂ ਹੈ ਇਸ ਪ੍ਰਕਾਰ ਇਕ ਵਾਹਿਗੁਰੂ ਨੂੰ ਹੀ ਸਾਰਿਆਂ ਵਿਚ (ਪਹਿਚਾਨੀਐ) ਜਾਣਿਆ ਹੈ।

੧ ਦ੍ਰਿਸਟਿ ਦਰਸ ਪੇਖਤਾ ਮਿਲ।
੨ ਸਬਦ ਬਕਤਾ ਮਿਲ।
੩ ਸੁਰਤਿ ਸ੍ਰੋਤਾ ਮਿਲ।

ਨੋਟ—ਇਸ ਤਰ੍ਹਾਂ ਇਹ ਅਨ੍ਹੇ ਅਖਰ ਲਗਾਏ ਹਨ ਅਤੇ ਮਿਲ ਪਦ ਇਕ ਹੈ ਜੇਹੜਾ ਤਿੰਨਾਂ ਨਾਲ ਹੀ ਲਗਦਾ ਹੈ ਭਾਵ ਕਿ ਏ ਮਿਲ ਪਦ ਇਕ ਸੰਬੰਧ ਨਾਲ ਲਗਦੇ ਹਨ ਅਤੇ ਇਸ ਦਾ ਨਾਨਾਨੀ ਚੱਹ ਵੀ ਅਰਥ ਕਰਦੇ ਹਨ।

੧ ਦ੍ਰਿਸਟਿ ਦਰਸ ਪੇਖਤਾ ਮਿਲ ਏਕੈ ਪਹਿਚਾਨੀਐ।
੨ ਸਬਦ ਬਕਤਾ ਮਿਲ ਏਕੈ ਪਹਿਚਾਨੀਐ।
੩ ਸੁਰਤ ਸ੍ਰੋਤਾ ਮਿਲ ਏਕੈ ਪਹਿਚਾਨੀਐ ॥

ਸੂਖਮ ਸਥੂਲ ਮੂਲ ਗੁਪਤ ਪ੍ਰਗਟ ਨਟ
ਨਟ ਵਟ ਸਿਮਰਨ ਮੰਤ੍ਰ ਮਨਮਾਨੀਐ ॥੬੫॥੬੯

੧ ਸੂਖਮ ਗੁਪਤ ਨਟ।

ਜੋ ਸਰੀਰ ਦੇਖਨ ਮੇਂ ਨਹੀਂ ਆਉਂਦਾ ਵਾਹਿਗੁਰੂ ਨਿਰਗੁਨ ਸੋ ਛਪਿਆ ਹੋਇਆ ਬਣਾਉ ਹੈ ਅਤੇ ਜੋ,

੨ ਸਥੂਲ ਪ੍ਰਗਟ ਨਟ।

ਜਿਸ ਵਾਹਿਗੁਰੂ ਸਰਗੁਨ ਦਾ ਬੜੇ ਅਕਾਰ ਵਾਲਾ ਪ੍ਰਤੱਖ ਹੀ (ਨਟ) ਬਣਾਉ ਹੈ ॥

ਸੋ ਦੋਆਂ ਵਿਧਨਾਂ ਦਾ (ਨਟ) ਮਦਾਰੀ ਦੇ ਵੱਟੇ ਵਾਂਗੂ (ਮੂਲ) ਕਾਰਨ ਹੈ ਭਾਵ ਕੀ ਨਿਰਗੁਨ ਸਰਗੁਨ ਦਾ ਜਿ ਇਹਨਾਂ ਦੋਹਿਆਂ ਦਾ ਬਣਾਉਣ ਵਾਲਾ ਹੈ

ਅਤੇ ਚਾਨਣ ਰੂਪ ਪ੍ਰਮਾਤਮਾ ਹੈ ਜੋ ਉਸਦੇ (ਮੈਂਨੂੰ) ਨਾਮ ਸਿਮਰਨ ਵਿਚ ਮਨ ਨੂੰ (ਮਾਨੀਐ) ਲਗ ਜਾਵੇ ਭਾਵ ਮਨ ਵਿਚ ਉਸਨੂੰ ਸਚ ਸਚ ਮੰਨੀਐ ਤਾਂ ਨਾਮ ਜਾਪਣ ਨਾਲ ਮਿਲਦਾ ਹੈ ॥ ੪੫ ॥ ੯੯ ॥

ਆਪ ਆਖਦੇ ਹਨ ਐਸਾ ਜੋ ਅਕਾਲ ਪੁਰਖ ਦਾ ਨਾਮ ਹੈ ਸੋ ਸਾਧ ਸੰਗਤ ਵਿਚ ਸਿਮਰਿਆ ਜਾਂਦਾ ਹੈ ਸੋ ਸਾਧ ਸੰਗਤ ਕੈਸੀ ਹੈ ਕਿ ਵੈਰੀਆਂ ਨਾਲ ਵੀ ਪ੍ਰੇਮ ਕਰਨ ਵਾਲੀ ਹੈ ਤਾਂ ਤੇ ਐਸੀ ਸਾਧ ਸੰਗਤ ਵਿਚ ਵਾਹਿਗੁਰੂ ਦਾ ਨਾਮ ਸਿਮਰੋ ਕਿਉਂਕਿ ਸਾਧ ਸੰਗਤ ਦਾ ਨਾਤਾ ਇਤਯਾਦਕ ਸਾਰਿਆਂ ਨਾਲੋਂ ਅਛਾ ਹੈ ॥

"ਸਾਧ ਸੰਗਤ ਦਾ ਨਾਤਾ"

ਆਪ ਆਖਦੇ ਹਨ ਕਿ ਜਿਸਤ੍ਰਾਂ ਦਾ ਸਾਧ ਸੰਗਤ ਦਾ (ਨਾਤਾ) ਸਾਕ ਹੈ ਇਸ ਤਰਾਂ ਦਾ ਇਤਯਾਦਕਾਂ ਦਾ ਸਾਕ ਪ੍ਰੇਮ ਨਹੀਂ ਹੈ ਸੋ ਪਹਲੇ ਦਾਦਕਿਆਂ ਦੀ ਗਲ ਵਰਨਨ ਕਰਦੇ ਹਨ ਕਿ

ਨਹੀਂ ਦਦ ਸਾਰ ਪਿਤਾ ਪਿਤਾਮਾ ਪਰ ਪਿਤਾਮਾ
ਸੱਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।

(ਦਦ ਸਾਰ) ਦਾਦਕੇ ਵੀ ਸਾਰੇ ਐਸੇ ਨਹੀਂ ਹਨ ਤਿਸ ਪਰ ਸੰਕਾ ਕਰਦੇ ਹਨ ਕਿ ਆਪ ਨੇ ਨਿਰਾ ਦਾਦਕਿਆਂ ਦਾ ਨਾਮ ਹੀ ਲੈ ਦਿਖਾਏ ਹੋਰ ਨਾਮ ਭਿੰਨ ਭਿੰਨ ਕਰਕੇ ਨਹੀਂ ਵਰਨਨ ਕੀਤੇ ਤਿਸ ਪਰ ਆਪ ਕਥਨ ਕਰਦੇ ਹਨ ਕਿ ਬਾਪ ਅਤੇ (ਪਿਤਾਮਾ) ਬਾਬਾ ਤੇ (ਪਰਪਿਤਾਮਾ) ਦਾਦਾ ਅਤੇ ਦੋਸਤ, (ਕੁਟੰਬ) ਸੰਬੰਧੀ ਭਾਵ ਕੀ ਕਿ ਸਾਰੇ ਹੋਰ ਵੀ ਘਰ ਦੇ ਆਦਮੀ ਤੇ (ਸੁਤ) ਪੁਤ੍ਰ ਆਪਣਾ ਤੇ (ਬਾਂਧਵ) ਚਾਚਿਓਂ ਭਾਇਓਂ ਜੋ ਪੜਦਾਦੇ ਭਾਈ ਸਨ ਤੇ (ਭ੍ਰਾਤਾ) ਜੋ ਅਪਣਾ ਸਕਾ ਭਾਈ ਹੈ ਇਤਯਾਦਕ ਸਾਰੇ ਹੀ ਮਤਲਬੀ ਹਨ ਅਤੇ ਇਹ ਦੁਖ ਵਿਚ ਕੰਮ ਨਹੀਂ ਆਉਂਦੇ ਹਨ ਤੇ ਇਹਨਾਂ ਸਾਰਿਆਂ ਦਾ (ਨਾਤਾ) ਸਾਕ ਸਾਧ ਸੰਗਤ ਨਾਲੋਂ ਬਹੁਤ ਤੁਛ ਹੈ, ਸਾਧ ਸੰਗਤ ਦਾ ਨਾਤਾ ਉਚਾ ਹੈ ॥

ਨਹੀਂ ਨਨਸਾਰ ਮਾਤਾ ਪਰ ਮਾਤਾ ਬ੍ਰਿਧਮਾਤਾ
ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਖਯਾਤਾ ਹੈ।

(ਨਾਨਕਿਆਂ ਦਾ ਵਰਨਨ)

ਆਪ ਆਖਦੇ ਹਨ ਕਿ (ਨਨਸਾਰ) ਨਾਨਕਿਆਂ ਸਾਰਿਆਂ ਵਿਚੋਂ ਭੀ ਅਤੇ ਮਾਤਾ ਤੇ (ਪਰਮਾਤਾ) ਨਾਨੀ (ਬ੍ਰਿਧਪ੍ਰਮਾਤਾ) ਪੜਨਾਨੀ ਤੇ (ਮਾਮੂ) ਮਾਮਾ ਤੇ ਮਾਮੀ ਤੇ ਮਾਸੀ ਅਤੇ (ਮੌਸਾ) ਮਾਸੜ ਹੋਰ ਭੀ ਏਹੁ ਜੇਹੇ ਬਹੁਤ ਤਰਾਂ ਦੇ (ਬਖਯਾਤਾ) ਪ੍ਰਗਟ ਹੀ ਗਿਣੀਦੇ ਹਨ ਸੋ ਨਹੀਂ ਹਨ ਸਾਧ ਸੰਗਤ ਵਰਗੇ ॥

ਨਹੀਂ ਸਸੁਰਾਰ ਸਾਸ ਸਸੁਰਾ ਔ ਸਾਰੋ ਸਾਰੀ

ਨਹੀਂ ਬਿਵਹਾਰੀਅਨ ਮੈਂ ਜਾਚਕ ਨ ਦਾਤਾ ਹੈ।

(ਸਹੁਰਿਆਂ ਦਾ ਹਾਲ)

ਆਪ ਆਖਦੇ ਹਨ ਕਿ ਦਾਦਕਿਆਂ ਨਾਨਕਿਆਂ ਵਿਚੋਂ ਤਾਂ ਐਸਾ ਕੋਈ ਨਹੀਂ ਨਿਕਲਿਆ ਜੋ ਕਿ ਸਾਧ ਸੰਗਤ ਵਰਗਾ ਹੁੰਦਾ ਪਰ ਸਾਧ ਸੰਗਤ ਨਾਲੋਂ ਸਹੁਰੇ ਤਾਂ ਚੰਗੇ ਹੁੰਦੇ ਹੋਣਗੇ ਕਿਉਂਕਿ ਉਹ ਤਾਂ ਨਵਾਂ ਸਾਕ ਹੁੰਦਾ ਹੈ ਇਸ ਪਰ ਆਪ ਵਰਨਨ ਕਰਦੇ ਹਨ। ਕਿ (ਸਸੁਰਾਰ) ਸਹੁਰਿਆਂ ਸਾਰਿਆਂ ਵਿਚੋਂ ਭੀ ਅਤੇ ਸਾਸ (ਸੱਸ) ਤੇ (ਸਸੁਰਾ) ਸੌਹਰਾ ਅਤੇ (ਸਾਰੋ) ਸਾਲਾ ਤੇ (ਸਾਰੀ) ਸਾਲੀ ਵਿਚੋਂ ਭੀ ਐਸਾ ਸਾਕ ਨਹੀਂ ਹੈ ਜੈਸਾ ਕਿ ਸਾਧ ਸੰਗਤ ਵਿਚ ਹੈ। ਅਤੇ (ਬਿਉਹਾਰ) ਪ੍ਰੋਹਤਾਂ ਸਾਰਿਆਂ ਵਿਚੋਂ ਭੀ ਐਸਾ ਕੋਈ ਨਹੀਂ ਹੈ। ਕਿਉਂਕਿ ਜਿਨ੍ਹਾਂ ਚਿਰ ਪ੍ਰੋਹਤਾਂ ਨੂੰ ਕੁਛ ਮਿਲਦਾ ਰਹੇ ਉਨਾਂ ਚਿਰ ਹੀ ਰਾਜ਼ੀ ਰਹਿੰਦੇ ਹਨ। ਨਹੀਂ ਤਾਂ ਚੰਗੀ ਤਰਾਂ ਬੋਲਦੇ ਭੀ ਨਹੀਂ ਹਨ। ਅਤੇ (ਜਾਚਕ) ਮੰਗਤੇ ਭੀ ਐਸੇ ਨਹੀਂ ਹਨ। ਕਿਉਂਕਿ ਜਿੰਨਾਂ ਚਿਰ ਮੰਗਤਿਆਂ ਨੂੰ ਕੁਛ ਮਿਲਦਾ ਰਹੇ ਉਨ੍ਹਾਂ ਚਿਰ ਅਸੀਸਾਂ ਦਿੰਦੇ ਰਹਿੰਦੇ ਹਨ। ਅਤੇ (ਦਾਤਾ) ਦਾਨ ਦੇਨ ਵਾਲਿਆਂ ਵਿਚ ਭੀ ਐਸਾ ਸਾਕ ਨਹੀਂ ਹੈ। ਜੈਸਾ ਕਿ ਸਾਧ ਸੰਗਤ ਦਾ ਸਾਕ ਹੈ॥

ਅਸਨ ਬਸਨ ਧਨ ਧਾਮ ਕਾਹੂ ਮੈਂ ਨ ਦੇਖਯੋ
ਜੈਸੋ ਗੁਰਸਿਖ ਸਾਧ ਸੰਗਤ ਕੋ ਨਾਤਾਹੈ॥੯੯॥੧੦੦

ਆਪ ਆਖਦੇ ਹਨ ਕਿ (ਅਸਨ) ਭੋਜਨ ਅਰ (ਬਸਨ) ਕਪੜੇ (ਧਨ) ਦੌਲਤ ਤੇ (ਧਾਮ) ਘਰ ਦੇ ਇਤਆਦਕ ਇਹ ਪਿਆਰੇ ਹਨ। ਦੁਖ ਦੇ ਵੇਲੇ ਇਨਾਂ ਵਿਚੋਂ ਕੋਈ ਨਹੀਂ ਕੰਮ ਆਉਂਦਾ (ਕਾਹੂੰ) ਕਿਸੇ ਵਿਚ ਭੀ ਐਸਾ ਪ੍ਰੇਮ ਨਹੀਂ ਦੇਖਿਆ ਹੈ ਜੈਸਾ ਕਿ ਸਾਧ ਸੰਗਤ ਗੁਰੂ ਕੇ ਸਿਖਾਂ ਦਾ (ਨਾਤਾ) ਸਾਕ ਹੈ ਮਤਲਬ ਕਿ ਸਾਧ ਸੰਗਤ ਦੇ ਸਾਕ ਵਰਗਾ ਕੋਈ ਭੀ ਸੰਸਾਰ ਵਿਚ ਸਾਕ ਨਹੀਂ ਹੈ ਜੋ ਸਾਧ ਸੰਗਤ ਦੇ ਸਾਕ ਵਿਚ ਹੈ॥

ਜੈਸੇ ਮਾਤ ਪਿਤਾ ਪੂਤਿ ਪਾਲਤ ਅਨੇਕ ਸੁਤ
ਅਨਿਕ ਸੁਤਨ ਪੈ ਨ ਤੈਸੇ ਹੋਇ ਆਵਈ।

ਆਪ ਆਖਦੇ ਹਨ ਕਿ ਐਸਾ ਜੋ ਵਾਹਿਗੁਰੂ ਦਾ ਨਾਮ ਸਾਧ ਸੰਗਤ ਵਿਚ ਸਿਮਰਨਾ ਦਸਿਆ ਹੈ। ਸੋ ਜਿਨਾਂ ਆਦਮੀਆਂ ਸਿਮਰਿਆ ਉਹ ਤਾਂ ਤਰ ਗਏ ਜਿਨਾਂ ਨਾ ਸਿਮਰਿਆ ਉਹ ਸੰਸਾਰ ਸਾਗਰ ਵਿਚ ਦੁਖ ਪਾਉਂਦੇ ਰਹੇ। ਕਿਉਂਕਿ ਉਨ੍ਹਾਂ ਚਿਤ ਕਰਕੇ ਵਾਹਿਗੁਰੂ ਦਾ ਨਾਮ ਨਾ ਸਿਮਰਿਆ [illegible] ਕਰਕੇ ਕੋਈ ਸਿਖ ਆਖਨ ਲਗਾ ਕਿ [illegible] ਕਥਾ [illegible] [illegible] ਸਾਧ ਸੰਗਤ ਦੀ ਸੇਵਾ ਕਰਦੇ ਹਾਂ। ਅਤੇ [illegible] ਸਾਧ ਸੰਗਤ ਨੂੰ

(ਮਰਤੇ ਕੁਝ ਲਈਏ)। ਭਿਨ ਪਰ ਆਪ ਕਥਨ ਕਰਦੇ ਹਨ ਕਿ ਜੈਸੇ ਮਾਤਾ ਪਿਤਾ (ਪੁਤ੍ਰ ਪਾਲਕ) ਪਾਲਨਾ ਕਰਦੇ ਹਨ ਅਜੇਹਾ (ਸੁਭ) ਪੁਤ੍ਰਾਂ ਦੀ ਖਾਤ੍ਰ ਅੰਨ ਆਦਿਕ ਨਾਲ। ਪਰ ਅਫਸੋਸ ਕਿ ਅਜੇਹਾ ਪੁਤ੍ਰਾਂ ਪਾਸੋਂ ਇਕ ਮਾਂ ਬਾਪ ਦੀ ਸੇਵਾ ਨਹੀਂ ਹੋ ਸਕਦੀ। ਜਿਸ ਤਰਾਂ ਮਾਂ ਬਾਪ ਨੇ ਕੀਤੀ ਸੀ॥

ਜੈਸੇ ਮਾਤਾ ਪਿਤਾ ਹਿਤ ਚਾਹਤ ਹੈ ਸੁਤਨ ਕੌ
ਤੈਸੇ ਨ ਸੁਤਨ ਹਿਤ ਚਾਹ ਉਪਜਾਵਈ।

ਜੈਸੇ ਮਾਤਾ ਪਿਤਾ ਅਪਣ (ਸੁਤਨ) ਪੁਤ੍ਰਾਂ ਨੂੰ ਹਿਤ ਕਰਕੇ ਚਾਹੁੰਦੇ ਹਨ ਭਾਵ ਇਹ ਕਿ ਜਿਸ ਤਰਾਂ ਮਾਂ ਪਿਉ ਅਪਨੇ ਪੁਤ੍ਰਾਂ ਨਾਲ ਪਿਆਰ ਕਰਦੇ ਹਨ ਉਸ ਤਰਾਂ ਪੁਤ੍ਰਾਂ ਦੇ ਹਿਤ ਵਿਚ ਮਾਂ ਬਾਪ ਦੀ ਸੇਵਾ ਦੀ ਚਾਹ ਨਹੀਂ ਹੁੰਦੀ ਅਥਵਾ ਜਿਸ ਤਰਾਂ ਮਾਂ ਬਾਪ ਸੁਖ ਨੂੰ ਚਾਹੁੰਦੇ ਹਨ ਇਸ ਤਰਾਂ ਪੁਤਰ ਮਾਂ ਬਾਪ ਦੇ ਸੁਖ ਦੀ ਚਿਤ ਵਿਚ ਚਾਹ ਨਹੀਂ (ਉਪਜਾਵਈ) ਪ੍ਰਗਟ ਕਰਦੇ (ਰਖਦੇ ਹਨ)॥

ਜੈਸੇ ਮਾਤ ਪਿਤਾ ਸੁਤ ਸੁਖ ਦੁਖ ਸੋਗਾਨੰਦ
ਸੁਖ ਦੁਖ ਮੈਂ ਨ ਤੈਸੇ ਸੁਤ ਠਹਿਰਾਵਈ।

ਜੈਸੇ ਮਾਂ ਬਾਪ (ਸੁਤ) ਪੁਤ੍ਰ ਦੇ ਸੁਖ ਵਿਚ ਅਨੰਦ ਤੇ ਦੁਖ ਵਿਚ (ਸੋਗ) ਦੁਖੀ ਹੁੰਦੇ ਹਨ ਭਾਵ ਇਹ ਕਿ ਜੈਸੇ ਮਾਂ ਪਿਉ ਅਪਨੇ ਪੁਤਰ ਦੇ ਸੁਖਾਂ ਦੁਖਾਂ ਨੂੰ ਸਿਰ ਤੇ ਝਲਦੇ ਹਨ ਪਰ ਅਫਸੋਸ ਮਾਂ ਬਾਪ ਦੇ ਸੁਖ ਦੁਖ ਵਿਚ (ਸੋਗਾਨੰਦ) ਸੋਗ ਅਤੇ ਅਨੰਦ ਨੂੰ ਨਹੀਂ ਹਿਰਦੇ ਵਿਚ ਪੁਤਰ ਠਹਿਰਾਉਂਦੇ॥

ਜੈਸੇ ਮਨ ਬਚ ਕ੍ਰਮ ਸਿਖਨ ਲਡਾਵੈ ਗੁਰ
ਤੈਸੇ ਗੁਰ ਸੇਵਾ ਗੁਰ ਸਿਖ ਨ ਹਿਤਾਵਈ॥੬੭॥੧੦੧

ਇਸੇ ਤਰਾਂ ਕਿ ਜਿਸ ਤਰਾਂ ਮਨ ਕਰਕੇ ਅਤੇ (ਬਚ) ਬਾਣੀ ਕਰਕੇ ਤੇ (ਕ੍ਰਮ) ਸਰੀਰ ਕਰਕੇ ਸਿਖਾਂ ਨੂੰ ਗੁਰੂ ਸਾਹਿਬ ਜੀ (ਲਡਾਵੈ) ਅਨੰਦ ਦੇਂਦੇ ਹਨ ਭਾਵ ਇਹ ਕਿ ਜਿਸ ਤਰਾਂ ਗੁਰੂ ਸਾਹਿਬ ਅਪਨੇ ਸਿਖਾਂ ਨਾਲ ਮਨ ਤੇ ਬਾਣੀ ਤੇ ਸਰੀਰ ਕਰਕੇ ਪਿਆਰ ਕਰਦੇ ਹਨ ਤੈਸੇ ਹੀ ਮਨ ਬਾਣੀ ਸਰੀਰ ਕਰਕੇ ਗੁਰੂ ਸਾਹਿਬ ਦੀ ਸਿਖ ਸੇਵਾ ਮੇਂ (ਹਿਤਾਵਈ) ਚਿਤ ਨਹੀਂ ਲਿਆਉਂਦੇ ਹਨ ਭਾਵ ਕਿ ਸਿਖ ਗੁਰੂ ਸਾਹਿਬ ਦੀ ਮਨ ਬਾਣੀ ਤੇ ਸਰੀਰ ਕਰਕੇ ਸੇਵਾ ਨਹੀਂ ਕਰਦੇ॥

ਜੈਸੇ ਬੰਛਪ ਧਰ ਧਿਆਨ ਸਾਵਧਾਨ ਰਹੈ

ਤੈਸੇ ਮਾਤ ਪਿਤਾ ਪ੍ਰੀਤਿ ਸੁਤ ਨ ਲਗਾਵਈ ।

ਤਿਸ ਪਰ ਕੋਈ ਸਿਖ ਆਖਨ ਲਗਾ ਕਿ ਅਸੀ ਨਿਤ ਦਿਹਾੜੀ ਸੇਵਾ ਕਰਦੇ ਰਹਿੰਦੇ ਹਾਂ ਹੋਰ ਕੀ ਕਰੀਏ ਅਰ ਕਿਸ ਤਰਹ ਸੇਵਾ ਕਰੀਏ ਤਿਸ ਪਰ ਆਪ ਆਖਦੇ ਹਨ ਕਿ ਇਸ ਤਰਾਂ ਸੇਵਾ ਕਰੀਏ (ਜੈਸੇ ਕਛਪ) ਕਛੂ (ਧਰ) ਧਿਆਨ ਧਰਕੇ ਭਾਵ ਕੀ ਖਿਆਲ ਕਰਕੇ (ਸਾਵਧਾਨ) ਪਾਲਨਾ ਕਰਦਾ ਹੈ ਭਾਵ ਕੀ ਕਿ ਜਿਸ ਤਰਾਂ ਕਛੂ ਆਪ ਪਾਨੀ ਵਿਚ ਰਹਿੰਦਾ ਹੈ ਅਰ ਬੱਚੇ ਬਰੇਤੇ ਵਿਚ ਛਡ ਜਾਂਦਾ ਹੈ ਪਰ ਖਿਆਲ ਉਨ੍ਹਾਂ ਦੇ ਵਿਚ ਹੀ ਰਖਦਾ ਹੈ ਤੇ ਉਹਦੇ ਧਿਆਨ ਰਖਨ ਨਾਲ ਬਚੇ ਪਲਦੇ ਰਹਿੰਦੇ ਹਨ ਤੈਸੇ ਹੀ ਮਾਂ ਬਾਪ ਨਾਲ ਪ੍ਰੀਤ (ਸੁਤ) ਪੁਤ੍ਰ ਨਹੀ (ਲਗਾਵਈ) ਕਰਦਾ ਹੈ ॥

ਧਰਤੀ ਦੇ ਉਪਰ ਹੀ ਕਛੂ ਹੁੰਦਾ ਹੈ ਤੇ ਬਚੇ ਭੀ ਪਾਸ ਹੀ ਹੁੰਦੇ ਨੇ ।

ਜੈਸੇ ਸਿਮਰਨ ਕਰ ਕੂੰਜ ਪਰਪੰਕ ਕਰੈ
ਤੈਸੇ ਸਿਮਰਨ ਸੁਤ ਪੈ ਨ ਬਨ ਆਵਈ ।

ਅਕਾਸ਼ ਦਾ ਹਾਲ

ਜੈਸੇ ਕੂੰਜ ਪਰਦੇਸ ਵਿਚ ਜਾਕੇ ਅਪਨੇ ਬਚਿਆਂ ਨੂੰ (ਸਿਮਰਨ) ਯਾਦ ਕਰਕੇ (ਪ੍ਰਪੰਕ) ਪਾਲਦਾ ਹੈ ਭਾਵ ਕੀ ਕਿ ਜਿਸ ਤਰਾਂ ਕੂੰਜ ਅਪਨਿਆਂ ਨਿਕਿਆਂ ਨਿਕਿਆਂ ਬਚਿਆਂ ਨੂੰ ਛਡਕੇ ਪ੍ਰਦੇਸ ਵਿਚ ਚਲੀ ਜਾਂਦੀ ਹੈ ਅਰ ਮਨ ਵਿਚ ਬਚਿਆਂ ਨੂੰ ਹਰ ਵਕਤ ਯਾਦ ਰਖਦੀ ਹੈ ਅਰ ਉਹ ਪਿਛੇ ਪਲਦੇ ਰਹਿੰਦੇ ਹਨ ਤੈਸੇ ਹੀ ਪੁਤਰ ਕੋਲੋਂ ਉਸ ਕੂੰਜ ਵਾਂਗੂ ਮਾਂ ਬਾਪ ਦੀ ਸੇਵਾ ਦਾ ਸਿਮਰਨ ਕਰਨਾ ਨਹੀ ਬਨ ਆਂਵਦਾ ਭਾਵ ਕੀ ਕਿ ਉਸ ਕੂੰਜ ਵਾਂਗੀ ਪੁਤਰ ਅਪਨੇ ਮਾਂ ਪਿਊ ਨੂੰ ਦਿਲ ਵਿਚ ਯਾਦ ਨਹੀਂ ਰਖਦਾ ਹੈ ॥

ਜੈਸੇ ਗਊ ਬਛੁਰਾ ਕੌ ਦੁਗਧ ਪੀਆਇ ਪੋਖੈ
ਤੈਸੇ ਬਛੁਰਾ ਨ ਗਊ ਪ੍ਰੀਤਿ ਹਿਤ ਲਾਵਈ ।

ਨੇੜੇ ਦੂਰ ਦਾ ਹਾਲ

ਜਿਸ ਤਰਾਂ ਗਊ ਅਪਨੇ ਵਛੇ ਨੂੰ (ਦੁਗਧ) ਦੁਧ ਪਿਆਕੇ (ਪੋਖ) ਪਾਲਦੀ ਹੈ ਤੈਸੇ ਹੀ ਵਛਾ ਮਾਂ ਨਾਲ (ਹਿਤ ਲਾਂਵਦਾ) ਪ੍ਰੇਮ ਕਰਕੇ ਪ੍ਰੀਤ ਨਹੀਂ ਲਾਉਂਦਾ ਹੈ ॥

ਜੈਸੇ ਗਿਆਨ ਧਿਆਨ ਸਿਮਰਨ ਗੁਰ ਸਿਖ *ਪ੍ਰੀਤ

---

*(ਪ੍ਰੀਤਿ) ਪਾਠ ਠੀਕ ਹੈ ਅਤੇ ਪ੍ਰੀਤ ਨਹੀਂ ॥

ਤੈਸੇ ਕੈਸੇ ਸਿਖ ਗੁਰ ਸੇਵਾ ਠਹਿਰਾਵਈ ॥ਛੰਦ॥੧੯੨

ਜੈਸੇ (ਗਿਆਨ) ਵਿਚਾਰ ਧਿਆਨ ਲਗਾਉਣਾ ਅਰ ਸਿਮਰਨ ਵਾਹਗੁਰੂ ਦਾ ਜਾਪ ਕਰਨਾ ਇਹ ਜੇਹੜਾ ਹੈ ਗੁਰੂ ਸਾਹਿਬ ਅਪਨੇ ਸਿਖਾਂ (ਪ੍ਰਤਿ) ਤਾਈਂ ਦਸਦੇ ਹਨ ਵਾ ਪ੍ਰੀਤੀ ਕਰਕੇ ਦੇਂਦੇ ਹਨ ਅਥਵਾ ਗੁਰੂ ਜੀ ਅਪਨੇ ਸਿਖਾਂ ਨੂੰ ਸਾਧਨਾ ਵਿਚ (ਪ੍ਰਪਕ) ਪਾਲਦੇ ਹਨ ਕਿਉਂ ਕਿ ਮੁਕਤੀ ਦਾ ਰਸਤਾ ਦਸਦੇ ਹਨ ਅਤੇ ਸੰਸਾਰ ਤੋਂ ਤਾਰ ਕੇ ਤਾਰਨ ਦਾ ਰਸਤਾ ਦਸਦੇ ਹਨ ਤੈਸੇ ਹੀ ਗੁਰੂ ਕੇ ਸਿਖ ਗੁਰੂ ਕੀ ਸੇਵਾ ਵਿਚ (ਕੈਸੇ) ਕਿਸਤ੍ਰਾਂ (ਠਹਰਾਵਈ) ਠਹਰਨ ਵਿਚ ਆਵਨ ਭਾਵ ਕਿਸੀ ਪ੍ਰਕਾਰ ਕਿਸਤ੍ਰਾਂ ਗੁਰੂ ਕੀ ਸੇਵਾ ਸਿਖ ਕਰ ਸਕਨ ਕਿ ਜੈਸੇ ਗੁਰੂ ਸਿਖਾਂ ਨਾਲ ਪੇਸ਼ ਆਉਂਦੇ ਸਨ ਭਾਵ ਕੀ ਕਿ ਸਿਖ ਨਹੀਂ ਆਸਕਦੇ।

ਜੈਸੇ ਮਾਤ ਪਿਤਾ ਕੇਰੀ ਸੇਵਾ ਸਰਵਨ ਕੀਨੀ
ਸਿਖ ਬਿਰਲੋਈ ਗੁਰ ਸੇਵਾ ਠਹਿਰਾਵਈ ।

ਆਪ ਆਖਦੇਹਨ ਕਿ ਸਿਖ ਨੇ ਆਖਿਆ ਕਿ ਅਸੀਂ ਗੁਰੂ ਦੀ ਸੇਵਾ ਕਿਸ ਤ੍ਰਾਂ ਕਰੀਏ ਵਾ ਸਿਖ ਨੇ ਆਖਿਆ ਅਸੀ ਗੁਰੂ ਕੀ ਸੇਵਾ ਬੜੀ ਕਰਦੇ ਹਾਂ ਤਿਸ ਪਰ ਭਾਈਜੀ ਕਥਨਕਰਦੇਹਨ ਜੈਸੇ ਮਾਂ ਬਾਪ (ਕੇਰੀ) ਦੀ (ਸੇਵਾ) ਟਹਿਲ ਸਰਵਨ ਨੇ ਕੀਤੀਸੀ ਭਾਵ ਕੀ ਕਿ ਮਾਤਾ ਪਿਤਾ ਨੂੰ ਵਹਿੰਗੀ ਵਿਚ ਚਕਕੇ ਲਈਫਿਰਿਆ ਸੀ ਅਰ ਦਸਰਥ ਨੇ ਬਾਨ ਮਾਰਕੇ ਮਾਰਦਿਤਾ ਸੀ ਤਾਂ ਅੰਧਲੀ ਅੰਧਲੇਨੇ ਸ੍ਰਾਪ ਦਿਤਾਸੀ ਕਿ ਜੈਸੇ ਅਸਾਡਾ ਪੁਤ੍ਰ ਤੂੰ ਮਾਰਿਆਹੈ ਤੇ ਅਸਾਂ ਪੁਤ੍ਰਦੇ ਵਿਜੋਗਤੋਂ ਦੁਖੀ ਹੋਏ ਹਾਂ ਤੈਸੇ ਤੂੰ ਭੀ ਦੁਖੀ ਪੁਤ੍ਰਾਂ ਦੇ ਹਥੋਂ ਮਰੇਂਗਾ, ਪਰ ਏਵੇ ਸੇਵਾ ਦਾ ਭਾਵ ਲੈਣਾ ਹੈ ਤੈਸੇ ਗੁਰੂ ਦੀ ਸੇਵਾ ਵਿਚ ਕੋਈ ਵਿਰਲਾ ਹੀ ਸਿਖ (ਠਹਿਰਾਵਈ) ਠਹਰਨ ਵਿਚ ਆਉਂਦਾ ਹੈ ਭਾਵ ਠਹਰਦਾ ਹੈ ਜੈਸਾ ਕਿ ਗੁਰੂ ਨਾਨਕ ਜੀ ਦੀ ਸੇਵਾ ਵਿਚ ਗੁਰੂ ਅੰਗਦ ਜੀ ਹੀ ਠਹਰੇ ਸਨ ਅਤੇ ਦਸਮੇਸ਼ ਜੀ ਦੀ ਪਰਖਨ ਸਮੇ ਭੀ ਅਗੇ ਪੰਜ ਹੀ ਨਿਤਰੇ ਸਨ ॥

ਜੈਸੇ ਲਛਮਨ ਰਘੁਪਤਿ ਭਾਇ ਭਗਤਿ ਮੈਂ
ਕੋਟਿ ਮਧੇ ਕਾਹੂ ਗੁਰ ਭਾਈ ਬਨ ਆਵਈ ।

ਆਪ ਆਖਦੇਹਨ ਕਿ ਸਿਖ ਨਹੀਂ ਕੋਈ ਸੇਵਾ ਕਰਨ ਜੋਗਾ ਨਿਤਰ ਦਾ ਤੇ ਗੁਰਭਾਈ ਤਾਂ ਕਈ ਹੋਣਗੇ ਤਿਸ ਪਰ ਆਪ ਕਥਨ ਕਰਦੇ ਹਨ ਕਿ ਜੈਸੇ (ਰਘੁ ਪਤਿ) ਰਾਘਵਾਂ ਦੇ ਈਸ਼ਰ ਰਾਮਚੰਦ੍ਰ ਜੀ ਦੀ ਸੇਵਾ ਅਤੇ (ਭਾਇ ਭਗਤਿ) ਪ੍ਰੇਮਾ ਭਗਤੀ ਅਗੇ ਇਕ ਲਛਮਨ ਹੀ ਭਾਈਆਂ ਵਿਚੋਂ ਨਿਤਰਿਆ ਸੀ ਭਾਵ ਕੀ ਕਿ ਸਾਰਿਆਂ ਭਾਈਆਂ ਵਿਚੋਂ ਇਕ ਲਛਮਨ ਹੀ ਦੁਖ ਵੇਲੇ ਰਾਮਚੰਦ੍ਰ ਦੇ ਸੰਗ ਗਿਆ ਸੀ ਜਿਹੜਾ ਸੇਵਾ ਕਠਨਾਈਆਂ ਨਾਲ ਕੀ ਨਿਤ ਕਰਨ ਵਾਲਾ ਹੋਇਆ

ਨਹੀਂ ਹੈ ਜੈਸਾ ਕਿ ਲਛਮਨ ਜੀ ਰਘੂਬੀਰ ਜੀ ਕਰ ਸੇਵਾ ਵਿਚੋਂ ਭਾਵੇਂ ਕੋਈ ਹੀ ਹੋਵੇ ਗਾ ਜੋ ਕਿ ਗੁਰੂ ਭਾਈਆਂ ਦੀ ਗੁਰ ਭਾਈਆਂ ਨਾਲ ਬਨ ਆਵੇਗੀ ਭਾਵ ਜੀ ਕਿ ਲਛਮਨ ਵਾਂਗੂ ਰਾਮ ਦੀ ਸੇਵਾ ਵਿਚ ਤਤਪਰ ਹੋਣ ਵਾਲਾ ਗੁਰਾਂ ਦਾ ਗੁਰ ਭਾਈ ਵੀ ਕੋਈ ਵਿਰਲਾ ਹੀ ਹੋਵੇਗਾ॥

ਜੈਸੇ ਜਲ ਬਰਨ ਬਰਨ ਸਰਬੰਗ ਰੰਗ

ਬਿਰਲੋ ਬਿਬੇਕੀ ਸਾਧ ਸੰਗਤਿ ਸਮਾਵਈ ।

ਟੀਕਾ—ਆਪ ਆਖਦੇ ਹਨ ਕਿ ਗੁਰਭਾਈ ਕੋਈ ਆਪੋ ਵਿਚ ਹੀ ਮਿਲ ਕੇ ਹੀ ਰਹਿੰਦੇ ਹਨ ਪਰ ਮਿਲਨਾ ਵੀ ਮੁਸ਼ਕਲ ਹੈ ਕਿਉਂਕਿ ਮਿਲਿਆ ਨਹੀਂ ਜਾਂਦਾ ਭਾਵ ਹੀ ਕਿ ਗੁਰਭਾਈਆਂ ਦਾ ਆਪੋ ਵਿਚ ਹੀ ਮਿਲਕੇ ਰਹਿਣਾ ਇਹ ਦੱਸ ਇਸ ਪ੍ਰਤ ਕਥਨ ਕਰਦੇ ਹਨ ਜੈਸੇ (ਜਲ) ਪਾਣੀ ਬਰਨ ਬਰਨ ਰੰਗਾਂ ਰੰਗਾਂ (ਸਰਬੰਗ) ਸਾਰਿਆਂ ਰੰਗਾਂ ਵਿਚ ਇਕ ਜਾਨ ਹੋ ਜਾਂਦਾ ਹੈ ਭਾਵ ਸਾਰਿਆਂ ਰੰਗਾਂ ਨਾਲ ਜਿਸ ਤਰਾਂ ਜਲ ਮਿਲ ਕੇ ਇਕ ਰੰਗ ਹੋ ਜਾਂਦਾ ਹੈ ਭਾਵੇਂ ਰੰਗਾਂ ਰੰਗਾਂ ਵਿਚ ਘੋਲਿਆ ਜਾਵੇ ਪਰ ਸਾਰਿਆਂ ਰੰਗਾਂ ਵਿਚ ਇਕ ਰੰਗ ਦੇਂਦਾ ਹੈ ਅਥਵਾ ਰੰਗਾ ਰੰਗ ਦਾ ਪਾਣੀ ਜਦ ਇਕੱਠਾ ਕੀਤਾ ਜਾਂਦਾ ਹੈ ਤਾਂ ਇਕ ਹੀ ਰੂਪ ਹੋ ਜਾਂਦਾ ਹੈ, ਜੈਸੇ ਪਾਣੀ ਵਾਂਗੂ ਏਹੋ ਜੇਹਾ ਕੋਈ ਵਿਰਲਾ ਹੀ (ਬਿਬੇਕੀ) ਵਿਚਾਰ ਵਾਨ ਹੈ ਜੋ (ਰੰਗ) ਪ੍ਰੇਮ ਕਰਕੇ ਸਾਧ ਸੰਗਤ ਵਿਚ ਇਕ ਜਾਨ ਹੋਕੇ ਸਮਾਇਆ ਰਹਿੰਦਾ ਹੈ ਭਾਵ ਕੀ ਏਹੋ ਜੇਹਾ ਕੋਈ ਹੀ ਸਿਖ ਹੈ ਜੋ ਸਾਧ ਸੰਗਤ ਨਾਲ ਮਿਲਕੇ ਰਹਿੰਦਾ ਹੈ॥

ਗੁਰ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ

ਪੂਰਨ ਕ੍ਰਿਪਾ ਕੈ ਕਾਹੂ ਅਲਖ ਲਖਾਵਈ॥੬੯॥੧੦੩

ਆਪ ਆਖਦੇ ਹਨ ਕਿ (ਈਸ) ਇਸ ਪ੍ਰਕਾਰ ਪਿਛੇ ਵਾਂਗੂ ਜੈਸਾ ਕਿ ਕਬਿੱਤ ਮੇਂ ਵਰਨਨ ਕੀਤਾ ਹੈ (ਬੀਸ) ਨਿਸਚੇ ਕਰਕੇ ਜੋ ਸਾਧ ਸੰਗਤ ਦੀ (ਸੰਧ) ਮਿਲੌਨੀ ਵਿਚ ਮਿਲਿਆ ਰਹਿੰਦਾ ਹੈ (ਕਾਹੂ) ਉਸੀ ਕਿਸੀ ਨੂੰ ਗੁਰੂ ਜੀ ਪੂਰਨ ਕਿਰਪਾ ਕਰਕੇ ਅਲਖ ਜੋ ਨਾ ਵੇਖਿਆ ਜਾਵੇ (ਇਕ ਈਸ) ਵਾਹਿਗੁਰੂ ਜੀ ਹੈ ਉਸ ਨੂੰ (ਲਖਾਵਈ) ਦਿਖਾ ਦੇਂਦੇ ਹਨ ਭਾਵ ਜੋ ਇਕ ਮਨ ਹੋਕੇ ਸਾਧ ਸੰਗਤ ਵਿਚ ਮਿਲਿਆ ਹੈ ਉਸਨੂੰ ਗੁਰੂ ਜੀ ਵਾਹਿਗੁਰੂ ਮਿਲਾ ਦੇਂਦੇ ਹਨ॥

ਲੋਚਨ ਧਿਆਨ ਸਮ ਲੋਸਟ ਕਨਿਕ ਤਾਂ ਕੈ

ਸ੍ਰਵਨੋਸਤਤਿ ਨਿੰਦਾ ਸਮਸਰ ਜਾਨੀਐ ।

ਇਸ ਦਾ ਅਨੁਵਾਦ ਆਪ ਕਰਦੇ ਹਨ ਕਿ ਜੋ ਮਹਾਂ ਪੁਰਖ [illegible]

ਨਾਲ ਜੋ ਸਿਖ ਸਿਮਰਦੇ ਹਨ ਜਿਨ੍ਹਾਂ ਧਿਆਨ ਹੀ ਆਦਿ ਨੇ ਪੂਰਨ ਬ੍ਰਹਮ ਦ੍ਰਿਸ਼ਟੀ ਕੀਤੀ ਅਤੇ ਜਿਸ ਨੇ ਵਾਹਿਗੁਰੂ ਨੂੰ ਦੇਖਿਆ ਭੀ ਹੈ ਪਰ ਉਹਨਾਂ ਅੱਖਿਆਂ ਸੰਤਾਂ ਬ੍ਰਹਮਗਿਆਨੀਆਂ ਦੇ ਲਛਣ ਦਸੋ ਤਾਕਿ ਅਸੀਂ ਉਨਾਂ ਨੂੰ ਪਛਾਣ ਲਈਏ, ਇਹ ਬਿਰ ਥਾਂਵਾਂ ਨਾਲ ਮਿਲਕੇ ਬਾਣੀ ਹਨ ਜਿਸ ਪਰ ਆਪ ਵਰਨਨ ਕਰਦੇ ਹਨ ਕਿ ਜਿਨ੍ਹਾਂ ਸੰਤਾਂ ਦੇ (ਲੋਚਨ) ਨੇਤਰਾਂ ਦੀ (ਪਰਮਾਨ) ਦ੍ਰਿਸ਼ਟੀ ਵਿਚ (ਸਮ) ਇਕੋ ਜੇਹਾ ਹੈ (ਲੋਸਟ) ਲੋਹਾ ਵਾ ਮਿਟੀ ਢੇਲਾ ਦੀ ਤੇ (ਕਨਿਕ) ਸੋਨਾ ਭਾਵ ਉਨ੍ਹਾਂ ਗੁਰਮੁਖਾਂ ਦੇ ਨੇਤਰਾਂ ਵਿਚ ਮਿਟੀ ਸੋਨਾ ਇਕੋ ਜੇਹਾ ਹੈ ਅਤੇ ਉਸਦਾ (ਧਿਆਨ) ਖਿਆਲ ਹੀ ਨਹੀ ਕਰਦੇ ਵਾ ਨੇਤ੍ਰਾਂ ਵਿਚ ਉਸਨੂੰ ਚੰਗਾ ਮਾੜਾ ਕਰਕੇ (ਪਰਮਾਨ) ਮੰਨਦੇ ਨਹੀ ਹਨ ॥

ਜੈਸਾ ਸੁਵਰਨ ਤੈਸੀ ਉਸ ਮਾਟੀ ॥

ਇਕੋ ਜੇਹਾ ਦੇਖਦੇ ਹਨ ਐਸੀ ਨੇਤ੍ਰਾਂ ਦੀ ਦ੍ਰਿਸ਼ਟੀ ਦੋਹਾਂ ਮੈਂ ਸਮਾਨ ਹੈ ਅਤੇ (* ਸੁਵਨੋਸਤਤਿ) ਕੰਨ ਕਰਕੇ ਉਸਤਤ ਨਿੰਦਾ ਸੁਣਦੇ ਹਨ ਪਰ ਉਸ ਨਿੰਦਾ ਉਸਤਤਿ ਵਿਚ ਖਿਆਲ ਨਹੀ ਰਖਦੇ ਉਹਨਾਂ ਨੇ (ਸਮਸਰ) ਇਕੋ ਜਹੀ ਹੀ ਨਿੰਦਾ ਉਸਤਤਿ ਜਾਣੀ ਹੈ ਭਾਵ ਅਪਨੀ ਨਿੰਦਾ ਸੁਣਕੇ ਨਾਰਾਜ਼ ਨਹੀਂ ਹੁੰਦੇ ਔਰ ਉਸਤਤ ਸੁਣਕੇ ਖੁਸ਼ੀ ਨਹੀ ਹੋਂਦੇ ਵਾ ਲੋਕਾਂ ਦੀ ਨਿੰਦਾ ਦੇ ਸਬਦ ਨਹੀਂ ਸੁਣਦੇ ॥

ਨਾਸਕਾ ਸੁਗੰਧ ਬਿਰਗੰਧ †ਸਮ ਤੁਲ ਤਾਕੈ
ਰਿਦੈ ਮਿਤ੍ਰ ਸੱਤ੍ਰ ਸਮਸਰ ਉਨ ਮਾਨੀਐ ।

ਫਿਰ ਆਪ ਆਖਦੇ ਹਨ ਕਿ ਨਾਸਕਾਂ ਜਿਹਨਾਂ ਮਹਾਤਮਾ ਦੀਆਂ ਸੁਗੰਧੀ ਤੇ (ਬਿਰਗੰਧ) ਦੁਰਗੰਧੀ ਨੂੰ ਪਛਾਨਣ ਵਾਲੀਆਂ ਜੋ ਹਨ ਸੋ (ਸਮ, ਇਕੋ ਜੇਹੀਆਂ ਹਨ ਭਾਵ ਸੁਗੰਧੀ ਤੇ ਖੁਸ਼ੀ ਨਹੀ ਤੇ ਦੁਰਗੰਧੀ ਤੇ ਨਰਾਜ਼ ਨਹੀਂ ਦੂਜਾ ਭਾਵ ਨਾਸਕਾਂ ਵਿਸ਼ਿਆਂ ਵਲ ਨਹੀ ਜਾਂਦੀਆਂ (ਰਿਦੈ) ਹਿਰਦੇ ਵਿਚ ਵੈਰੀ ਤੇ ਦੋਸਤ ਨੂੰ (ਸਮਸਰ) ਇਕੋ ਜਿਹਾ (ਉਨ ਮਾਨੀਐ) ਵਿਚਾਰਦੇ ਹਨ ਵ ਹੋਸ਼ਆਰੀ ਭੁਲਕੇ ਵਿਚਾਰ ਲਵੋ ਕਿ ਉਨ੍ਹਾਂ ਨੂੰ ਸਤ੍ਰ ਮਿਤ੍ਰ ਇਕੋ ਜੇਹੇ ਹਨ ॥

ਰਸਨ ਸੁਆਦਿ ਬਿਖ ਅੰਮ੍ਰਿਤ ਸਮਾਨ ਤਾਕੈ

---

*ਸਤਿਗ ਨਾਮ ਉਸਤਤਿ ਦਾ ਹੈ ਅਤੇ ਸੁਵਨੋਸਤਤਿ ਨਕਾਰ ਦੇ ਅੰਕੜ ਵਿਚੋਂ ਉਕਾਰ ਨਿਕਲਦਾ ਹੈ ਪਰ ਉਹ ਲੋਪ ਹੈ ਸੁਰ ਸੰਧੀ ਸੇ ਜਾਨੀਏ ਤੇ ਜੇ ਕਰ ਉਕਾਰ ਐਸੀ ਲਿਖ ਦੇਈਏ ਤਾਂ ਅਖਰ ਪਹਿਲੇ ਵਿਸਰਾਮ ਦੇ ਸਬਦਾਂ ਹੋ ਜਾਂਦੇ ਹਨ ਇਸ ਵਾਸਤੇ ਉਕਾਰ ਨੂੰ ਲੋਪ ਕੀਤਾ ਗਿਆ ਹੈ ਬਹੁਤੀਆਂ ਛਪੀਆਂ ਹੋਈਆਂ ਪੁਸਤਕਾਂ ਵਿਚ ਉਸਤਤਿ ਹੀ ਪਾਠ ਹੈ ਜੋ ਬਿਲਕੁਲ ਗਲਤ ਹੈ ॥

† ਸਮ ਤੁਲ ਦਾ ਇਕੋ ਅਰਥ ਬਰਾਬਰ ਹੈ ।

ਕਰ ਸਪਰਸ ਜਲ ਅਗਨਿ ਸਮਾਨੀਐ।

ਕਾਮਨਾ ਦੁਵਾਰੇ ਜੇਹੜੀ ਵਿਖ ਤੇ ਅੰਮ੍ਰਿਤ ਨੂੰ ਮਿਤ੍ਰ ਜਾਣਦਾ ਵਾਲੀ ਜੀ ਓਹ ਦੋਨ੍ਹਾਂ ਦੇ ਇਕੋ ਜੇਹੀ ਹੈ ਭਾਵ ਜੀਭ ਦੇ ਸੁਵਾਦ ਵਿਚ ਅੰਮ੍ਰਿਤ ਤੇ ਵਿਖ ਓਨਾਂ ਨੂੰ ਇਕੋ ਜੇਹੀ ਹੈ ਬਹੁਤ ਸਵਾਦ ਚਖਨ ਵਲ ਖਿਆਲ ਨਹੀਂ ਕਰਦੇ ਤੇ ਕੂੜ ਮਿਠਾ ਕੌੜਾ ਹੀ ਛਕ ਜਾਂਦੇ ਹਨ ॥

ਜੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ। (ਸੁਖਮਨੀ)

ਤੇ (ਕਰ) ਹਥਾਂ ਕਰਕੇ ਜੋ ਪਾਣੀ ਦਾ ਤੇ ਅਗਨੀ ਦਾ (ਸਪਰਸ) ਛੁਹਾਣਾ ਹੈ ਸੀ ਓਹ ਮਿਤ੍ਰ ਕਰਕੇ ਇਕੋ ਜੇਹਾ ਹੈ ਭਾਵ ਸੰਤਾਂ ਨੂੰ ਅਗਨੀ ਤਤ ਨਹੀਂ ਲਗਦੀ ਤੇ ਜਲ ਸੀਤਲ ਨਹੀਂ ਜੈਸੇ ਗੁਰੂ ਅਰਜਨ ਜੀ ਤਤੀ ਰੇਤ ਸਹਾਰਾ। ਦੂਜਾ ਭਾਵ ਅਗ ਤੇ ਪਾਣੀ ਗੁਰਮੁਖਾਂ ਨੂੰ (ਸਮਾਨੀਐ) ਬਰਾਬਰ ਹਨ ॥

ਦੁਖ ਸੁਖ ਸਮਸਰ ਬਿਆਪੇ ਨ ਹਰਖ ਸੋਗ
ਜੀਵਨਮੁਕਤਿਗਤਿ ਸਤਿਗੁਰਗਿਆਨੀਐ॥੭੦॥ ੧੦੪

ਅਤੇ ਸੁਖ ਦੁਖ ਭੀ ਓਨ੍ਹਾਂ ਸੰਤਾਂ ਨੂੰ (ਸਮਸਰ) ਇਕੋ ਜਿਹਾ ਹੈ। ਇਸ ਵਾਸਤੇ ਹਰਖ ਸੋਗ ਓਨ੍ਹਾਂ ਨੂੰ (ਬਿਆਪੇ) ਦਬਾਂਵਦਾ ਕਿਆ ਜ਼ੋਰ ਨਹੀ ਪਾ ਸਕਦਾ ਸੋ ਉਹ ਜੀਵਨ ਮੁਕਤੀ ਨੂੰ (ਗਤ) ਪਹੁੰਚੇ ਹਨ ਭਾਵ ਜੀਊਂਦਿਆ ਹੀ ਜਿਨ੍ਹਾਂ ਨੂੰ ਮੁਕਤੀ ਮਿਲੀ ਹੈ ਜੇਹੜੇ (ਸਤਿਗੁਰ) ਗੁਰਾਂ ਕਰਕੇ ਐਸੇ (ਗਿਆਨੀਐ) ਗਿਆਨੀ ਹੋਏ ਹਨ ॥ ੭੦ ॥ ੧੦੪ ॥

ਚਰਨ ਸਰਨ ਗਹੇ ਨਿਜ ਘਰ ਮੈਂ ਨਿਵਾਸ
ਆਸਾ ਮਨਸਾ ਬਕਤ ਅਨਤ ਨ ਧਾਵਈ।

ਆਪ ਆਖਦੇ ਹਨ ਜੋ ਗੁਰਾਂ ਦੇ ਚਰਨਾਂ ਦੀ ਸ਼ਰਨ ਸਰਨ ਆਏ ਹਨ ਉਨ੍ਹਾਂ ਦਾ ਵਰਨਨ ਕਰਦੇ ਹਾਂ ਵਾ ਜੋ ਗਿਆਨੀ ਬਣੇ ਸੀ ਓਨਾਂ ਕਰਕੇ ਜੇਹੜੇ ਗੁਰਾਂ ਦੀ ਚਰਨ ਸਰਨ ਆਏ ਹਨ ਓਹਨਾਂ ਦਾ ਵਰਨਨ ਕਰਦੇ ਹਾਂ ਆਪ ਆਖਦੇ ਹਨ ਕਿ ਜਿਨਾਂ ਗੁਰਮੁਖਾਂ ਨੇ ਗੁਰਾਂ ਦੀ ਚਰਨ ਸਰਨ (ਗਹੇ) ਪਕੜੀ ਹੈ ਓਨ੍ਹਾਂ ਦਾ ਹੀ (ਨਿਜ ਘਰ) ਆਪਣੇ ਸ੍ਵੈ ਸਰੂਪ ਵਾਹਿਗੁਰੂ ਵਿਚ ਨਿਵਾਸ ਹੋਇਆ ਭਾਵ ਓਨ੍ਹਾਂ ਦੀ ਅੰਤਰ ਮੁਖੀ ਬ੍ਰਿਤੀ ਹੋਈ ਤੇ ਨਾਮ ਜਪਨ ਲਗੇ ਅਤੇ ਅਗਾਂਹ ਦੀਆਂ ਆਸ਼ਾ ਤ੍ਰਿਸ਼ਨਾਂ ਤੇ (ਮਨਸਾ) ਬੁਧੀ ਦੀਆਂ ਵਾਸ਼ਨਾ (ਬਕਤ) ਦੂਰ ਹੋ ਗਈਆਂ ਅਤੇ ਮਨ ਭੀ (ਅਨਤ) ਹੋਰਦੇ ਨਾ ਦੌੜਿਆ॥

ਦਰਸਨ ਮਾਤ੍ਰ ਆਨ ਧਿਆਨ ਮੈਂ ਕਦਾਤ ਹੋਇ
ਸਿਮਰਨ ਆਨ ਸਿਮਰਨ ਬਿਸਰਾਵਈ।

ਜਦ ਦਰਸ਼ਨ ਮਾਤ੍ਰ ਹੀ ਗੁਰਾਂ ਦਾ ਕੀਤਾ ਤੋਂ ਦਰਸ਼ਨ ਦੇ ਕਰਦਿਆਂ ਹੀ (ਆਨ) ਹੋਰ (ਧਯਾਨ) ਦੇਖਨ ਤੋਂ ਰਹਿ ਗਏ ਅਤੇ ਜਦ ਗੁਰਾਂ ਦਾ ਨਾਮ ਸਿਮਰਿਆ ਤਾਂ (ਆਨ) ਹੋਰ ਦੇਵੀ ਦੇਵਤਿਆਂ ਦੇ ਨਾਮ ਮੰਤ੍ਰ ਸਿਮਰਨ (ਬਿਸਰਜਾਵਈ) ਵਿਸਰ ਜਾਵੇ, "ਭੁਲ ਗਏ"

ਸਬਦ ਸੁਰਤ ਮੋਨ ਬ੍ਰਤ ਕੈ ਪ੍ਰਾਪਤ ਹੋਇ

ਪ੍ਰੇਮ ਰਸ ਅਕਥ ਕਥਾ ਨ ਕਹਿ ਆਵਈ ।

ਫਿਰ ਜਦ ਗੁਰਾਂ ਪਾਸ ਜਾਕੇ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ (ਸੁਰਤ) ਚਿਤ ਦੇ ਜੋੜਕੇ ਪ੍ਰੀਤੀ ਕੀਤੀ ਤਾਂ ਮੋਨ ਬ੍ਰਤ ਰੂਪ ਨੂੰ ਧਾਰ ਲੀਤਾ ਭਾਵ ਚੁਪ ਕਰਕੇ ਤੇ ਸ਼ਾਂਤੀ ਨੂੰ (ਪ੍ਰਾਪਤ) ਪਹੁੰਚ ਗਏ ਭਾਵ ਸ਼ਾਂਤੀ ਸ਼ਾਂਤੀ ਹੋ ਗਈ ਫਿਰ ਐਸਾ ਪ੍ਰੇਮ ਕੀਤਾ ਕਿ ਜਿਸ (ਰਸ) ਆਨੰਦ ਦੀ ਅਕਥ ਕਥਾ ਹੈ ਅਤੇ ਕਹਿਣੇ ਵਿਚ ਨਹੀਂ ਆਉਂਦੀ ਹੈ ॥

ਕਿੰਚਤ ਕਟਾਛਜ ਕ੍ਰਿਪਾ ਪਰਮ ਨਿਧਾਨ ਦਾਨ

ਪਰਮਦਭੁਤ ਗਤਿ ਅਤਿ ਬਿਸਮਾਦਈ॥੨੧॥੨੦੫

ਫਿਰ ਜਿਸ ਵਕਤ ਗੁਰਾਂ ਨੇ ਉਪਦੇਸ਼ ਦਾ ਅਧਿਕਾਰੀ ਲੈਣੇ ਵਾਲਾ ਵੇਖਿਆ ਤਾਂ ਕਿੰਚਤ (ਕਟਾਛ) ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕਰੀ ਅਰ ਤਿਸਨੇ ਨਾਲ ਹੀ ਉਸਦੇ (ਪਰਮ) ਉਤਕ੍ਰਿਸ਼ਟ ਸਭ ਤੋਂ ਅਛੇ (ਨਿਧਾਨ) ਖਜ਼ਾਨੇ (ਦਾਨ) ਮਿਲ ਗਏ ਕਿ ਗੁਰਾਂ ਨੇ ਬਖਸ਼ ਦਿਤੇ ਤੇ ਉਨ੍ਹਾਂ ਗੁਰਮੁਖਾਂ ਦੀ (ਪਰਮਦਭੁਤ) ਅਸਚਰਜ (ਗਤਿ) ਦੀ ਹਾਲਤ ਹੋ ਗਈ ਔਰ ਆਪ ਵੀ ਅਤਯੰਤ ਕਰਕੇ (ਬਿਸਮਾਦਈ) ਅਸਚਰਜ ਹੋਗਏ ॥ ੨੧॥ ੨੦੫ ॥

ਸਬਦ ਸੁਰਤਿ ਆਪਾ ਖੋਇ *ਗੁਰਦਾਸ ਹੋਇ

ਬਰਤੈ ਬਰਤਮਾਨ ਗੁਰ ਉਪਦੇਸ਼ ਕੈ ।

ਇਸ ਪ੍ਰਕਾਰ ਦੀ ਕਥਾ ਸੁਣਕੇ ਸੰਗਤ ਭਾਈ ਗੁਰਦਾਸ ਜੀ ਤੇ ਬਹੁਤ ਖੁਸ਼ੀ ਹੋਈ ਅਤੇ ਆਖਨ ਲਗੀ ਧੰਨ ਹੋ ਆਪ ਧੰਨ ਹੋ ਜਿਨ੍ਹਾਂ ਨੇ ਐਸੀ ਐਸੀ ਕਥਾ ਸਾਨੂੰ ਸੁਨਾਈ ਹੈ। ਤੇ ਤੁਸਾਂ ਦਾ ਗੁਰੂ ਘਰਵਿਚ ਬੜਾ ਭਰੋਸਾ ਹੈ ਤੇ ਆਪ ਦਾ ਹੀ ਨਾਮ ਗੁਰਦਾਸ ਹੈ ਤੇ ਭਾਈ ਗੁਰਦਾਸ ਜੀ ਅਪਨੀ ਨਿਮ੍ਰਤਾ ਦਸਣ ਦੇ ਵਾਸਤੇ ਆਖਨ ਲਗੇ ਅਸੀਂ ਗੁਰਦਾਸ ਨਹੀਂ ਬਲਕਿ ਗੁਰਾਂ ਦੇ ਦਾਸਾਂ ਦੇ ਦਾਸ ਤੇ ਦਾਸਾਨ ਦਾਸ ਤਿਨ੍ਹਾਂ ਦੇ ਭੀ ਪਨਿਹਾਰ ਹਾਂ ॥

---

*ਗੁਰਦਾਸ ਹੋਇ ਇਹਨੇ ਅੱਖਰ ਭਾਈ ਜੀ ਦੇ ਨਾਮ ਦੇ ਅਰਥ ਨੂੰ ਜਤਾਂਦੇ ਹਨ।

ਤੇ ਫਿਰ ਸੰਗਤ ਨੇ ਆਖਿਆ ਭਾਈ ਜੀ ਗੁਰਾਂ ਦੇ ਦਾਸ ਹੋਏ ਸੋਹ ਹੁੰਦੇ ਨੇ ਜੋ ਓਹਨਾਂ ਦੇ ਸਾਨੂੰ ਲੱਛਨ ਦਾਸ ਤਿਸਪਰ ਭਾਵ। ਸਾਹਿਬ ਜੀ ਵਰਨਨ ਕਰਦੇ ਹਨ ਕਿ ਜਿਨਾਂ ਗੁਰਮੁਖਾਂ ਨੇ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ (ਸੁਰਤ) ਸੁਰਤ ਪ੍ਰੀਤੀ ਕਰਕੇ (ਆਪਾ) ਹੰਕਾਰ ਨੂੰ ਦੂਰ ਕੀਤਾ ਹੈ ਵਾ ਆਪਾ ਭਾਵ ਨੂੰ ਦੂਰ ਕੀਤਾ ਹੈ ਤੇ ਮਨ ਕਰਕੇ ਗੁਰਾਂ ਨੂੰ ਗੁਰ ਉਪਦੇਸ਼ ਦੇ (ਕਰਕੇ) ਵਰਤਨ ਵਿਚ (ਬਰਤਮਾਨ) ਵਰਤਦੇ ਹਨ ਭਾਵ ਵਰਤਮਾਨ ਹੋਕੇ ਗੁਰ ਉਪਦੇਸ਼ ਵਿਚ ਵਰਤਨਾ (ਕੇ) ਕਰਦੇ ਹਨ ਭਾਵ ਕਿਆ ਕਿ ਗੁਰਾਂ ਦਾ ਬਚਨ ਮੰਨਦੇ ਹਨ ॥

ਨੋਟ—ਜੇਕਰ ਬਹੁਤ ਸਾਰੀ ਨਿਮ੍ਰਤਾ ਭਾਈ ਜੀ ਦੀ ਵੇਖਣੀ ਹੋਵੇ ਤਾਂ ਵਾਰ ੧੬ ਛੱਤੀ ਪੌੜੀ ਇਕੀ ਤੇ ਫਿਰ ਵਾਰ ਸੈਂਤੀ, ਪੌੜੀ ਉੱਨਤੀ ਤੋਂ ਦੇਖ ਸਕਦੇ ਹੋ॥

ਹੋਨਹਾਰ ਹੋਈ ਜੋਈ ਜੋਈ ਸੋਈ ਸੋਈ ਭਲੋ
ਪੂਰਨ ਬ੍ਰਹਮ ਗਿਆਨ ਧਿਆਨ ਪਰਵੇਸ ਕੈ ।

ਇਸ ਵਾਸਤੇ ਪੂਰਨ ਬ੍ਰਹਮ ਵਾਹਿਗੁਰੂ ਦੇ ਗਯਾਨ ਧਯਾਨ ਮੈਂ (ਪ੍ਰਵੇਸ) ਕਰਕੇ ਕਿਆ ਖੁਭਕੇ ਵਾ ਇਸਥਿਤ ਹੋਕੇ ਭਾਵ ਵਾਹਿਗੁਰੂ ਦੇ ਗਯਾਨ ਧਯਾਨ ਵਿਚ ਲਗ ਕਰਕੇ ਜੋ ਕੁਝ (ਹੋਨਹਾਰ) ਭਾਵੀ ਹੋਣੀ ਦਾ ਭਾਣਾ ਅਗੇ ਆਣ ਸੁਖ ਆ ਜਾਵੇ ਉਸਨੂੰ ਭਲਾ ਭਲਾ ਕਰਕੇ ਮੰਨਦੇ ਹਨ ਭਾਵ ਵਾਹਿਗੁਰੂ ਦਾ ਭਾਣਾ ਸਿਰ ਤੇ ਸਤਾ ਮੰਨਦੇ ਹਨ ॥

ਨੋਟ -ਇਹ ਪੰਗਤੀ ਉਲਟੀ ਕੀਤੀ ਗਈ ਹੈ ॥

ਨਾਮ ਨਿਹਕਾਮ ਧਾਮ ਸਹਜ ਸੁਭਾਇ ਰਹਣਿ
ਪ੍ਰੇਮ ਰਸ ਰਸਕ ਹ੍ਵੈ ਅੰਮ੍ਰਿਤ ਅਵੇਸ ਕੈ ।

ਆਪ ਆਖਦੇ ਹਨ ਕਿ ਹੋਨਹਾਰ ਨੂੰ ਚੰਗਾ ਮੰਨਿਆਂ ਤੇ ਨਾਮ ਜਪਕੇ (ਧਾਮ) ਘਰ ਵਿਚ ਹੀ ਰਹਿਕੇ (ਨਿਹਕਾਮ) ਨਿਸਕਾਮ ਕਾਮਨਾਂ, ਇਛਾ ਤੋਂ ਰਹਿਤ ਹੋਏ ਭਾਵ ਘਰ ਵਿਚ ਰਹਿਕੇ ਹੀ ਨਾਮ ਜਪਕੇ ਪਦਾਰਥਾਂ ਦੀਆਂ ਇਛਾ ਛਡਕੇ ਵਾਹਿਗੁਰੂ ਵਲ ਤਤਪਰ ਹੋਏ ਅਤੇ ਸ਼ਾਂਤੀ ਸੁਭਾਉ ਵਾਲੇ ਵ ਸੁਤੇ ਸੁਭਾਉ ਵਾਲੇ ਹੋਏ ਅਤੇ ਓਹਨਾਂ ਨੂੰ ਬਹੁਤ (ਰਹਿ) ਅਨੰਦ ਪ੍ਰਾਪਤ ਹੋਇਆ ਭਾਵ ਓਹ ਕਿ ਅਨੰਦ ਰੂਪ ਹੀ ਰਹਿ ਰਹਿੰਦੇ ਹਨ ਅਥ ਆਪ ਆਖਦੇ ਹਨ ਕਿ ਓਹਨਾਂ ਨੂੰ ਸ਼ਾ ਕੁਝ ਲੋੜ ਨਾ ਰਹੀ ਕਿਉਂਕਿ ਓਹ ਅਨੰਦ ਸਰੂਪ ਹੀ ਹੋ ਗਏ ਪਰ ਪ੍ਰਣ ਦੁਨਿਆਂ ਲੋਕਾਂ ਨੂੰ ਸਿਖਾਂਦੇ ਹਨ ਕਿ ਗੁਰਾਂ ਤੇ ਬਿਮੁਖ ਨਹੀਂ ਹੋਈਦਾ ਭਾਵ ਕਿਤੇ ਭੀ ਗੁਰਾਂ ਦਾ ਨਾਮ ਜਪਣਾ ਅਤੇ ਸੇਵਾ ਕਰਨੀ ਚਾਹੀਦੀ ਹੈ ਤਿਸ ਪਰ ਆਖਦੇ ਹਨ ਕਿ ਗੁਰਾਂ ਦਾ ਪ੍ਰੇਮ ਰਸ ਜੋ ਅੰਮ੍ਰਿਤ ਹੈ ਤਿਸ ਮੇਂ "ਆਵੇਸ" ਇਸਥਿਤ ਹੋਕੇ

(ਦਸਵ) ਭੁਲਾਯਾਤ ਹੋਏ ਰਹਿੰਦੇ ਹਨ ਭਾਵ ਗੁਰਾਂ ਦੇ ਨਾਮ ਸਪਨ ਵਿਚ ਪ੍ਰੇਮੀ ਹੋਕੇ ਰਹਿੰਦੇ ਹਨ ਅਤੇ ਗੁਰਾਂ ਦੇ ਚਰਨ ਕਮਲਾਂ ਵਿਚ ਪ੍ਰੇਮ ਕਰਦੇ ਹਨ ਜੀ।

ਸੱਤ ਰੂਪ ਸੱਤ ਨਾਮੁ ਸੱਤਗੁਰ ਗਜ਼ਾਨ ਧਜ਼ਾਨ

ਪੂਰਨ ਸਰਬਮਈ ਆਦਿ ਕੌ ਅਦੇਸ ਹੈ।।੭੨।।੧੦੬।।

ਸਤਗੁਰਾਂ ਕਰਕੇ ਸਤਨਾਮ ਦਾ ਧਜ਼ਾਨ ਦਾ ਕਰਦੇ ਨੇ ਅਤੇ (ਆਦਿ) ਵਾਹਿਗੁਰੂ ਨੂੰ ਅਦੇਸ) ਨਮਸਕਾਰ ਵੀ ਕਰਦੇ ਨੇ ਭਾਵ ਗੁਰਮੁਖ ਲੋਕ ਬਣਦੇ ਇਸ ਵਾਸਤੇ (ਸਤਿਰੂਪ) ਵਾਹਿਗੁਰੂ ਦਾ ਗਜ਼ਾਨ ਇਹਨਾਂ ਨੂੰ ਹੋਇਆ ਹੈ ਪਰ ਅਰ ਜੋ ਰਤਾ ਗਜ਼ਾਨ ਹੋਇਆ ਹੈ ਕਿ ਸਾਰੇ ਥਾਈਂ ਪੂਰਨ ਵਾਹਿਗੁਰੂ ਨੂੰ ਜਾਣਦੇ ਹਨ ਭਾਵ ਸਭ ਵਾਹਿਗੁਰੂ ਦਾ (ਮਈ) ਰੂਪ ਦੇਖਦੇ ਹਨ ਵਾ ਸਾਰੇ ਵਾਹਿਗੁਰੂ ਮਿਲਿਆ ਦੇਖਦੇ ਹਨ ਇਸ ਵਾਸਤੇ ਹੀ ਭਾਈ ਪਯਾਰਿਓ ਜਿਨਾਂ ਨੂੰ ਐਸੇ ਗੁਣ ਪ੍ਰਾਪਤ ਹੋਏ ਨੇ ਓਹ ਗੁਰਾਂ ਦੇ ਦਾਸ ਨੇ ਅਤੇ ਓਹਨਾਂ ਦਾ ਨਾਮ ਹੀ ਗੁਰਦਾਸ ਹੈ ਮੈਂ ਤੇ ਇਕ ਨਕਲੀ ਸਿਖ ਹਾਂ ॥੭੨॥੧੦੬॥

ਨੋਟ - ਭਾਈ ਗੁਰਦਾਸ ਜੀ ਦਾ ਨਾਮ ਅੰਤ ਨੂੰ ਲਗਾ ਹੈ।

ਸਬਦ ਸੁਰਤਿ ਆਪਾ ਖੋਇ ਗੁਰਦਾਸ ਹੋਇ

ਬਾਲ ਬੁਧਿ ਸੁਧਿ ਨ ਕਰੱਤ ਮੋਹ ਦ੍ਰੋਹ ਕੀ।

ਫਿਰ ਆਪ ਆਖਦੇ ਹਨ ਕਿ ਸੰਗਤ ਨੂੰ ਹੋਰ ਚਾਹ ਬਣੀ ਰਹੀ ਭਾਵ ਜੀ ਕਿ ਸੰਗਤ ਨੇ ਆਖਿਆ ਸਾਨੂੰ ਹੋਰ ਗੁਰੂ ਕੇ ਦਾਸਾਂ ਦੇ ਲਛਣ ਦਸੋ ਤਿਸ ਪਰ ਆਪ ਕਥਨ ਕਰਦੇ ਹਨ ਕਿ ਜਿਨਾਂ ਨੇ ਗੁਰਾਂ ਦੇ (ਸਬਦ, ਉਪਦੇਸ਼ ਵਿਚ (ਸੁਰ ਤੀ) ਹਜ਼ਾਤ ਦਾ ਸੂਰਟ ਪ੍ਰੀਤੀ ਕਰਕੇ (ਆਪਾ) ਭਾਵ ਹੰਕਾਰ ਨੂੰ ਦੂਰ ਕੀਤਾ ਹੈ ਤੇ ਓਹ (ਬਾਲ ਬੁਧਿ, ਬਾਲਕਾਂ ਵਾਲੀ ਅਕਲ ਭਾਵ ਹਰਖ ਸੋਗ ਤੋਂ ਰਹਿਤ ਹੋਏ ਨੇ ਜੋ ਓਹਨਾਂ ਦੀ ਅਕਲ ਵਿਚ ਕੋਈ ਸ਼ਾਦੀ ਗ਼ਮੀ ਨਹੀਂ ਆਉਂਦੀ ਅਤੇ ਹੋਰ ਇਨ੍ਹਾਂ ਮਹਾਤਮਾ ਗੁਰੂ ਕੇ ਦਾਸਾਂ ਨੂੰ (ਮੋਹ) ਪ੍ਰੇਮ ਸੰਸਾਰੀ ਅਤੇ (ਦ੍ਰੋਹ) ਨਫਰਤ ਕਰਨੀ ਇਨ੍ਹਾਂ ਦੀ ਤਾਂ (ਸੁਧਿ) ਖਬਰ ਹੀ ਨਹੀਂ ਕਰਦੇ ਮੋਹ ਦ੍ਰੋਹ ਦੀ

ਸ੍ਰਵਨਸਤਤਿ ਨਿੰਦਾ ਸਮ ਤੁਲਿ ਸ੍ਰੁਤਿ ਲਿਵ

ਲੋਚਨ ਧਿਆਨ ਲਿਵ ਕੰਚਨ ਔ ਲੋਹ ਕੀ।

(ਸ੍ਰਵਨੋਂ ਸਤਤਿ) (ਸ੍ਰਵਨ) ਕੰਨੀ ਕਰ ਸੁਣਨੀ ਉਸਤਤ ਨਿੰਦਾ (ਸਮ) ਕਨਾ ਕਰਦੇ ਭਾਵ ਜੋ ਕੋਈ ਕਰਕੇ ਉਸਤਤ ਨਿੰਦਾ ਨੂੰ ਸੁਣਨ ਵਾਲੀ (ਲਿਵ) ਪ੍ਰੀਤੀ ਭੀ ਓਹਨਾਂ ਦੀ (ਸਮ) ਬਰਾਬਰ ਹੈ ਅਪਣੀ ਉਸਤਤ ਨਿੰਦਾ ਨਾਲ

ਸੁਖ ਦੁਖ ਜਾਣੇ ਤੇ ਲੋਕਾਂ [illegible] ਸਰਾਹਿ ਨਿੰਦਾ [illegible] ਨ [illegible] ਪਾ [illegible]
ਪਰਤਣ ਅਤੇ (ਲੋਚਨ) ਨੇਤ੍ਰਾਂ ਕਰਕੇ (ਪਰਾਨ) ਦੇਖਣ ਵਾਲਾ ਜੋ (ਲੋਹੇ) ਵਿਚ
ਭੀ ਲੋਹ ਅਤੇ (ਕੰਚਨ) ਸੋਨੇ ਦੀ ਤਰ੍ਹਾਂ ਜੋ ਓਹ ਜਿਨ੍ਹਾਂ ਦੀ (ਤੁਲ) ਬਰਾਬਰ
ਹੋ ਜਾਣ ਸੋਨੇ ਤੇ ਲੋਹੇ ਨੂੰ ਨੇਤ੍ਰਾਂ ਕਰਕੇ ਬਰਾਬਰ ਦੇਖਦੇ ਹਨ, ਸੋਨੇ ਨੂੰ ਚੰਗਾ
ਨਹੀਂ ਆਖਦੇ ਤੇ ਲੋਹੇ ਨੂੰ ਨਿੰਦਦੇ ਨਹੀਂ ਐਸੀ ਸਮ ਦ੍ਰਿਸ਼ਟੀ ਹੈ ॥

ਨੋਟ ਪਹਲੇ ਬਿਸ੍ਰਾਮ ਵਿਚੋਂ ਤੁਲ ਪਦ ਨੂੰ ਅਰਥ ਵਿਚ ਅਗੇ ਲਗਾ
ਇਆ ਗਿਆ ਅਤੇ ਪਾਠ ਫਿਰ ਪਿਛੇ ਹੀ ਪੜ੍ਹਿਆ ਜਾਵੇਗਾ ॥

ਨਾਸਕਾ ਸੁਗੰਧਿ ਬਿਰਗੰਧ ਸਮਸਰਿ ਜਾਨੈ
ਜਿਹਬਾ ਸਮਾਨ ਬਿਖੁ ਅੰਮ੍ਰਿਤ ਨ ਬੋਹ ਕੀ ।

ਨਾਸਕਾ ਕਰਕੇ ਸੁਗੰਧੀ ਤੇ (ਬਿਰਗੰਧਿ) ਦੁਰਗੰਧੀ ਨੂੰ ਪਛਾਨਣ ਵਾਲੀ
ਜੋ ਬ੍ਰਿਤੀ ਸੀ ਇਹ ਉਨ੍ਹਾਂ ਦੀ (ਸਮਸਰ) ਬਰਾਬਰ ਹੈ ਅਤੇ ਰਸਨਾ ਕਰਕੇ ਜੋ ਬਿਖ
ਅੰਮ੍ਰਿਤ ਨੂੰ ਪਛਾਨਣ ਵਾਲੀ ਬ੍ਰਿਤੀ ਸੀ ਸੋ ਭੀ ਇਕ ਜੇਹੀ ਹੈ "ਨ ਬੋਹਕੀ"
ਇਤਯਾਦਕ ਪਦਾਰਥ ਵਿਚ ਕਿਸੀ ਭੀ ਇਛਾ ਨਹੀਂ ਕਰਦੇ [illegible]

ਕਰ ਚਰ ਕਰਮ ਅਕਰਮ ਅਪੰਥ ਪੰਥ
ਕਿਰਤਿ ਬਿਰਤਿ ਸਮ ਉਕਤਿ ਨ ਦ੍ਰੋਹ ਕੀ॥੨੫॥੧੦੧

ਅਤੇ (ਕਰ) ਹਥਾਂ ਕਰਕੇ ਕਰਮ ਕਰਨਾ ਤੇ ਨਾ ਕਰਨਾ ਸਮ ਇਕੋ ਜੇਹਾ
ਹੈ ਚਰ ਕਰਮ ਅਕਰਮ ਸਮ ਤੇ ਚਰ ਪੰਥ ਅਪੰਥ ਚਰਨਾਂ ਕਰਕੇ ਰਸਤਾ
ਕੁਰਸਤਾ ਚਲਣਾ ਇਕੋ ਜੇਹਾ ਹੈ ਅਤੇ ਆਪਣੀ (ਬਿਰਤਿ) ਉਪਜੀਵਕਾ ਵਾਲੀ
ਜੋ (ਕਿਰਤਿ) ਕਮਾਈ ਹੈ ਤਿਸ ਮੈਂ ਵੀ (ਉਕਤਿ) ਬਾਣੀ ਝੂਠੀ ਬੋਲਨੀ (ਦ੍ਰੋਹ)
ਠਗੀ ਵਾਲੀ ਨਹੀਂ ਹੈ ਭਾਵ ਜੋ ਆਪਣੀ ਕਮਾਈ ਕਰਕੇ ਖਾਂਦੇ ਹਨ ਇਸ [illegible]
ਵੀ ਛਲ ਬਲ ਨਹੀਂ ਕਰਦੇ ਤੇ ਜੋ ਹੋਰ ਕਿਸੇ ਦੀ (ਕਿਰਤਿ) ਉਪਜੀਵਕਾ [illegible]
(ਬਿਰਤਿ) ਕਮਾਈ ਹੋਈ ਉਸ ਵਿਚ ਵੀ (ਉਕਤਿ) ਬਾਣੀ ਝੂਠੀ [illegible]
ਛਲ ਵਾਲੀ ਨਹੀਂ ਹੈ ਭਾਵ ਜੋ ਕਿਸੇ ਦੀ ਕਮਾਈ ਹਥ ਲਗ ਜਾਵੇ ਤਾਂ [illegible]
ਵੀ ਨਹੀਂ ਝੂਠ ਮਾਰਕੇ ਲੈਂਦੇ ਅਤੇ ਨਾ ਚਲਾਕੀ ਆਦਿਕ ਵਿਚ ਵਰੇਬ [illegible]
ਹਨ ਐਸੇ ਲੱਛਨ ਜਿਸ ਵਿਚ ਹਨ ਉਸਦਾ ਨਾਮ ਗੁਰਦਾਸ ਹੈ ਅਤੇ ਭਾਈ [illegible]
ਜੀ ਨਕਲੀ ਸਿਖਾਂ ॥ ੨੫ ॥ ੧੦੨ ॥

ਨੋਟ—ਇਸ ਪੰਗਤੀ ਵਿਚੋਂ ਅੰਤ ਦੇ ਬਿਸ੍ਰਾਮ ਦਾ ਸਮ ਪਦ [illegible]
ਨਾਲ ਲਗਾਇਆ ਗਿਆ ॥

[illegible]

ਸਬਦ ਮੈਂ ਪੂਰਨ ਬ੍ਰਹਮ ਕਰ ਮਾਨੀਐ ।੩।

ਪਿਛਲੇ ਪ੍ਰਸੰਗ ਨੂੰ ਸੁਣਦੀ ਖੰਡਨ ਕਰਾਇ ਸਤਲਾਹੁੰਦੇ ਹਨ ਆਖ ਆਖਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤਿ) ਜੋੜ ਕੇ ਸ੍ਰੇਸ਼ਟ ਪ੍ਰੀਤੀ ਕਰਕੇ (ਆਪਾ) ਹੰਕਾਰ ਨੂੰ ਦੂਰ ਕੀਤਾ ਹੈ ਓਹ ਗੁਰ ਮੁਖ ਸਾਰਿਆਂ ਵਿਚ ਪੂਰਨ (ਬ੍ਰਹਮ) ਵਾਹਿਗੁਰੂ ਕਰਕੇ ਮੰਨਦੇ ਨੇ ਭਾਵ ਸਾਰਿਆਂ ਜੀਵਾਂ ਨੂੰ ਵਾਹਿਗੁਰੂ ਦਾ ਰੂਪ ਜਾਣਦੇ ਹਨ ਤੇ ਵੈਰ ਵਿਰੋਧ ਕਿਸੀ ਨਾਲ ਨਹੀਂ ਕਰਦੇ ॥

ਸ਼ੰਕਾ—ਆਪ ਆਖਦੇ ਹਨ ਕਿਸਤ੍ਰਾਂ ਸਾਰਿਆਂ ਵਿਚ ਵਾਹਿਗੁਰੂ ਇਕੋ ਜੇਹਾ ਮੰਨਦੇ ਹਨ ਤਿਸਦਾ ॥ ਉਤਰ

ਕਾਸਟ ਅਗਨਿ ਆਲਾ ਸੂਤ੍ਰ ਗੋਰਸ ਜੌਂ ਘੀਅ
ਏਕ ਐ ਅਨੇਕ ਕੈ ਬਿਬੇਕ ਪਹਿਚਾਨੀਐ ।

ਜਿਸਤ੍ਰਾਂ (ਕਾਸਟ) ਸਾਰਿਆਂ ਬ੍ਰਿਛਾਂ ਦੀਆਂ ਲਕੜਾਂ ਵਿਚ ਅਗਨੀ ਇਕੋ ਜੇਹੀ ਦਾ ਇਕ ਸੌ ਹੁੰਦੀ ਹੈ ਭਾਵ ਕੀ ਕਿ ਜਦ ਕਿਸੀ ਤਰ੍ਹਾਂ ਦੇ ਬ੍ਰਿਛ ਨੂੰ ਅਗਨਿ ਲਗਾਈ ਜਾਵੇ ਤਾਂ ਅਗਨਿ ਨੇ ਇਕੋ ਜੇਹਾ ਸੇਕ ਦੇਣਾ ਹੈ ਅਤੇ ਇਕ ਜੇਹੀ ਸੁਆਦ ਨਿਕਲਣੀ ਹੈ ਤੇ ਇਕੋ ਜੇਹਾ ਸਾਰਿਆਂ ਬ੍ਰਿਛਾਂ ਨੂੰ ਸਾੜੇਗੀ ॥

ਹੋਰ ਸਿਆਣੇ ਇਸਤ੍ਰਾਂ ਭੀ ਆਖਦੇ ਹਨ ਕਿ ਲਕੜੀ ਦੇ ਵਿਚ ਅਗਨੀ ਹੁੰਦੀ ਹੈ ਇਸ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਜੋ ਜੰਗਲ ਦੇ ਰਹਣ ਵਾਲੇ ਜੰਗਲੀ ਆਦਮੀ ਭੀਲ ਹਨ ਓਹ ਦੁਆਂ ਨਾਲ ਲਕੜ ਨੂੰ ਘਸਾਕੇ ਅਗਨੀ ਕਢ ਲੈਂਦੇ ਹਨ ਹੁਣ ਭਾਵ ਕੀ ਕਿ ਜਿਸ ਤਰ੍ਹਾਂ ਸਾਰਿਆਂ ਬ੍ਰਿਛਾਂ ਵਿਚ ਇਕ ਅਗਨੀ ਹੈ ਇਸ ਤਰ੍ਹਾਂ ਵਾਹਿਗੁਰੂ ਸਾਰਿਆਂ ਵਿਚ ਇਕੋ ਹੀ ਹੈ 'ਹੋਰ ਦ੍ਰਿਸ਼ਟਾਂਤ' ਜੈਸੇ ਮਾਲਾ ਦੇ ਮਣਕਿਆਂ ਵਿਚ ਸੂਤ੍ਰ ਇਕੋ ਜੇਹਾ ਹੈ ਭਾਵ ਮਾਲਾ ਵਿਚ ਸੂਤ੍ਰ ਜੈਸੇ ਇਕ ਹੀ ਤੈਸੇ ਸਭ ਮੇਂ ਵਾਹਿਗੁਰੂ ਹੈ । ਹੋਰ ਦ੍ਰਿਸ਼ਟਾਂਤ—ਜੈਸੇ (ਗੋਰਸ) ਸਾਰਿਆਂ ਗਊਆਂ ਦੇ (ਗੋ ਵਿਚ ਗੋਰਸ) ਦੁਧ ਇਕੋ ਜੇਹਾ ਹੈ ਭਾਵ ਗਊਆਂ ਕਈ ਰੰਗਾਂ ਦੀਆਂ ਹੁੰਦੀਆਂ ਹੈ ਪਰ ਦੁਧ ਇਕ ਚਿੱਟੇ ਰੰਗ ਦਾ ਹੀ ਹੁੰਦਾ ਹੈ ਇਸਤ੍ਰਾਂ ਵਾਹਿਗੁਰੂ ਸਭ ਵਿਚ ਇਕ ਹੈ । ਇਸੀਤਰਾਂ ਗੁਰਮੁਖ (ਬਿਬੇਕ) ਵਿਚਾਰਕੇ ਅਨੇਕਾਂ ਵਿਚ ਇਕ ਵਾਹਿਗੁਰੂ (ਪਹਿਚਾਨੀਅ) ਜਾਣਦੇ ਤੇ ਦੇਖਦੇ ਹਨ ॥

ਲੋਚਨ ਸ੍ਰਵਨ ਮੁਖ ਨਾਸਕਾ ਅਨੇਕ ਸੋਤ੍ਰ
ਦੇਖੈ ਸੁਨੈ ਬੋਲੈ ਮਨ ਏਕ ਉਰ ਠਾਨੀਐ ।

ਹੋਰ ਦ੍ਰਿਸ਼ਟਾਂਤ—ਜੈਸੇ (ਲੋਚਨ) ਨੇਤ੍ਰ ਤੇ (ਸ੍ਰਵਨ) ਕੰਨ ਤੇ ਮੁਖ

ਅਤੇ ਨਾਸਕਾ ਜੋ ਇਹ ਜੇਹੇ ਅਨੇਕ (ਸੰਞ) ਇੰਦ੍ਰੇ ਹਨ ਇਨ੍ਹਾਂ ਵਿਚ ਮਨ ਇਸ ਦੀ (ਸੰਗ ਮਿਲਿਆ ਹੋਇਆ (ਉਰ) ਰਿਦੇ ਵਿਚ ਜਾਨੀਐ ਦ੍ਰਿੜ ਕਰਦੇ ਹਨ।

ਭਾਵ

੧ ਲੋਚਨ ਦੇਖੈ=ਨੇਤ੍ਰਾਂ ਵਿਚ ਇਕ ਮਨ ਵੇਖ ਰਿਹਾ ਹੈ॥

੨ ਸ੍ਰਵਨ ਸੁਨੈ=ਕੰਨਾਂ ਵਿਚ ਇਕ ਮਨ ਸੁਣ ਰਿਹਾ ਹੈ ॥

੩ ਮੁਖ ਬੋਲੈ=ਮੁਖ ਕਰਕੇ ਵਾ ਮੂੰਹ ਵਿਚ ਇਕ ਮਨ ਬੋਲ ਰਿਹਾ ਹੈ॥

੪ ਨਾਸਕਾ=ਨਾਸਾਂ ਵਿਚ ਇਕ ਮਨ ਸੁਗੰਧੀ ਲੈ ਰਿਹਾ ਹੈ ਭਾਵ ਜਿਸ ਤਰ੍ਹਾਂ ਮਨ ਸਾਰਿਆਂ ਇੰਦ੍ਰਿਆਂ ਵਿਚ ਪੂਰਨ ਹੈ ਇਸੀ ਤ੍ਰਾਂ ਵਾਹਿਗੁਰੂ ਸਾਰਿਆਂ ਵਿਚ ਪੂਰਨ ਹੈ।

ਗੁਰ ਸਿਖ ਸੰਧਿ ਮਿਲੈ ਸੋਹੰ ਸੋਈ ਓਤਿ ਪੋਤਿ ਜੋਤੀ ਜੋਤਿ ਮਿਲਤ ਜੋਤੀ ਸਰੂਪ ਠਾਨੀਐ॥੭੪॥੧੦੮॥

ਆਪ ਆਖਦੇ ਹਨ ਕਿ ਜਿਨਾ ਦੇ ਆਪ ਨੇ ਐਸੇ ਲਛਨ ਵਰਨਨ ਕੀਤੇ ਹਨ ਵਾ ਜਿਨਾਂ ਗੁਰ ਸਿਖਿਆ ਦੀ (ਸੰਧਿ) ਮਲੌਨੀ ਵਿਚ ਮਿਲਨਾ ਕਰਿਆ ਹੈ ਭਾਵ ਜਿਨਾਂ ਗੁਰਮਖਾਂ ਨੇ ਗੁਰ ਸਿਖਾਂ ਦੀ ਮਿਲੌਨੀ ਵਿਚ ਮਿਲ ਕਰਕੇ (ਸੋਹੰ) ਸੋ ਤੂੰ ਤੇ ਮੈਂ (ਸੋਈ) ਉਸੇ ਹੀ ਵਾਹਿਗੁਰੂ ਨੂੰ ਓਤਿ ਪੋਤਿ) ਅੰਦਰ ਬਾਹਿਰ ਤਾਣੇ ਪੇਟੇ ਵਾਂਗੂ ਅਭੇਦ ਰੂਪ ਜਾਣਿਆ ਹੈ ਜੋਤੀ ਜੋਤਿ) ਵਾਹਿਗੁਰੂ ਦੀ ਜੋਤ ਨਾਲ ਉਨ੍ਹਾਂ ਦੀ ਜੋਤ ਮਿਲ ਗਈ ਇਸੀ ਵਾਸਤੇ ਜੋਤੀ (ਸਰੂਪ) ਵਾਹਿਗੁਰੂ ਦਾ ਰੂਪ ਪੰਛਾਣੇ ਜਾਨ ਲਵੋ ਭਾਵ ਓਹ ਗੁਰਮੁਖ ਵਾਹਿਗੁਰੂ ਦਾ ਰੂਪ ਹੋਗਏ ਤਾਂਤੇ ਉਨ੍ਹਾਂ ਦਾ ਨਾਮ ਗੁਰਦਾਸ ਹੈ ਮੇਰਾ ਨਾਮ ਗੁਰਦਾਸ ਨਹੀਂ। ਮੈਂ ਤਾਂ ਗੁਰਦਾਸਾਂ ਦਾ ਦਾਸ ਤੇ ਦਾਸਾਨ ਦਾਸ ਹਾਂ ॥ ੭੪ ॥ ੧੦੮ ॥

ਗਾਂਡਾ ਮੈ ਮਿਠਾਸ ਤਾਸ ਛਿਲਕਾ ਲੀਓ ਨ ਜਾਇ ਦਾਰਮ ਔ ਦਾਖ ਬਿਖੈ ਬੀਜ ਗਹਿ ਡਾਰੀਐ।

ਆਪ ਆਖਦੇ ਹਨ ਕਿ ਜੇਹੜੇ ਗੁਰਮੁਖ ਜੋਤੀ ਸਰੂਪ ਵਾਹਿਗੁਰੂ ਨਾਲ ਮਿਲ ਕੇ ਜੋਤੀ ਸਰੂਪ ਹੋਏ ਹਨ ਉਨਾਂ ਨਾਲ ਮਿਲਕੇ ਜਨਮ ਨੂੰ ਸਵਾਰ ਲਵੋ ਕਿਉਂ ਕਿ ਉਨ੍ਹਾਂ ਦੀ ਬਾਹਰਲੀ ਕਿਰਿਆ ਦੇਖ ਕੇ ਉਨ੍ਹਾਂ ਵਿਚ ਔਗਨ ਨਾ ਅਰੋਪਨ ਕਰੇ ਅਤੇ ਆਪ ਔਗਨੀ ਨਾ ਬਨੇ ਭਾਵ ਏ ਕਿ ਕਿਰਿਆ ਨਾ ਵੇਖੋ ਉਨ੍ਹਾਂ ਦੀ ਚੇ ਤੂਸੀ ਆਪਣੇ ਜਨਮ ਨੂੰ ਸਵਾਰੋ ਕਿਉਂ ਕਿ ਕਿਸੀ ਦੇ ਗੁਣ ਅੰਦਰ ਹੋਏ ਹਨ ਤੇ ਬਾਹਰਲੀ ਕਿਰਿਆ ਠੀਕ ਨਹੀਂ ਹੁੰਦੀ ਤੇ ਕਿਸੇ ਦੇ ਗੁਣ ਬਾਹਰ ਹੁੰਦੇ ਨੇ ਤੇ ਅੰਦਰਲੀ ਕਿਰਿਆ ਠੀਕ ਨਹੀਂ ਹੁੰਦੀ ਕਿਸੇ ਦੇ ਅੰਦਰ ਬਾਹਰ ਭੀ ਗੁਣ ਨਹੀਂ ਹੁੰਦੇ ਸੋ ਤੁਸੀਂ ਉਹਨਾਂ ਦੀ ਕਿਰਿਆ

ਔਗੁਣਾਂ ਵਾਲੇ ਪਦਾਰਥਾਂ ਬਾਰੇ ਦੱਸਦੇ ਹਨ, ਜਿਸ ਪਰ ਆਪ ਕਥਨ ਕਰਦੇ ਹਨ:—

ਜੈਸੇ (ਗੰਡਾ) ਗੰਨੇ ਵਿਚ (ਮਿਠਾਸ) ਹੈ ਪਰ (ਤ੍ਰਾਸ) ਤਿਸ ਦਾ (ਛਿਲਕਾ) ਛਿਲਕ ਨਹੀਂ ਲਿਆ ਜਾਂਦਾ ਭਾਵ ਗੰਨੇ ਵਿਚੋਂ ਰਹੁ ਲੈਣ ਵਾਲੇ ਤਾਂ ਲੈਂਦੇ ਹਨ ਪਰ ਉਸਦਾ ਛਿਲਕ ਸੁਟ ਦੇਂਦੇ ਹਨ(ਨੋਟ—ਗੰਨੇ ਦਾ ਅੰਦਰਲਾ ਗੁਣ ਹੈ) (ਦਾਰਮ) ਅਨਾਰ ਦਾ ਦਾਣਾ ਤੇ ਦਾਖ ਵਿਚੋਂ ਬੀ(ਗਹਿ) ਪਕੜਕੇ (ਡਾਰੀਐ) ਡਾਰ ਸੁਟ ਦੇਂਦੇ ਹਨ(ਨੋਟ—ਦਾਰਮ ਦਾ ਤੇ ਦਾਖ ਦਾ ਵਿਚਕਾਰਲਾ ਗੁਣ ਹੈ) ਭਾਵ ਬੀਜ ਤੇ ਛਿਲਕ ਸੁਟ ਦੇਈਦੇ ਹੈਂ ॥

ਆਂਬ ਖਿਰਨੀ ਛੁਹਾਰਾ ਮਾਂਝ ਗੁਠਲੀ ਕਠੋਰ
ਖਰਬੂਜਾ ਔ ਕਲੀਂਦਾ ਸਜਲ ਬਿਕਾਰੀਐ ।

(ਆਂਬ)ਅੰਬ ਦੀ ਛਿਲਕ ਤੇ ਗਿਟਕ ਸੁਟ ਦੇਈਦੀਹੈ(ਵਿਚਕਾਰਲਾ ਗੁਣ) (ਖਿਰਨੀ)ਖਿਰਨੀ ਭੀ ਇਕ ਫਲ ਹੋਂਦਾ ਹੈ । (ਅੰਦਰ ਗੁਣ)(ਛੁਹਾਰਾ) ਛੁਹਾਰੇ ਦੀ ਛਿਲਕ ਉਪਰੋਂ ਖਾਈਦੀਹੈ ਤੇ ਗਿਟਕ ਸੁਟ ਦਈਦੀਹੈ ਭਾਵ ਛੁਹਾਰੇ ਦੇ ਉਪਰ ਗੁਣ ਹੈ ਭਾਵ ਇਨ੍ਹਾਂ ਤਿੰਨਾ (ਮਾਂਝ) ਵਿਚ (ਗੁਠਲੀ) ਬੀਜ "ਗਿਟਕ" (ਕਠੋਰ) ਕਰੜੀ ਹੋਂਦੀ ਹੈ ਅਤੇ ਖਰਬੂਜਾ ਤੇ (ਕਲੀਂਦਾ) ਤਰਬੂਜ਼ ਹਦਵਾਣਾ (ਸਜਲ) ਜਲ ਸਹਿਤ ਵਾਲੀ ਵੱਥ ਹੈ ਸੋ ਜਲ ਏਹਨਾਂ ਦੋਹਾਂ ਦਾ (ਬਿਕਾਰੀਐ) ਵਿਕਾਰ ਰੂਪ ਹੀ ਹੈ ਕਿ ਜਲ ਏਨ੍ਹਾਂ ਦੇ ਵਿਚੋਂ ਨਿਕਲਦਾ ਹੈ॥

ਨੋਟ—ਗੱਲਕੇ ਸਾਰਿਆਂ ਫਲਾਂ ਵਿਚ ਹੈ ਪਰ ਏਨ੍ਹਾਂ ਵਿਚ ਜਲ ਵਿਕਾਰ ਰੂਪ ਹੀ ਜਦ ਏਨ੍ਹਾਂ ਨੂੰ ਚੀਰੀਦਾ ਹੈ ਤਾਂ ਜਲ ਵਗਦਾ ਜਾਂਦਾ ਹੈ ਇਨ੍ਹਾਂ ਦੇ ਔਗੁਣ ਅੰਦਰ ਵੀ ਤੇ ਬਾਹਰਵੀ ਹੈ ਭਾਵ ਜਦ ਚੀਰੀਦਾ ਹੈ ਤਾਂ ਪਾਣੀ ਬਾਹਰ ਡਿਗ ਪੈਂਦਾ ਹੈ॥

ਮਧੁ ਮਾਖੀਐ ਮਲੀਨ ਸਮੈ ਪਾਇ ਸਫਲ ਹੈ
ਰਸ ਬਸ ਭਏ ਨਹੀਂ ਤ੍ਰਿਸ਼ਨਾ ਨਿਵਾਰੀਐ ।

ਅਬ ਆਪ ਆਖਦੇ ਹਨ ਕਿ ਭਾਵੇਂ ਸਾਰੇ ਔਗੁਣਾਂ ਵਾਲੇ ਹਨ ਪਰ ਔਗੁਣਾਂ ਵਾਲੇ ਭੀ ਕਿਸੀ ਜਗ੍ਹਾ ਵਕਤ ਸਿਰ ਕੰਮ ਦੇਂਦੇ ਹਨ ਤਿਸ ਪਰ ਕਥਨ ਕਰਦੇ ਹਨ ਕਿ (ਮਧੁ) ਸ਼ਹਿਦ ਭਾਵੇਂ (ਮਾਖੀ) ਮਖੀਆਂ ਕਰਕੇ ਮੈਲਾ ਹੈ ਪਰ ਵਕਤ ਪਾਕੇ, (ਸਫਲ) ਗੁਣਕਾਰੀ ਹੋਂਦਾ ਹੈ ਭਾਵ ਭਾਂਵੇਂ ਮਖੀਆਂ ਦਾ ਮੈਲਾ ਸ਼ਹਿਦ ਹੈ ਪਰ ਫਿਰ ਭੀ ਜਦ ਕੋਈ ਹਕੀਮ ਆਦਿਕ ਵਰਤਦਾ ਕਰ ਲੈਂਦੇ ਹਨ ਤਾਂ ਓਹ ਉਸ ਵਕਤ ਬੜਾ ਕੰਮ ਆਉਂਦਾ ਹੈ ਜਿਸਤੋਂ ਜਾਣਿਆ ਜਾਂਦਾ ਹੈ ਕਿ ਓਹ ਹੋਰ ਜੋ ਮਖੀਆਂ ਹਨ ਜਿਨ੍ਹਾਂ ਦਾ ਹਵਾਲਾ ਆਈਦਾ ਹੈ । ਕਵਿ ਦੇ ਸੁਆਦੀ ਦਾ ਹਾਲ ਦਸਦੇ ਹਨ ਕਿ ਜਦ ਰਸ ਆਪਦਾ ਖਾਕੂ

ਵਾਲਾ ਗੁਰਿਆਂ ਦੇ (ਰਸ) ਅਨੰਦ ਵਿਚ (ਭ੍ਰਮ) ਭਟਕਦਾ ਹੀ ਜਾਂਦਾ ਹੈ ਤੇ (ਨਹੀ ਤ੍ਰਿਸਨਾ ਨਿਵਾਰੀਐ) ਉਸ ਦੀ ਤ੍ਰਿਸ਼ਨਾਂ ਦੂਰ ਨਹੀ ਹੁੰਦੀ ਜਾਂਦੀ ਭਾਵ ਜਦ ਉਸਨੂੰ ਸ਼ਬਦ ਦਾ ਅਨੰਦ ਆਉਂਦਾ ਹੈ ਤਾਂ ਭਾਵੇਂ ਉਸਨੂੰ ਚੰਗੀ ਮਾਗੀਆਂ ਦਾ ਮੇਲਾ ਦਸੇ ਪਰ ਓਹ ਛਡਦਾ ਨਹੀ ਹੈ ਪਰ ਗੁਰੂ ਕੀ ਸਤਿਸੰਗਤ ਵਿਚ ਤੇ ਗੁਰਾਂ ਵਿਚ ਕੋਈ ਭੀ ਔਗੁਣ ਨਹੀ ਹੈ ਇਹਨਾਂ ਨੂੰ ਕੀਕੂੰ ਛਡਿਆ ਜਾਵੇ ਭਾਵ ਕੀ ਕਿ ਜਦ ਔਗੁਣ ਵਾਲੀਆਂ ਵਸਤੂਆਂ ਤਜੀਆਂ ਨਹੀ ਜਾਂਦੀਆਂ ਤਾਂ ਸੁਖਦਾਈ ਗੁਣਾ ਦੇ ਸਮੁੰਦਰ ਕੀਕੂੰ ਛਡੀਏ ॥

ਸ੍ਰੀ ਗੁਰ ਸਬਦ ਰਸ ਅੰਮ੍ਰਿਤ ਨਿਧਾਨ ਪਾਨ
ਗੁਰਸਿਖ ਸਾਧਸੰਗ ਜਨਮ ਸਵਾਰੀਐ ॥੭੫॥੧੦੯

ਪਰ ਸੁਭਾਇਮਾਨ ਗੁਰਾਂ ਵਿਚ ਜੋ (ਸਬਦ) ਉਪਦੇਸ਼ ਰੂਪ ਅੰਮ੍ਰਿਤ ਦਾ (ਨਿਧਾਨ) ਸਮੁੰਦਰ ਹੈ ਉਸਨੂੰ (ਪਾਨ) ਪੀਣਾ ਕਰੇ ਵਾ ਜਿਨਾਂ ਨੇ ਪੀਤਾ ਹੈ ਓਹ (ਰਸ) ਅਨੰਦ ਰੂਪ ਹੋ ਗਏ ਭਾਵ ਗੁਰਾਂ ਦਾ ਉਪਦੇਸ਼ ਸੁਣੋ ਤਾਂ ਤੁਹਾਨੂੰ ਵਾਹਿਗੁਰੂ ਦੇ ਨਾਮ ਦਾ ਅਨੰਦ ਆਵੇਗਾ ॥

(ਸ੍ਰੀ ਗੁਰ ਸਬਦ ਰਸ ਅੰਮ੍ਰਿਤ ਨਿਧਾਨ ਪਾਨ, ਇਹ ਬਿਸਰਾਮ ਸੋਲਾਂ ਅਖਰਾਂ ਦਾ ਹੈ ਪਰ ਕਈ ਜਗਾ ਪਾਠ ਇਸ ਤਰਾਂ ਭੀ ਹੁੰਦਾ ਹੈ (ਸ੍ਰੀ ਗੁਰਸੈ ਸਬਦ ਰਸ ਅੰਮ੍ਰਿਤ ਨਿਧਾਨਪਾਨ) ਸੋ ਇਹ ਬਿਸਰਾਮ ਇਕ ਮਕਾਰਦੇ ਜਾਂਦਾ ਧੋਨਟਾਕ ਟੁਟ ਗਿਆ ॥

ਤਾਂਤੇ ਤੁਸੀ ਗੁਰਾਂ ਦੇ ਸਿਖਾਂ ਦੀ ਸਾਧ ਸੰਗਤ ਵਿਚ ਜਾਕੇ ਜਨਮ ਸਵਾਰੋ ਵਾ ਗੁਰਾਂ ਦੀ ਸਿਖਿਆ ਲੈਕੇ ਜਨਮ ਸਵਾਰੋ ॥ ੭੫ ॥ ੧੦੯ ॥

ਸਲਿਲ ਮੈ ਧਰਨਿ ਧਰਨਿ ਮੈ ਸਲਿਲ ਜੈਸੇ
ਰੂਪ ਅਨਰੂਪ ਕੈ ਬਿਮਲੁ ਜਲ ਛਾਏ ਹੈਂ।

(ਸਿਖ) ਤੁਸਾਂ ਪਿਛਲੇ ਪ੍ਰਸੰਗ ਵਿਚ ਮੈਨੂੰ ਦਸਿਆ ਹੈ ਕਿ ਗੁਣ ਗ੍ਰਾਹੀ ਗੁਣ ਲੈਣ ਵਾਲਾ ਬਣਨਾ ਚਾਹੀਦਾ ਹੈ ਪਰ ਸਾਨੂੰ ਕਿਸ ਤਰਾਂ ਪਤਾ ਲਗੇ ਕਿ ਇਸ ਆਦਮੀ ਵਿਚ ਗੁਨ ਹੈਨ ਯਾ ਨਹੀਂ ॥

(ਭਾਈਜੀ) ਗੁਣ ਹਰ ਇਕ ਦੇ ਛੁਪੇ ਹੋਏ ਹੁੰਦੇ ਹਨ ਪਰ ਜਿਸ ਨੂੰ ਜ਼ਰੂਰਤ ਹੁੰਦੀ ਹੈ ਉਹ ਮਿਹਨਤ ਕਰਕੇ ਕਢ ਲੈਂਦੇ ਹਨ ਜਿਸਤਰਾਂ (ਸਲਿਲ) ਪਾਣੀ (ਮਹਿ) ਧਰਤੀ ਵਿਚ ਹੁੰਦਾ ਹੈ ਅਤੇ (ਧਰਨਿ) ਧਰਤੀ (ਸਲਿਲ) ਜਲ ਵਿਚ ਹੁੰਦੀ ਹੈ ਪਰ ਜਦ ਜਲ ਲੈਣਾ ਹੋਵੇ ਤਾਂ (ਰੂਪ) ਖੂਹ ਨੂੰ (ਅਨਰੂਪ) ਪੁਟਣਾ (ਕੈ) ਕਰੀਏ ਤਾਂ (ਬਿਮਲ) ਉਜਲ (ਜਲ) ਪਾਣੀ (ਛਾਇ) ਇਸਤਰਾਂ ਹੋਣਾ ਹੈ ਭਾਵ ਕੀ ਕਿ ਜਿਸ ਤਰਾਂ ਪਾਣੀ ਧਰਤੀ ਵਿਚ ਤੇ ਧਰਤੀ ਪਾਣੀ ਵਿਚ

ਦੇਂਦੀ ਹੈ ਅਰ ਜਦ ਜਲ ਲੈਣਾ ਹੋਵੇ ਤਾਂ ਜ਼ਮੀਨ ਪੁਟ ਕੇ ਕਢ ਲਈਦਾ ਹੈ ॥

ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ
ਏਕੈ ਜਲ ਘਟ ਘਟ ਘਟਕਾ ਸਮਾਏ ਹੈਂ।

(ਤਾਹੀ) ਤਿਸ ਪਾਣੀ ਕਰਕੇ ਤੇ ਤਿਸ ਮਿਟੀ ਕਰਕੇ ਅਨੇਕਾਂ ਹੀ ਘੜੀਆਂ ਬਣਾਈਆਂ ਇਕੋ ਹੀ ਜਲ (ਘਟ ਘਟ) ਘੜੀਆਂ ਘੜੀਆਂ ਦੇ ਵਿਚ ਦਖਾਈ ਦੇਂਦਾ ਹੈ ਅਥਵਾ (ਘਟਿਕਾ) ਘੜੀਆਂ ਦੇ ਘਟ ਘਟ ਵਿਚ ਪਾਣੀ ਸਮਾਯਾ ਹੋਇਆ ਦਿਖਾਈ ਦਿੰਦਾ ਹੈ ਇਸੀ ਤਰਾਂ ਵਾਹਿਗੁਰੂ ਹੈ ॥

ਜਾਹੀ ਜਾਹੀ ਘਟਿਕਾ ਮੈਂ ਦ੍ਰਿਸ਼ਟਿ ਕੈ ਦੇਖੀਅਤਿ
ਪੇਖੀਅਤ ਆਪਾ ਆਪ ਆਨ ਨ ਦਿਖਾਏ ਹੈਂ।

ਜਿਸ ਦੇ ਘਟਿਕਾ ਘੜੀ ਵਿਚ (ਦ੍ਰਿਸ਼ਟਿ) ਨਜ਼ਰ ਕਰਕੇ ਦੇਖੀਏ ਤਾਂ ਆਪ ਦਾ ਆਪ ਹੀ ਦਿਖਾਈ ਦਿਸਦਾ ਹੈ (ਆਨ) ਹੋਰ ਕੁਝ ਨਹੀਂ ਦਿਖਾਈ ਦਿੰਦਾ। ਭਾਵ ਕੀ ਜਿਸ ਘੜੀ ਵਿਚ ਪਾਣੀ ਹੋਵੇ ਉਹਦੇ ਵਿਚ ਨਜ਼ਰ ਮਾਰੀਏ ਤਾਂ ਅਪਣੀ ਹੀ ਸ਼ਕਲ ਨਜ਼ਰ ਆਉਂਦੀ ਹੈ॥

ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ
ਬ੍ਰਹਮ ਬਿਬੇਕ ਏਕ ਟੇਕ ਠਹਿਰਾਏ ਹੈਂ ॥੭੯॥ ੧੯੦

ਇਸੀ ਤਰਾਂ ਪੂਰਨ ਬ੍ਰਹਮ ਵਾਹਿਗੁਰੂ ਜੋ ਹੈ ਉਸੇ ਨੇ ਹੀ ਏਕੰਕਾਰ ਸਰ ਗੁਨ ਗੁਰੂ ਨਾਨਕ ਸਾਹਿਬ ਦਾ ਅਕਾਰ ਸਰੀਰ (ਕੈ) ਕੀਤਾ ਹੈ ਅਥਵਾ ਨਿਰ ਗੁਣ ਤੋਂ ਸਰਗੁਣ ਰੂਪ ਗੁਰੂ ਓਹੋ ਜੇਹਾ ਹੋਇਆ ਬਿਬੇਕ ਬਿਚਾਰ ਕਰਕੇ ਗੁਰ ਮੁਖਾਂ ਨੇ (ਬ੍ਰਹਮ) ਇਕ ਹੀ ਵਾਹਿਗੁਰੂ ਰਿਦੇ ਵਿਚ ਠਹਿਰਾਇਆ ਹੈ ਭਾਵ ਕੀ ਕਿ ਗੁਰਮੁਖਾਂ ਨੇ ਅਕਾਲ ਪੁਰਖ ਦਾ ਸਰੂਪ ਗੁਰੂ ਨਾਨਕ ਜੀ ਨੂੰ ਮੰਨਿਆ ਹੈ

ਨੋਟ-(ਏਕ ਟੇਕ ਠਹਿਰਾਏ ਹੈ) ਪਾਠ ਇਸ ਤਰਾਂ ਭੀ ਹੋਂਦਾ ਹੈ ਸੋ ਇਸ ਦਾ ਅਰਥ ਭੀ ਇਉਂ ਕਰਦੇ ਹਨ ਕਿ ਐਸੇ ਵਾਹਿਗੁਰੂ ਦੇ ਧਿਆਨ ਦੀ ਟੇਕ ਓਟ ਵਾ ਦ੍ਰਿੜਤਾ ਹਿਰਦੇ ਵਿਚ ਠਹਿਰਾਈ ਹੈ ॥

ਦੂਜਾ ਅਰਥ ਮਾਯਾ ਵਿਚ ਈਸ਼ੁਰ ਤੇ ਈਸ਼ੁਰ ਵਿਚ ਮਾਇਆ ਪਰ ਜੜ੍ਹਤਾ ਨੂੰ ਦੂਰ ਕਰੀਏ ਤਾਂ ਚੇਤਨ ਦੀ ਖਬਰ ਹੋਂਦੀ ਹੈ ਉਸੇ ਚੇਤਨ ਨੇ ਮਾਯਾ ਕਰਕੇ ਘੜੀਆਂ ਬਨਾਈਆਂ ਤੇ ਇਕ ਹੀ ਜਲ ਚੇਤਨ ਹਰੀ (ਘਟਿਕਾ) ਜੀਵ ਰੂਪੀ ਘੜੀਆਂ (ਘਟ ਘਟ) ਰਿਦਿਆਂ ਰਿਦਿਆਂ ਦੇ ਵਿਚ ਨਜ਼ਰ ਆਉਂਦਾ ਹੈ ਜਾਂਦੇ ਸਭ ਮੈਂ ਵਾਹਿਗੁਰੂ ਹੈ ॥੭੯॥ ੧੯੦ ॥

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ

ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ ।

(ਸਿਖ) ਐਸੇ ਜੋ ਵਾਹਿਗੁਰੂ ਦਾ ਸਰੂਪ ਗੁਰੂ ਦਸੇ ਹਨ ਸਭ ਗੁਰਾਂ ਦੇ ਚਰਨਾਂ ਦੀ ਸ਼ਰਨ ਦਾ ਮਹਾਤਮ ਦਸੋ ॥

(ਭਾਈ ਜੀ) ਜਿਹੜਾ ਸਿਖ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ (ਪੈਂਡਾ) ਕਦਮ ਚਲਕੇ ਜਾਂਦਾ ਹੈ । ਸਤਗੁਰੂ ਉਸਨੂੰ ਕਰੋੜਾਂ (ਪੈਂਡਾ) ਕਦਮ ਅਗੇ ਹੋਕੇ ਲੈਣ ਆਉਂਦੇ ਹਨ । ਭਾਵ ਕੀ ਕਿ ਜਿਹੜਾ ਸਿਖ ਇਕ ਕੋਹ ਗੁਰੂ ਦੇ ਦਰਸ਼ਨ ਕਰਨ ਲਈ ਚਲਕੇ ਆਉਂਦਾ ਹੈ ਉਸਨੂੰ ਗੁਰੂ ਕਰੋੜਾਂ ਕੋਹ ਅਗੋਂ ਲੈਣ ਆਉਂਦੇ ਹਨ ਭਾਵ ਕੀ ਕਿ ਰਾਹ ਵਿਚ ਕੋਈ ਵਿਘਨ ਨਹੀਂ ਪੈਣ ਦਿੰਦੇ ॥

ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈਂ ।

ਇਕ ਵਾਰੀ ਗੁਰਾਂ ਦਾ (ਮੰਤ੍ਰ) ਨਾਮ ਮਾਤ੍ਰ ਹੀ (ਸਿਮਰਨ) ਯਾਦ ਕਰਨ ਸੇ ਭਾਵ ਜੇਕਰ ਇਕ ਵਾਰੀ ਗੁਰਾਂ ਦਾ ਨਾਮ ਜਪੀਏ ਤਾਂ ਤਿਸ ਸਿਖ ਨੂੰ ਗੁਰੂ ਬਾਰੰਬਾਰ (ਹੇਤ) ਪ੍ਰੇਮ ਕਰਕੇ (ਸਿਮਰਨ) ਯਾਦ ਕਰਦੇ ਹਨ ॥

ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈਂ ।

(ਭਾਵਨੀ) ਸਰਧਾ ਅਤੇ (ਭਗਤ ਭਾਇ) ਪ੍ਰੇਮਾ ਭਗਤੀ ਕਰਕੇ ਜੋ ਸਿਖ ਗੁਰਾਂ ਦੇ (ਅਗਰ ਭਾਗ) ਅਗੇ ਇਕ ਕੌਡੀ ਰਖੇ ਉਸਨੂੰ ਗੁਰੂ ਸਾਰੇ (ਨਿਧਾਨ) ਰਿਧੀਆਂ ਸਿਧੀਆਂ ਦੇ ਖਜ਼ਾਨੇ (ਦਾਨ) ਬਖਸ਼ ਦੇਂਦੇ ਹਨ ॥

ਸਤਿਗੁਰ ਦਇਆ ਨਿਧਿ ਮਹਿਮਾ ਅਗਾਧ ਬੋਧ
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈਂ ॥੨੭॥੧੧੧

ਸਤਗੁਰ (ਦਇਆ) ਕਿਰਪਾ ਦਾ (ਨਿਧਿ) ਸਮੁੰਦ੍ਰ ਹੈਂ ਇਸ ਵਾਸਤੇ ਉਹਨਾਂ ਦੀ ਮਹਿਮਾ ਦਾ (ਬੋਧ) ਜਾਨਣਾ (ਅਗਾਧ) ਮੁਸ਼ਕਲ ਹੈ ਤੇ ਤਿਸੀ ਕਾਰਨ ਮਨ ਬਾਣੀ ਸਰੀਰ ਕਰਕੇ ਅਸੀਂ ਗੁਰਾਂ ਨੂੰ ਨਮਸਕਾਰ ਕਰਦੇ ਹਾਂ ਵਾ ਤਿਨਾਂ ਕਾਲਾਂ ਮੇਂ ਨਮਸਕਾਰ ਹੋਵੇ ॥ ੨੭ ॥ ੧੧੧॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ
ਉਨਮਨ ਉਨਮਤ ਬਿਸਮ ਬਿਸ੍ਰਾਮ ਹੈ ।

(ਸਿਖ) ਪੁਛੇ ਜੋ ਆਪਣੇ ਗੁਰਮੁਖਾਂ ਦਾ ਹਾਲ ਦਿਸਿਆ ਹੈ ਕਿ ਜੋ ਗੁਰਾਂ ਦੀ

ਸ਼ਰਨ ਆਏ ਉਨ੍ਹਾਂਨੂੰ ਸਰੂਪ ਰੂਪ ਮਿਲਿਆ ਪਰ ਫੇਰ ਕਿਹਾ ਬਚਨ ਮਿਲਿਆ ਸੋ ਭੀ ਆਪ ਵਿਸਥਾਰ ਕਰਕੇ ਦਸੋ ॥

ਭਾਈ ਜੀ- ਗੁਰਾਂ ਦੇ ਚਰਨ ਕਮਲਾਂ ਦਾ ਜੋ ਪ੍ਰੇਮ ਰਸ ਅੰਮ੍ਰਿਤ ਸੀ ਉਸ ਨੂੰ (ਪਾਨ) ਪੀ ਕੇ ਓਹ ਗੁਰਮੁਖ ਪੂਰਨ (ਨਿਧਾਨ) ਸਮੁੰਦ੍ਰ ਦਾ ਰੂਪ ਹੋਏ ਭਾਵ ਇਹ ਕਿ ਗੁਰਮੁਖ ਗੁਰਾਂ ਦੇ ਚਰਨੀ ਲਗਕੇ ਗੁਰੂ ਰੂਪ ਹੋਗਏ। ਅਤੇ ਇਹ ਗੁਰਾਂ ਦੇ ਚਰਨਾਂ ਤੇ ਬੇਮੁਖ ਨਹੀਂ [illegible] ਸਗਮਾ (ਬਿਸਮ) ਅਸਚਰਜ (ਬਿਗ੍ਯਾਨ) ਕਰਕੇ ਫੂਲੇ ਹੋਏ ਹਨ ਗੁਰਾਂ ਦੇ ਚਰਨਾਂ ਵਿਚ ਅਤੇ (ਉਨਮਨ) ਤੁਰੀਆ ਪਦ ਵਾਹਿਗੁਰੂ ਵਿਚ (ਉਨਮਤ) ਮਸਤ ਹੋਇ ਰਹਿੰਦੇ ਹਨ ॥

ਆਤਮ ਤਰੰਗ ਬਹੁ ਰੰਗ ਅੰਗ ਅੰਗ ਛਬਿ
***ਅਨਿਕ ਅਨੂਪ ਰੂਪ ਊਪ ਕੈ ਪ੍ਰਗਾਸ ਹੈ ।**

ਸਿਖ-ਆਪਨੇ ਗੁਰਮੁਖਾਂ ਨੂੰ ਸਮੁੰਦ੍ਰ ਗੁਰਾਂ ਦਾ ਰੂਪ ਬਨਾਇਆ ਪਰ ਇਸ ਦਾ ਕੋਈ ਦ੍ਰਿਸ਼ਟਾਂਤ ਭੀ ਕਹੋ ਜਿਸਤ੍ਰਾਂ ਮੈਨੂੰ ਪਤਾ ਲਗੇ ॥

ਭਾਈ ਜੀ—ਆਪ ਆਖਦੇ ਹਨ ਕਿ ਆਤਮਾ ਰੂਪੀ ਜੋ ਸਮੁੰਦ੍ਰ ਹੈ ਇਸ ਦੇ (ਅਨਿਕ) ਅਨੇਕਾਂ ਹੀ (ਤਰੰਗ ਜੀਵਾਂ ਰੂਪੀ ਹਨ ਸੋ ਬਹੁਤ (ਰੰਗ) ਰੰਗਾਂ ਕਰਕੇ ਜੋ ਗੁਰਮੁਖਾਂ ਦੇ ਅੰਗ ਅੰਗ ਛਬਿ ਦੇ ਰਹੇ ਨੇ ਭਾਵ ਵਾਹਿਗੁਰੂ ਵਿਚ ਜੀਵਾਂ ਨੂੰ ਆਉਣ ਜਾਣ ਵਾਲਾ ਸਮਝਦੇ ਨੇ ਤੇ ਵਾਹਿਗੁਰੂ ਨੂੰ ਇਸਥਿਰ ਸਮਝਦੇ ਹਨ ਇਸ ਵਾਸਤੇ ਗੁਰਮੁਖਾਂ ਦੇ ਅੰਗ ਅੰਗ ਸੋਭਾ ਦੇ ਰਹੇ ਹਨ ਸੋ ਇਹੋ ਹੀ ਸਮੁੰਦ੍ਰ ਦੇ ਤਰੰਗ ਨੇ ਤੇ (ਅਨੂਪ) ਸੁੰਦਰ ਰੂਪ ਜੋ ਹੈ ਸੰਤਾਂ ਦਾ ਇਹ (ਊਪ) ਉਪਮਾ ਪ੍ਰਕਾਸ਼ ਵਾਲੀ ਹੈ ਸੰਤਾਂ ਰੂਪੀ ਸਮੁੰਦ੍ਰ ਦੀ ॥

ਸ੍ਵਾਦ ਬਿਸਮਾਦ ਬਹੁ ਬਿਬਿਧ ਸੁਰਤ *ਸੁਰਕ
ਰਾਗ ਨਾਦ ਬਾਦ ਬਹੁ ਬਾਸਨਾ ਸੁਬਾਸ ਹੈ ।

ਸਿਖ—ਸਮੁੰਦ੍ਰ ਦੇ ਪਾਣੀ ਦਾ ਕੁਝ ਸ੍ਵਾਦ ਭੀ ਹੁੰਦਾ ਹੈ ਸੋ ਭੀ ਮੈਨੂੰ ਵਰਨਨ ਕਰਕੇ ਦਸੋ ॥

ਭਾਈ ਜੀ—ਸਮੁੰਦ੍ਰ ਦਾ ਇਸ਼ਨਾਨ ਕਰਕੇ ਅਸਚਰਜ ਅਨੰਦ ਹੁੰਦਾ ਹੈ ਪਰ ਇਧਰ ਏਹੋ ਹੀ ਬਹੁਤ ਬਿਬਿਧ ਤਰਾਂ ਦਾ (ਸ੍ਵਾਦ) ਅਨੰਦ ਹੈ ਜੋ (ਬਿਸਮਾਦ) ਅਸਚਰਜ ਗੁਰਾਂ ਦੇ ਚਰਨਾਂ ਮੇ (ਸੁਰਤ) ਗਗਾਤ ਦਾ ਸ੍ਰੇਸ਼ਟ ਪ੍ਰੀਤੀ ਕਰਨੀ ਹੈ ਤੇ

---

* ਅਰਥ ਵਿਚ ਅਨਿਕ ਪਿਛੇ ਲਗਾ ਹੈ ॥

੧ ਸਰਬ ਇਹ ਅੱਖਰ ਪਾਠ ਵਿਚ ਪੱਛੇ ਅਤੇ ਮਾਤਬਰ ਵਿਚ ਅਗੇ ਭੀ ਨਹੀ ਲਗਾ ਪਾਠ (ਸੁਰਤ) ਦੀ ਜਗਾ ਸੁਰਕ ਭੀ ਹੁੰਦਾ ਹੈ ਸੋ ਇਸਦਾ ਸਹਿਤ ਅਨੰਦ ਦੇ ਅਰਥ ਕਰ ਲੈਣਾ ਚਾਹੀਏ ॥

ਚਰਨਾਂ ਵੀ ਹੁੰਦੀਆਂ ਹਨ ਸਮੁੰਦ੍ਰ ਦੇ ਪਾਣੀ ਭਰੀਆਂ ਸੋ ਕੰਰਸ਼ੀਆਂ ਹਨ ਜਿਸ ਦੀ ਉਪਜ ਕਰਦੇ ਹਨ (ਸਰੂਬ) ਸਾਰੇ ਜੋ (ਰਾਗ ਸ਼ਬਦ ਕੀਰਤਨ ਦੇ (ਨਾਦ) ਵਾਜੇ (ਬਾਦ) ਵਜਦੇ ਹਨ ਓਹੋ ਹੀ (ਸੁਬਾਸ) ਸ੍ਰੇਸ਼ਟ ਵਾਸਨਾ ਵਗਦੀ ਹੈ ਭਾਵ ਗੁਰਾਂ ਦੇ ਪਾਸ ਰਾਗ ਦਾ ਸ਼ਬਦ ਕੀਰਤਨ ਹੁੰਦਾ ਹੈ ਅਤੇ ਸਮੁੰਦ੍ਰ ਵਿਚ (ਨਾਦ) ਸ਼ਬਦ ਪਾਣੀ ਦਾ (ਬਾਦ) ਵਜਦਾ ਕਿਆ ਹੁੰਦਾ ਹੈ ਅਤੇ ਓਧਰ ਵੀ ਵਾਸਨਾਂ ਹੁੰਦੀ ਹੈ ਸੋ ਗੁਰਾਂ ਦੇ ਚਰਨਾਂ ਵਿਚ ਵੀ ਸ੍ਰੇਸ਼ਟ ਭਗਤੀ ਹੁੰਦੀ ਹੈ ॥

ਪਰਮਦ ਭੂਤ ਬ੍ਰਹਮਾਸਨ ਸਿੰਘਾਸਨ ਮੈ
ਸੋਭਾ ਸਭ ਮੰਡਲ ਅਖੰਡਲ ਬਿਲਾਸ ਹੈ ॥੭੮॥ ੧੧੨

(ਪਰਮਦਭੁਤ) ਅਸਚਰਜ (ਬ੍ਰਹਮਾਸਨ) ਬ੍ਰਹਮ ਜੋ ਹੈ ਇਹੋ ਹੀ (ਸਿੰਘਾ ਸਨ) ਤਖਤ ਹੈ ਅਤੇ ਇਸ ਵਿਚ ਆਸਨ ਲਗਾਕੇ ਇਸਥਿਤ ਹੁੰਦੇ ਹਨ ਭਾਵ ਵਾਹਿਗੁਰੂ ਦੇ ਨਾਮ ਵਿਚ ਮਨ ਨੂੰ ਬੈਠਾਉਂਦੇ ਨੇ ਕਿਆ ਨਾਮ ਜਪਦੇ ਨੇ॥ (ਸਿਖ) ਆਪਣੇ ਗੁਰਮੁਖਾਂ ਨੂੰ ਵਿਸ਼ਨੂੰ ਰੂਪ ਬਨਾ ਦਿਤਾ ਭਾਵ ਕੀ ਸਮੁੰਦ੍ਰ ਵਿਚ ਹੀ ਵਿਸ਼ਨੂੰ ਨਿਵਾਸ ਕਰਦਾ ਹੈ। ਇਸਤਰਾਂ ਗੁਰਮੁਖਾਂ ਦੀ ਸੋਭਾ ਮੰਡਲਾਂ ਸਾਰਿਆਂ ਵਿਚ ਹੋ ਰਹੀ ਹੈ ਅਤੇ (ਅਖੰਡਲ) ਇਕ ਰਸ (ਬਿਲਾਸ) ਆਨੰਦ ਉਹਨਾਂ ਨੂੰ ਪ੍ਰਾਪਤ ਹੋਇਆ ਹੈ ਵਾ ਅਖੰਡਲ ਇੰਦ੍ਰ ਵੀ ਉਹਨਾਂ ਅਗੇ (ਬਿਲਾਸ) ਐਵੇਂ ਗਲ ਬਾਤ ਹੈ ਕਿਆ ਤੁਛ ਹੈ ਭਾਵ ਗੁਰਮੁਖਾਂ ਨੂੰ ਇੰਦ੍ਰ ਨਾਲੋਂ ਬਹੁਤ ਅਨੰਦ ਹੈ ॥ ੭੮ ॥ ੧੧੨ ॥

ਬਰਖਾ ਵੈਤੈ ਜੈਤੈ ਜੈਸੇ ਵੈਦ ਉਪਚਾਰ ਕਰੈ
ਬਰਥਾ ਬਿਰਤਾਂਤ ਸੁਨ ਹਰੈ ਦੁਖ ਰੋਗ ਕੋ।

ਜੈਸੇ ਜੋ ਮਹਾਤਮਾ ਸੰਸਾਰੀ ਜੀਵਾਂ ਨਾਲ ਮਿਲੌਣੀ ਰਖਦੇ ਹਨ ਸੋ ਇਕ ਪਰ ਉਪਕਾਰ ਵਾਸਤੇ ਰਖਦੇ ਹਨ ਹੋਰ ਉਨ੍ਹਾਂ ਨੂੰ ਕੁਝ ਜ਼ਰੂਰਤ ਨਹੀਂ ਹੈ ਰੋਗੀ ਜੋ ਪੀੜਾ ਵਾਲਾ ਆਦਮੀ ਹੈ ਉਸ ਨਾਲ ਹਕੀਮ ਦਾ ਜੋ ਮੇਲ ਹੈ ਸੋ ਪਰ ਉਪਕਾਰ ਸੁਖ ਦਾ ਕਾਰਨ ਹੈ ਭਾਵੇਂ ਫੀਸ ਆਦਕ ਲੈਕੇ ਹੀ ਰਾਜੀ ਕਰਦਾ ਹੈ ਪਰ ਫਿਰ ਵੀ ਸੁਖ ਦਾ ਕਾਰਨ ਹੈ ਜੈਸੇ (ਵਸਤਾਵੈਤੈ) ਪੀੜਾ ਵਾਲੇ (ਜੈਤੈ) ਆਦਮੀ ਦਾ (ਉਪਚਾਰ) ਇਲਾਜ (ਬੈਦ) ਹਕੀਮ ਕਰਦੇ ਹਨ ਪਰ ਉਸਦੀ (ਬਰਥਾ) ਪੀੜਾ ਦਾ (ਬਿਰਤਾਂਤ) ਹਾਲ ਸੁਣਕੇ ਉਸ ਰੋਗੀ ਦੇ (ਦੁਖ) ਦੁਖਦਾਈ ਰੋਗ ਨੂੰ (ਹਰੈ) ਨਾਸ ਕਰਦਾ ਹੈ ਇਸੀ ਤਰਾਂ ਗੁਰਮੁਖ ਹੰਗਤਾ ਮਮਤਾ ਰੋਗ ਜੀਵਾਂ ਦਾ ਦੂਰ ਕਰਦੇ ਹਨ ਪਰ ਅਗੋਂ ਕੋਈ ਆਪ ਸਿਆਣਾ ਨਾ ਬਣੇ ਆਪਣੇ ਆਪਨੂੰ ਨਿੰਮ੍ਰਤੀ ਭੂਤ ਕਰੇ ॥

ਜੈਸੇ ਮਾਤਾ ਪਿਤਾ ਹਿਤ ਚਿਤ ਕੈ ਮਿਲਤ ਸੁਤੈ

ਖਾਨ ਪਾਨ ਪੋਖ ਤੋਖ ਹਰਤ ਹੈ ਸੋਗ ਕੋ ॥

ਜੈਸੇ ਮਾਤਾ ਪਿਤਾ (ਸੁਤੈ) ਪੁਤ੍ਰ ਨਾਲ ਹਿਤ ਕਰਕੇ, ਹਿਤ, ਪ੍ਰੇਮ ਕਰਦੇ ਭਾਵ ਮਿਲਕੇ ਪ੍ਰੇਮ ਕਰਦੇ ਹਨ। (ਖਾਨ) ਖੁਰਾਕ ਕੇ ਅੰਨ ਆਦਕ (ਪੋਖ) ਪਾਲਦੇ ਹਨ ਤੇ (ਪਾਨ) ਪਿਆ ਕਰਕੇ ਦੁਧ ਆਦਕ (ਤੋਖ) ਪ੍ਰਸੰਨ ਕਰਦੇ ਹਨ ਅਤੇ ਸਭ ਪਕਾਰ ਦੇ ਪੁਤ੍ਰ ਦੇ ਸੋਕਾਂ ਨੂੰ (ਹਰਤ) ਨਾਸ ਕਰਦੇ ਹਨ ਇਸੀ ਤਰਾਂ ਗੁਰਮੁਖ ਪਰ ਉਪਕਾਰ ਕਰਦੇ ਹਨ ॥

†ਬਿਰਹਨੀ ਬਨਿਤਾ ਕੌ ਜੈਸੇ ਭਰਤਾਰ ਮਿਲੈ
ਪ੍ਰੇਮਰਸ ਕੈ ਹਰਤ ਬਿਰਹ ਬਿਯੋਗ ਕੋ ॥

ਜੈਸੇ (ਬਿਰਹਨੀ) ਵਿਛੋੜੇ ਵਾਲੀ (ਬਨਿਤਾ) ਨਾਇਕਾ ਨੂੰ ਪਤੀ ਮਿਲਦਾ ਹੈ ਤੇ (ਪ੍ਰੇਮ ਰਸ) ਪ੍ਰੇਮ ਕਰਕੇ ਅਨੰਦ ਕਰ ਦੇਂਦਾ ਹੈ ਤੇ (ਬਿਰਹ) ਵਿਛੋੜੇ ਦੀ (ਬਿਯੋਗ) ਪੀੜਾ ਨੂੰ (ਹਰਤ) ਨਾਸ ਕਰ ਦੇਂਦਾ ਹੈ ਭਾਵ ਵਿਛੋੜੇ ਵਾਲੀ ਇਸਤ੍ਰੀ ਨੂੰ ਪਤੀ ਮਿਲਕੇ ਆਨੰਦ ਕਰ ਦੇਂਦਾ ਹੈ ਭਾਂਤੇ ਪਤੀ ਦਾ ਮਿਲਾਪ ਸੁਖ ਦਾ ਕਾਰਨ ਸੋ ਇਸੀ ਤਰਾਂ ਗੁਰਮੁਖ ਮਿਲਕੇ ਸੁਖ ਕਰ ਦੇਂਦੇ ਹਨ ॥

ਤੈਸੇ ਹੀ ਬਿਬੇਕੀ ਜਨ ਪਰ ਉਪਕਾਰ ਹੇਤ
ਮਿਲਤ ਸਲਿਲ ਗਤਿ ਸਹਜ ਸੰਜੋਗ ਕੋ।੨੯।।੨੧੩।।

ਤੈਸੇ ਹੀ (ਬਿਬੇਕੀ) ਵਿਚਾਰਵਾਨ (ਜਨ) ਸੰਤ ਪਰਉਪਕਾਰ (ਹੇਤ) ਵਾਸਤੇ ਮਿਲਦੇ ਹਨ (ਸਲਿਲ) ਪਾਣੀ ਦੇ (ਗਤਿ) ਵਾਂਗੂੰ ਸਹਜੇ ਹੀ (ਸੰਜੋਗ) ਮਿਲਕੇ ਸੁਖ ਦਿੰਦੇ ਹਨ ਭਾਵ ਪਾਨੀ ਦੀ ਨਿਆਂਈ ਗੁਰਮੁਖ ਮਿਲਕੇ ਪਰਉਪਕਾਰ ਕਰਦੇ ਹਨ ਅਤੇ ਜੀਵਾਂ ਦਾ ਉਧਾਰ ਕਰਦੇ ਹਨ ਜੈਸੇ ਜਲ ਚਲਦਾ ਹੈ ਤਾਂ ਉਸਨੂੰ ਪੀ ਕੇ ਕਈ ਤ੍ਰਿਖਾ ਦੂਰ ਕਰਦੇ ਹਨ ਕਈ ਬਸਤ੍ਰ ਧੋਂਦੇ ਹਨ ਇਸ ਤਰਾਂ ਗੁਰਮੁਖ ਜਿਥੇ ਦੀ ਜਾਂਦੇ ਹਨ ਉਥੋਂ ਦੇ ਜੀਵਾਂ ਦਾ ਉਧਾਰ ਕਰਦੇ ਜਾਂਦੇ ਹਨ।

ਬਿਰਥਾਵੰਤੈ ਬੈਦ ਰੂਪ ਜਾਚਿਕ ਦਾਤਾਰ ਗਤਿ
ਕਾਹਰੈ ਬਰਾਧਾਰੀ ਹੋਇ ਮਾਤ ਪਿਤਾ ਪੂਤ ਕੌ।

ਵਿਚਾਰਵਾਨਾਂ ਦਾ ਮੇਲ

(ਬਿਰਥਾ ਵੰਤੇ) ਪੀੜਾ ਵਾਲੇ ਰੋਗੀ ਨੂੰ (ਬੈਦ) ਹਕੀਮ ਰੂਪ ਹੋਕੇ ਮਿਲਦੇ ਹਨ ਅਤੇ (ਜਾਚਕ) ਮੰਗਤੇ ਨੂੰ ਦਾਤਾ ਰੂਪ ਹੋਕੇ ਮਿਲਦੇ ਹਨ (ਗਤਿ) ਵਾਂਗੂ

---

†ਬਿਰਹਨੀ ਆਦਕ ਨਾਇਕਾ ਦੇ ਪਤੀ ਹੋਣੇ ਭਾਂ ਸਭਾ ਪ੍ਰਕਾਰ ਸ਼ਿੰਗਾਰ ਮਿਲੇ ਦਾ ਰਸ ਪ੍ਰਬੰਧ ਆਦਿਕ ਤੋਂ ਵਿਚ ਲਾਵਦੇ ਹੈ ॥

ਜਾ ਮਿਲਦੇ ਨੇ (ਗਾਹਕੋ) ਸੌਦੇ ਵਾਲੇ ਨੂੰ (ਜਨਾਪਖੀ) ਸੌਦਾਗਰ ਹੋਕੇ ਮਿਲ ਦੇ ਨੇ ਭਾਵ ਜੋ ਸੌਦਾ ਵੇਚਨ ਵਾਲਾ ਹੈ ਉਸਨੂੰ ਖਰੀਦਨ ਵਾਲੇ ਹੋਕੇ ਮਿਲਦੇ ਨੇ ਅਤੇ ਪੁਤ੍ਰ ਨੂੰ ਮਾਤਾ ਪਿਤਾ ਰੂਪ ਹੋਇਕੇ ਮਿਲਦੇ ਨੇ ਉਸਦਾ ਇਸ ਤੁਕਾਂ ਦਾ ਅਰਥ ਹੈ ਕਿ ਪੀੜਾ ਵਾਲਾ ਹਕੀਮਨੂੰ ਚਾਹੁੰਦਾ ਹੈ ਮੰਗਤਾ ਦਾਤੇਨੂੰ ਲੋੜਦਾ ਹੈ ਤੇ ਸੌਦਾ ਵੇਚਨ ਵਾਲਾ (ਗਾਹਕੋ) ਖਰੀਦਨ ਵਾਲੇ ਨੂੰ ਚਾਹੁੰਦਾ ਹੈ ਤੇ ਪੁਤ੍ਰ ਮਾਂ ਬਾਪ ਨੂੰ ਲੋੜਦਾ ਹੈ ॥

ਨਾਰ ਭਰਤਾਰ ਬਿਧ ਮਿਤ੍ਰ ਮਿਤ੍ਰਤਾਈ ਰੂਪ
ਸੁਜਨ ਕੁਟੰਬ ਸਖਾ ਭਾਇ *ਚਾਹਿ ਸੂਤ ਹੈ ॥

ਇਸਤ੍ਰੀ ਨੂੰ ਪਤੀ ਦੀ (ਬਿਧਿ) ਨਿਆਂਈਂ ਮਿਲਦੇ ਹਨ ਗਿਆਨੀ ਆਖਦੇ ਹਨ ਕਿ ਜੈਸੇ ਪਤੀ ਇਸਤ੍ਰੀ ਨੂੰ ਸੁਖ ਦੇਂਦਾ ਹੈ ਇਸਤਰਾਂ ਓਹ ਗੁਰਮੁਖ ਜੀਆਂ ਨੂੰ ਸੁਖ ਦੇਂਦੇ ਹਨ ਸੋ ਇਸਵਿਚ ਦੂਸਨ ਆਉਂਦਾ ਹੈ ਤਾਂਤੇ ਹੋਰ ਅਰਥ ਕੀਤਾ ਜਾਂਦਾ ਦੋਸਤ ਨੂੰ ਮਿਤ੍ਰਤਾਈ ਰੂਪ ਹੋ ਕੇ ਮਿਲਦੇ ਹਨ (ਸੁਜਨ) ਸਜਨ ਤੇ (ਕੁਟੰਬ) ਟਬਰ ਤੇ (ਸਖਾ) ਨਜ਼ਦੀਕੀ ਯਾਰ ਇਹ ਸਾਰੇ (ਭਾਇ) ਪ੍ਰੇਮ ਕਰਕੇ (ਚਾਹਿ) ਚਾਹੁੰਦੇ ਹਨ (ਸੂਤ) ਮਰਯਾਦਾ ਨੂੰ ਭਾਵ ਆਪੋ ਆਪਣੀ ਮਰਯਾਦਾ ਲੋੜਦੇ ਹਨ ਭਾਵ ਇਸਤ੍ਰੀ ਪਤੀ ਨੂੰ ਲੋੜਦੀ ਹੈ ਤੇ ਮਿਤ੍ਰ ਮਿਤ੍ਰਤਾਈ ਲੋੜਦਾ ਤੇ ਸੱਜਨ ਸਜਨ ਨੂੰ ਲੋੜਦਾ ਹੈ ਤੇ ਕੁਟੰਬ ਆਪਣੇ ਸੁਖ ਨੂੰ ਚਾਹੁੰਦੇ ਹਨ ਤੇ ਸਖਾ ਆਪਣੀ ਸਖਾਈ ਨੂੰ ਚਾਹੁੰਦਾ ਹੈ ਇਤਿਆਦਿਕ ਸਭ ਅਪਣੀ ੨ ਮਿਰਯਾਦਾ ਨੂੰ ਚਾਹੁੰਦੇ ਹਨ ॥

ਲੋਗਨ ਮੈਂ ਲੋਗਾ ਚਾਰ ਬੇਦਨ ਮੈ ਬੇਦਾ ਚਾਰ
ਗਯਾਨ ਗੁਰ ਏਕੰਕਾਰ ਅੰਧੂਤ ਅੰਧੂਤ ਹੈ ॥

ਇਸ ਤਰਾਂ ਲੋਕਾਂ ਵਿਚ ਲੋਗਾਚਾਰ ਲੋਕ ਕਰਤੂਤ ਲੋਕਾਂ ਵਾਲੇ ਕਰਮ ਹਨ ਭਾਵ ਕੀ ਕਿ ਲੋਕ ਆਖਦੇ ਹਨ ਅਸਾਡਾ ਨਕ ਨਹੀਂ ਰਹਿੰਦਾ ਜਿਨਾ ਚਿਰ ਅਸੀ ਇਹ ਮਰਯਾਦਾ ਨਾ ਕਰ ਲਈਏ ਇਸ ਵਾਸਤੇ ਇਨ੍ਹਾਂ ਵਿਚ ਆਪਣੀ ਮਿਲੌਨੀ ਮਿਲੀ ਰਹਿੰਦੀਹੈ ਭਾਵ ਆਪੋਆਪਣਾ ਕਰਮ ਕਰਦੇਹਨ ਤੇ ਵੇਦਾਂ ਵਿਚ ਵੇਦਾਂ ਵਾਲੇ ਕਰਮ ਕਥਨ ਕਰੇ ਹੋਏ ਹਨ ਜੁ ਵੇਦਾਂ ਵਿਚੋਂ ਵੇਦ ਵਿਹਦ ਮਿਲ ਆ ਹੋਇਆ ਹੈ ਤੇ ਵਿਚਾਰ ਵਿਚ ਵੇਦ ਮਿਲੇ ਹੋਏ ਹਨ ਅਸਾਂ ਕਰਮ ਥਾਪ ਦੇਵ

---

*ਚਾਹਿ ਨਾਮ ਅਨੰਦ ਦਾ ਹੈ ਪਰ ਪੀਛੇ "ਚਾਹੁੰਦੇ" ਇਸਤਰਾਂ ਅਰਥ ਹੈ ਸੋ ਕਰਮਾਹ ਇਸਤਰਾਂ ਹੁੰਦਾ ਹੈ (ਚਾਹਿ) ਤੇ ਇਹ ਵਿਚਾਰ ਨਾਲਹੈ ਪਰ ਇਸਦਾ ਅਰਥ ਐਉਂ ਕਰਨਾ ਚਾਹੀਏ ਕਿ (ਸੂਤ) ਮਰਯਾਦਾ ਮਿਲੌਨੀ ਦਾ (ਚਾਹਿ) ਅਨੰਦ ਮਾਣਦੇ ਹਨ ॥